ਬਾਰਹਮਾਹਾ
ਕੱਤਕ

ਸੰਤ ਵਰਿਆਮ ਸਿੰਘ ਜੀ

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥
ਖਿਨ ਮਹਿ ਕਉੜੇ ਹੋਏ ਗਏ ਜਿਤੜੇ ਮਾਇਆ ਭੋਗ॥
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥
ਅੰਗ - 135

ਈਘੈ ਨਿਰਗੁਨ ਊਘੈ ਸਰਗੁਨ
ਕੇਲ ਕਰਤ ਬਿਚਿ ਸੁਆਮੀ ਮੇਰਾ॥
ਨਗਰ ਮਹਿ ਆਪਿ ਬਾਹਰਿ ਫੁਨਿ ਆਪਨ
ਪ੍ਰਭ ਮੇਰੇ ਕੋ ਸਗਲ ਬਸੇਰਾ॥
ਆਪੇ ਹੀ ਰਾਜਨੁ ਆਪੇ ਹੀ ਰਾਇਆ
ਕਹ ਕਹ ਠਾਕੁਰੁ ਕਹ ਕਹ ਚੇਰਾ॥
ਕਾ ਕਉ ਦੁਰਾਉ ਕਾ ਸਿਉ ਬਲਬੰਚਾ
ਜਹ ਜਹ ਪੇਖਉ ਤਹ ਤਹ ਨੇਰਾ॥
ਸਾਧ ਮੂਰਤਿ ਗੁਰੁ ਭੇਟਿਓ ਨਾਨਕ
ਮਿਲਿ ਸਾਗਰ ਬੂੰਦ ਨਹੀ ਅਨ ਹੇਰਾ॥ ਅੰਗ - 827

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ, ਭਾਵੇਂ ਕੰਮ ਦਾ ਬਹੁਤ ਇਕ ਦਮ ਜ਼ੋਰ ਪਿਆ ਹੋਇਆ ਹੈ, ਹਾੜੀ ਦੀ ਬਿਜਾਈ, ਧਾਨਾਂ ਦੀ ਕਟਾਈ, ਫੇਰ ਵੀ ਬਹੁਤ ਸਾਰੇ ਪ੍ਰੇਮੀ ਦੂਰ ਦਰਾਜ਼ ਤੋਂ ਚੱਲ ਕੇ ਆਪਣੇ ਭਾਗਾਂ ਤੇ ਕਰਮਾਂ ਦੇ ਅਨੁਸਾਰ ਵਾਹਿਗੁਰੂ ਦੀ ਬਖਸ਼ਿਸ਼ ਦੇ ਰਾਹੀਂ ਸੰਗਰਾਂਦ ਦਾ ਸਮਾਗਮ ਮਨਾਉਣ ਵਾਸਤੇ ਗੁਰੂ ਦਰਬਾਰ ਵਿਚ ਸਸ਼ੋਭਤ ਹੋਏ ਨੇ।

ਸੇਵਾ ਤੇ ਸਿਮਰਨ ਗੁਰੂ ਘਰ ਦੇ ਵਿਚ ਇਸ ਤਰ੍ਹਾਂ ਹਨ ਜਿਵੇਂ ਇਕ ਜਹਾਜ਼ ਦੇ ਦੋ ਫੰਘ ਹੋਇਆ ਕਰਦੇ ਨੇ। ਸੋ ਸੇਵਾ ਦੇ ਵਾਸਤੇ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ -

ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥
ਕਹੁ ਨਾਨਕ ਬਾਹ ਲੁਡਾਈਐ॥ ਅੰਗ - 26

ਜੇ ਸੰਸਾਰ 'ਚ ਆ ਕੇ ਕੋਈ ਸੇਵਾ ਕਰਦਾ ਹੈ ਤਾਂ ਉਹਦਾ ਨਤੀਜਾ ਕੀ ਹੁੰਦਾ ਹੈ? ਉਸ ਨੂੰ ਦਰਗਾਹ ਦੇ ਵਿਚ ਥਾਂ ਮਿਲਦਾ ਹੈ। ਜੇ ਸੇਵਾ ਨਹੀਂ ਕਰਦਾ ਤਾਂ ਕਹਿੰਦੇ ਉਹਦੇ ਤਾਂ ਜਿਹੜੇ ਹੱਥ ਪੈਰ ਨੇ ਧਿਰਕਾਰਯੋਗ ਨੇ।

ਹੱਥ ਵੀ ਤੇ ਪੈਰ ਵੀ ਸੌ ਵਾਰੀ ਫਿੱਟੇ ਮੂੰਹ ਕਹੋ, ਇਕ ਵਾਰੀ ਧਿਰਕਾਰ ਕਹਿ ਦਓ, ਬਰਾਬਰ ਹੋਇਆ ਕਰਦਾ ਹੈ। ਕਹਿੰਦੇ ਉਹਦੇ ਹੱਥਾਂ ਪੈਰਾਂ ਨੂੰ ਕੀ ਕਰਨਾ ਹੈ, ਉਹਦਾ ਸਰੀਰ ਮਿਥਿਆ ਹੈ, ਜੇ ਸੇਵਾ ਨਹੀਂ ਕਰਦਾ। ਸੋ ਸੇਵਾ ਤੇ ਸਿਮਰਨ ਮਹਾਰਾਜ ਨੇ ਬਰਾਬਰ ਰੱਖੇ ਨੇ।

ਕੱਤਕ ਦੇ ਮਹੀਨੇ ਬਾਰੇ ਮਹਾਰਾਜ ਕੀ ਕਹਿੰਦੇ ਨੇ ਇਹਨੂੰ ਸਮਝਣ ਦਾ ਯਤਨ ਕਰੋ। ਮਹਾਰਾਜ ਨੇ ਇਹਦੇ ਵਿਚ ਦੋ ਤਿੰਨ ਹੁਕਮ ਦਿਤੇ ਨੇ, ਦੋ ਤਿੰਨ ਸਿਧਾਂਤ ਨੇ ਇਕੱਠੇ ਹੀ ਇਸ ਮਹੀਨੇ ਦੇ ਅੰਦਰ। ਪਹਿਲਾਂ ਤਾਂ ਇਹ ਹੈ ਕਿ ਆਦਮੀ ਕਰਮ ਕਰਦਾ ਹੈ। ਕਿਸੇ ਦੀ ਸਲਾਹ ਨਹੀਂ ਲੈਂਦਾ, ਕਿਸੇ ਨੂੰ ਨਹੀਂ ਪੁਛਦਾ ਤੇ ਉਹ ਕਰਮ ਕਰਦਾ ਹੈ। ਮਰਜ਼ੀ ਦੇ ਮੁਤਾਬਿਕ ਕਰਦਾ ਹੈ। ਕਰਮ ਜੋ ਵੀ ਆਦਮੀ ਕਰੇਗਾ, ਉਹ ਜੇ ਚੰਗਾ ਹੈ ਤਾਂ ਚੰਗਾ ਫਲ ਮਿਲਦਾ ਹੈ, ਜੇ ਮਾੜਾ ਹੈ ਤਾਂ ਮਾੜਾ ਫਲ ਮਿਲਦਾ ਹੈ। ਮਾੜੇ ਫਲ ਦੇ ਨਾਲ ਉਸ ਨੂੰ ਤਕਲੀਫਾਂ ਆਉਂਦੀਆਂ ਨੇ। ਜੇ ਕੋਈ ਚੰਗਾ ਕਰਮ ਕਰਦਾ ਹੈ ਤਾਂ ਉਸ ਦਾ ਉਸਨੂੰ ਚੰਗਾ ਫਲ ਮਿਲਦਾ ਹੈ। ਇਥੇ ਵੀ ਜੇ ਕਾਮਨਾ ਸਹਿਤ ਕਰਦਾ ਹੈ, ਉਹਦੀ ਕਾਮਨਾ ਪੂਰੀ ਹੁੰਦੀ ਹੈ -

ਚਾਰਿ ਪਦਾਰਥ ਜੇ ਕੋ ਮਾਗੈ॥
ਸਾਧ ਜਨਾ ਕੀ ਸੇਵਾ ਲਾਗੈ॥ ਅੰਗ - 266

ਚਾਰ ਪਦਾਰਥ ਜੋ ਸੰਸਾਰ ਵਿਚ ਦੁਰਲੱਭ ਨੇ ਉਹ ਸੇਵਾ 'ਚੋਂ ਮਿਲ ਜਾਇਆ ਕਰਦੇ ਨੇ। ਦੂਸਰੇ ਹੋਇਆ ਕਰਦੇ ਨੇ ਨਿਸ਼ਕਾਮ ਕਰਮ। ਉਨ੍ਹਾਂ ਦੇ ਨਾਲ ਅੰਤਸ਼ਕਰਣ ਦੀ ਮੈਲ ਦੂਰ ਹੁੰਦੀ ਹੈ। ਤੀਸਰੇ ਹੁੰਦੇ ਨੇ ਸੰਚਿਤ ਕਰਮ। ਉਹ ਕਰਮ ਉਹ ਨੇ ਜਿਹੜੇ ਜਮ੍ਹਾਂ ਤਾਂ ਪਏ ਨੇ ਪਰ ਅਜੇ ਭੋਗਣ ਦੀ ਵਾਰੀ ਨਹੀਂ ਆਈ। ਬੜੀ-ਬੜੀ ਦੇਰ ਨਹੀਂ ਆਉਂਦੀ। ਜਦੋਂ ਆਉਂਦੀ ਹੈ ਫੇਰ ਮੁਸ਼ਕਲ ਹੋ ਜਾਇਆ ਕਰਦਾ ਹੈ। ਅਗਲੇ ਕਰਮ ਉਹ ਨੇ ਜਿਨ੍ਹਾਂ ਨੂੰ ਪਰਾਲਬਧ ਕਰਮ ਕਹਿੰਦੇ ਨੇ, ਪਰਾਲਬਧ ਕਰਮ ਉਹ ਹੁੰਦੇ ਨੇ ਜਦੋਂ ਅਸੀਂ ਸੰਸਾਰ 'ਚ ਆਉਂਦੇ ਹਾਂ ਤਾਂ ਵਾਹਿਗੁਰੂ ਵਲੋਂ ਸਾਡੇ ਮਸਤਕ ਵਿਚ ਜੋ ਪਹਿਲਾਂ ਲੇਖ ਲਿਖਿਆ ਜਾਂਦਾ ਹੈ ਉਹ ਇਹ ਹੁੰਦਾ ਹੈ ਕਿ ਇਹਨੇ ਕਿੰਨਾ ਚਿਰ ਸੰਸਾਰ ਵਿਚ ਰਹਿਣਾ ਹੈ, ਇਹਨੇ ਕਦੋਂ ਮ੍ਰਿਤੂ ਮੰਡਲ ਤੋਂ ਆਉਣਾ ਹੈ। ਕਿਉਂਕਿ ਇਹਦਾ ਨਾਂ ਮ੍ਰਿਤੂ ਮੰਡਲ ਹੈ ਜਿਹਨੂੰ **earth plannet** ਕਹਿੰਦੇ ਹਾਂ। ਇਥੇ ਆਦਮੀ ਪੈਦਾ ਹੀ ਮਰਨ ਵਾਸਤੇ ਹੁੰਦਾ ਹੈ। ਰਹਿਣ ਵਾਸਤੇ ਨਹੀਂ

ਹੁੰਦਾ, ਰਹਿਣ ਵਾਲੇ ਹੋਰ ਥਾਂ ਨੇ। ਬਾਕੀ ਜਿਹੜੇ ਕੱਚੇ ਥਾਉਂ ਨੇ ਉਥੋਂ ਤਾਂ ਜਾਣਾ ਹੀ ਜਾਣਾ ਹੋਇਆ ਕਰਦਾ ਹੈ। ਸੋ ਇਹ earth plannet ਜਿਥੇ ਅਸੀਂ ਸਰੀਰਧਾਰੀ ਹੋ ਕੇ ਆਏ ਹਾਂ। ਇਹਦੀਆਂ ਤਿੰਨ ਅਵਸਥਾਂ ਨੇ। ਪਹਿਲਾਂ ਇਹ ਬਾਲਕ ਹੁੰਦਾ ਹੈ, ਫੇਰ ਜਵਾਨੀ 'ਚ ਆ ਜਾਂਦਾ ਹੈ ਤੇ ਫੇਰ ਬੁਢਾਪੇ 'ਚ ਆ ਜਾਂਦਾ ਹੈ। ਅਖੀਰ ਇਹ ਸੰਸਾਰ 'ਚੋਂ ਚਲਿਆ ਜਾਂਦਾ ਹੈ, ਨਾਮ ਵੀ ਸੰਸਾਰ 'ਚੋ ਮਿਟ ਜਾਂਦਾ ਹੈ, ਭੁੱਲ ਵੀ ਜਾਂਦੇ ਨੇ ਸਭ।

ਇਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦੇ ਦਰਬਾਰ ਵਿਚ ਬਚਨ ਚੱਲ ਰਿਹਾ ਸੀ। ਮਹਾਰਾਜ ਕਹਿੰਦੇ ਕਿਉਂ ਬਈ ਤੁਹਾਡੇ 'ਚੋਂ ਕੋਈ ਐਸਾ ਪ੍ਰੇਮੀ ਹੈ, ਜਿਹੜਾ ਇਹ ਦੱਸ ਸਕੇ ਕਿ ਜਦੋਂ ਕਬੀਰ ਸਾਹਿਬ ਹੋਏ ਸੀ ਕਿਹੜਾ ਰਾਜਾ ਸੀ। ਕਿੰਨੇ ਰਾਜੇ ਸੀ ਹਿੰਦੋਸਤਾਨ ਦੇ ਅੰਦਰ, ਅਰਬ ਦਾ ਰਾਜਾ ਕਿਹੜਾ ਸੀ, ਅਫਗਾਨਿਸਤਾਨ ਦਾ ਕਿਹੜਾ ਸੀ, ਚੀਨ ਦਾ ਕਿਹੜਾ ਸੀ? ਦੱਸੋ? ਸਾਰੇ ਨੀਵੀਂ ਪਾ ਗਏ, ਜਿਹੜੇ ਥੋੜ੍ਹਾ ਪੜ੍ਹੇ ਹੋਏ ਸੀ ਉਨ੍ਹਾਂ ਨੇ ਇਕ ਦੋ ਰਾਜਿਆਂ ਦੇ ਨਾਉਂ ਲਏ। ਮਹਾਰਾਜ ਕਹਿੰਦੇ ਨਹੀਂ। ਰਾਜਿਆਂ ਨੂੰ ਤਾਂ ਕੋਈ ਨਹੀਂ ਜਾਣਦਾ ਲੇਕਿਨ ਭਗਤ ਕਬੀਰ ਨੂੰ, ਨਾਮਦੇਵ ਨੂੰ, ਰਵਿਦਾਸ ਜੀ ਨੂੰ ਤਾਂ ਸਾਰੇ ਲੋਕ ਜਾਣਦੇ ਨੇ। ਈਸਾ ਜੀ ਨੂੰ ਸਾਰੇ ਜਾਣਦੇ ਨੇ, ਮੁਹੰਮਦ ਸਾਹਿਬ ਨੂੰ ਸਾਰੇ ਜਾਣਦੇ ਨੇ। ਮਹਾਤਮਾ ਬੁੱਧ ਹੋਏ ਉਨ੍ਹਾਂ ਨੂੰ ਸਾਰੇ ਹੀ ਜਾਣਦੇ ਨੇ। ਰਾਜਿਆਂ ਨੂੰ ਤਾਂ ਕੋਈ ਨਹੀਂ ਜਾਣਦਾ, ਸੰਸਾਰ ਤੇ ਆਉਂਦੇ ਨੇ, ਥੋੜ੍ਹੇ ਦਿਨ ਸੰਸਾਰ ਦੇ ਵਿਚ ਮਨ ਮਰਜ਼ੀਆਂ ਕਰਦੇ ਨੇ ਤੇ ਉਸ ਤੋਂ ਬਾਅਦ ਚਲੇ ਜਾਂਦੇ ਨੇ। ਜਾਂਦੇ ਕਿਥੇ ਨੇ –

ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ॥

ਅੰਗ - 488

ਜ਼ਮੀਨ ਨੇ ਸਵਾਲ ਕਰਿਆ ਅਸਮਾਨ ਤੇ ਕਿ ਇਥੇ ਬਹੁਤ ਵੱਡੇ-ਵੱਡੇ ਰਾਜੇ ਆਏ ਨੇ। ਜਿਨ੍ਹਾਂ ਦੀਆਂ ਫੌਜਾਂ ਦੀ ਗਿਣਤੀ ਕੋਈ ਨਹੀਂ। ਇਕ ਐਸਾ ਰਾਜਾ ਆਇਆ ਜਿਸ ਦਾ ਨਾਮ ਸਗਰ ਸੀ ਉਸ ਵੇਲੇ ਹਿੰਦੁਸਤਾਨ ਦੀ ਆਬਾਦੀ ਬਹੁਤ ਵਧੀ ਹੋਈ ਸੀ। ਉਸ ਦੀਆਂ ਫੌਜਾਂ ਐਨੀਆਂ ਸੀ ਕਿ ਜਦੋਂ ਉਸ ਦੀਆਂ ਸਵਾਰੀਆਂ ਚਲਦੀਆਂ ਸੀ, ਫੌਜ ਦੀ ਆਵਾਜਾਈ ਨਾਲ ਐਨੀ ਡੂੰਘਿਆਈ ਹੋ ਗਈ ਕਿ ਜਿਹੜਾ ਪਾਣੀ ਹਿਮਾਲੀਆ ਤੋਂ ਆਉਂਦਾ ਸੀ ਉਥੋਂ ਦੀ ਹੋ ਕੇ ਉਸ ਨੇ ਆਪਣਾ ਰੁਖ ਬਦਲ ਲਿਆ ਤੇ ਇਕ ਨਵਾਂ ਦਰਿਆ ਬਣ ਗਿਆ। ਇਹ ਦਰਿਆ ਉਥੋਂ ਦੀ ਲੰਘਣਾ ਸ਼ੁਰੂ ਹੋ ਗਿਆ ਜਿਥੋਂ ਦੀ ਸਗਰ ਦੀਆਂ ਫੌਜਾਂ ਲੰਘਦੀਆਂ ਸੀ। ਪਰ ਕਹਿੰਦੇ ਕੋਈ ਜਾਣਦਾ ਹੈ? ਮਿਟ ਗਏ ਉਹ ਦੁਨੀਆਂ ਤੋਂ ਆ ਕੇ। ਜੇ ਰਹਿ ਗਿਆ ਤਾਂ ਪ੍ਰਮੇਸ਼ਰ ਦਾ ਪਿਆਰਾ ਰਹਿ ਗਿਆ। ਸੋ ਇਸ ਤਰ੍ਹਾਂ ਸੰਸਾਰ ਰਹਿਣ ਵਾਲਾ ਥਾਂ ਨਹੀਂ। ਇਹ ਪਰਾਲਬਧ ਕਰਮ ਪ੍ਰਮੇਸ਼ਰ ਲਿਖਦਾ ਹੈ ਕਿ ਐਨਾ ਚਿਰ ਇਹਨੇ ਰਹਿਣਾ ਹੈ ਤੇ ਇਸ ਤੋਂ ਬਾਅਦ ਜਦੋਂ ਸੰਸਾਰ ਤੋਂ ਵਾਪਸ ਜਾਣਾ ਹੈ, ਫਲਾਣਾ ਥਾਂ ਹੋਏਗਾ, ਫਲਾਣਾ ਟਾਈਮ ਹੋਏਗਾ, ਆਹ ਕਾਰਨ ਹੋਏਗਾ। ਤਿੰਨ ਇਕੱਠੇ ਹੋਣ ਤਾਂ ਆਦਮੀ ਬਚਿਆ ਨਹੀਂ ਕਰਦਾ, ਸੰਸਾਰ ਤੋਂ ਜਾਣਾ ਹੀ ਪੈਂਦਾ ਹੈ। ਇਕ ਪਰਾਲਬਧ ਕਰਮ ਨੇ ਉਹ ਲਿਖੇ ਜਾਂਦੇ ਨੇ ਕਿ ਇਹਨੇ ਜੀਵਨ ਦੇ ਅੰਦਰ ਐਨੇ ਦੁਖ ਭੋਗਣੇ ਨੇ, ਐਨੇ ਸੁਖ ਭੋਗਣੇ ਨੇ, ਐਨਿਆਂ ਤੋਂ ਬਦਲਾ ਲੈਣਾ ਹੈ, ਖਾਣ ਪੀਣ ਨੂੰ ਕਿੰਨਾ ਮਿਲਣਾ ਹੈ, ਰਿਜ਼ਕ ਇਹਦਾ ਕਿਥੇ ਪਿਆ ਹੈ?

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥

ਅੰਗ - 653

ਕਰਮ ਕਰਨ ਦੀ ਇਹਨੂੰ ਖੁਲ੍ਹ ਮਿਲਦੀ ਹੈ। ਕਹਿੰਦੇ ਜਿਹੜੇ ਕਰਮ ਕਰੇਗਾ ਉਹਨੂੰ ਕਿਰਿਆਮਾਨ ਕਰਮ ਕਹਿੰਦੇ ਨੇ। ਉਹਨਾਂ ਵਿਚੋਂ ਕੁਛ ਕਰਮਾਂ ਦਾ ਤਾਂ ਫਲ ਇਥੇ ਹੀ ਮਿਲ ਜਾਂਦਾ ਹੈ। ਕੁਛ ਕਰਮਾਂ ਦਾ ਫਲ ਦਰਗਾਹ ਵਿਚ ਮਿਲ ਜਾਇਆ ਕਰਦਾ ਹੈ। ਕੁਛ ਕਰਮ ਐਸੇ ਨੇ ਅੱਗੇ ਦਾ ਸਰੀਰ, ਉਸ ਤੋਂ ਅਗਲਾ ਸਰੀਰ, ਉਸ ਤੋਂ ਅਗਲਾ ਸਰੀਰ ਜਦੋਂ ਧਾਰਦਾ ਹੈ ਉਸ ਵੇਲੇ ਉਹ ਕਰਮਾਂ ਦਾ ਫਲ ਭੋਗਦਾ ਹੈ। ਸੋ ਮਹਾਰਾਜ ਕਹਿੰਦੇ ਹੁਣ ਸਿਆਣਾ ਬੰਦਾ ਉਹ ਹੈ ਕਿ ਕਰਮਾਂ ਨੇ ਤਾਂ ਫਲ ਦੇਣਾ ਹੀ ਦੇਣਾ ਹੈ। ਉਹ ਹੈ ਬੰਦਾ ਸਿਆਣਾ ਜਿਹੜਾ ਕਰਮਾਂ ਦੀ ਛਾਣਬੀਣ ਕਰਕੇ ਐਸੇ ਕਰਮ ਕਰਦਾ ਹੈ ਜਿਹੜੇ ਕਰਮ ਕਰਨ ਤੋਂ ਬਾਅਦ ਮੁੜ ਕੇ ਪਛਤਾਉਣਾ ਨਾ ਪਵੇ। ਜਿਹੜੇ ਕਰਮ ਕਰਕੇ ਪਛਤਾਉਣਾ ਪੈਂਦਾ ਹੈ ਉਹ ਤਾਂ ਮੂਰਖ ਬੰਦਾ ਹੈ। ਸਿਆਣਾ ਬੰਦਾ ਇਹ ਕਰਦਾ ਹੈ ਕਿ ਮੈਨੂੰ ਪਛਤਾਉਣਾ ਨਾ ਪਵੇ। ਦਰਗਾਹ ਦੇ ਵਿਚ ਜਾ ਕੇ ਵੀ ਮੈਨੂੰ ਸ਼ਰਮਿੰਦਾ ਨਾ ਹੋਣਾ ਪਵੇ।

ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥
ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥

ਅੰਗ - 590

ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮਡੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥

ਅੰਗ - 1381

ਸੋ ਇਸ ਮਹੀਨੇ ਦੇ ਰਾਹੀਂ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਆ! ਕਰਮ ਤਾਂ ਤੂੰ ਕਰਨੇ ਹੀ ਕਰਨੇ ਨੇ। ਚਾਹੇ ਤੂੰ ਸੋਚ ਦੇ ਨਾਲ ਕਰਦਾ ਹੈਂ, ਚਾਹੇ ਸਰੀਰ ਦੇ ਨਾਲ ਕਰਦਾ ਹੈਂ, ਇਹਦਾ ਬਦਲਾ ਵੀ ਤੈਨੂੰ ਦੇਣਾ ਪੈਣਾ ਹੈ। ਇਕ ਸਾਡੀ ਗੱਲ ਯਾਦ ਰੱਖ, ਐਹੋ ਜਿਹਾ ਕਰਮ ਨਾ ਕਰ, ਜਿਹਦੇ ਕਰਕੇ ਇਥੇ ਵੀ ਸ਼ਰਮਿੰਦਾ ਹੋਣਾ ਪਵੇ ਤੇ ਦਰਗਾਹ ਦੇ ਵਿਚ ਵੀ ਜਾ ਕੇ ਸ਼ਰਮਿੰਦਾ ਹੋਣਾ ਪਵੇ –

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥
ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥
ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥
ਕਹੈ ਨਾਨਕੁ ਮਨੁ ਪਿਆਰੇ ਤੂ ਸਦਾ ਸਚੁ ਸਮਾਲੇ॥

ਅੰਗ - 918

ਪਹਿਲਾਂ ਮਹਾਰਾਜ ਨੇ ਸਾਨੂੰ ਦੱਸਿਆ ਕਿ ਐਹੋ ਜਿਹਾ ਕੰਮ ਨਾ ਕਰੋ, ਜਿਹਦੇ ਨਾਲ ਸਾਨੂੰ ਪਛੋਤਾਵਾ ਕਰਨਾ ਪਵੇ। ਦੂਸਰਾ ਦੱਸਿਆ ਕਿ ਜੇ ਕਰਨਾ ਹੀ ਹੈ ਤਾਂ ਗੁਰੂ ਦਾ ਉਪਦੇਸ਼ ਸੁਣੋ, ਉਸ ਉਪਦੇਸ਼ ਨੂੰ ਕਮਾਵੋ, ਉਹ ਇਥੇ ਵੀ ਸੁਖ ਦੇਵੇਗਾ ਅਤੇ ਦਰਗਾਹ ਵਿਚ ਵੀ ਜਾ ਕੇ ਸੁਖ ਦੇਵੇਗਾ। ਕਿਉਂਕਿ ਦਰਗਾਹ ਦੇ ਵਿਚ ਜਦੋਂ ਮਾੜਾ ਕੰਮ ਕਰਕੇ ਜਾਂਦਾ ਹੈ, ਇਹ ਤਾਂ ਨਹੀਂ ਕਿ ਉਹਨੂੰ ਕਿਸੇ ਨੇ ਪੁਛਣਾ ਨਹੀਂ ਹੈ। ਇਥੇ ਵੀ ਕਾਨੂੰਨ ਬਣੇ ਹੋਏ ਨੇ, ਇਥੇ ਵੀ ਪੁੱਛਿਆ ਜਾਂਦਾ ਹੈ ਤੇ ਦਰਗਾਹ ਦੇ ਵਿਚ ਜਾ ਕੇ ਤਾਂ ਨਾ ਕਿਸੇ ਦੀ ਸਿਫਾਰਸ਼ ਚਲਦੀ ਹੈ ਨਾ ਕਿਸੇ ਦੀ ਗੱਲ ਚਲਦੀ ਹੈ, ਜੀਵ ਇਕੱਲਾ ਰਹਿ ਜਾਂਦਾ ਹੈ, ਇਕੱਲੇ ਨੂੰ ਫੇਰ ਭੋਗਣਾ ਪੈਂਦਾ ਹੈ। ਉਹਦੇ ਨਾਲ ਫੇਰ ਇਹਨੂੰ ਪਛਤਾਵਾ ਕਰਨਾ ਪੈਂਦਾ ਹੈ।

ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮਾੜਿ ਭਉਰੁ ਸਿਧਾਇਆ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥
ਮਨਿ ਅੰਧੈ ਜਨਮੁ ਗਵਾਇਆ॥ *ਅੰਗ - 464*

ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥

ਅੰਗ - 315

ਫਾਹੇ ਲਏ ਹੋਏ ਨੇ, ਗਲ ਵਿਚ ਪਾਉਣ ਲਈ ਰੱਸੇ ਹੱਥ ਵਿਚ ਨੇ, ਵਾਹਿਗੁਰੂ ਜਾਣਦਾ ਹੈ ਕਿ ਚਲੇ ਜਾ ਰਹੇ ਨੇ। ਇਹ ਨਹੀਂ ਕਿ ਛੁਪਿਆ ਹੋਇਆ ਹੈਂ। ਲੋਕਾਂ ਤੋਂ ਛੁਪਾ ਲਏਂਗਾ, ਪਰ ਪ੍ਰਮੇਸ਼ਰ ਤਾਂ ਤੇਰੇ ਅੰਦਰ ਬੈਠਾ ਹੈ ਘਟ ਘਟ ਦੇ ਵਿਚ ਵਿਆਪਕ ਹੈ -

ਤਕਹਿ ਨਾਰਿ ਪਰਾਈਆਂ ਲੁਕਿ ਅੰਦਰਿ ਠਾਣੀ॥

ਅੰਗ - 315

ਪਰਾਈਆਂ ਇਸਤਰੀਆਂ ਨੂੰ ਦੇਖਦਾ ਹੈ, ਮਾੜੇ ਕੰਮ ਕਰਦਾ ਹੈ।

ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ॥

ਅੰਗ - 315

ਦੂਸਰੇ ਦੀ ਕਮਾਈ ਨੂੰ ਖੋਹਣ ਵਾਸਤੇ ਸੰਨ ਲਾਉਂਦਾ ਹੈ, ਚੋਰ ਹੁੰਦੇ ਨੇ। ਰਿਸ਼ਵਤ ਲੈਂਦਾ ਹੈ, ਉਹ ਵੀ ਓਡਾ ਹੀ ਮਾੜਾ ਬੰਦਾ ਹੈ। ਕਿਸੇ ਹੋਰ ਵਲ ਛਲ ਦੇ ਨਾਲ ਦੂਸਰੇ ਦੀ ਕਮਾਈ ਆਪਣੇ ਕਾਬੂ ਕਰਦਾ ਹੈ, ਉਹ ਵੀ ਸੰਨ ਲਾਉਣਾ ਹੀ ਹੋਇਆ ਕਰਦਾ ਤੇ ਕਰਮ ਤਾਂ ਕਰ ਬੈਠਿਆ -

ਕਰਮੀ ਆਪੋ ਆਪਣੀ ਆਪੇ ਪਛੁਤਾਣੀ॥

ਅੰਗ - 315

ਕਰਮ ਤਾਂ ਹੋ ਗਏ, ਹੋਏ ਹੁਣ ਪਛਤਾਉਣਾ ਤੇਰੇ ਪੱਲੇ ਪੈ ਜਾਣਾ ਹੈ ਤੇ ਦਰਗਾਹ ਵਿਚ ਜਾ ਕੇ ਮਹਾਰਾਜ ਕਹਿੰਦੇ-

ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥

ਅੰਗ - 315

ਅਜ਼ਰਾਈਲ ਜੋ ਫਰੇਸਤਾ ਹੈ ਜਿਹਨੂੰ ਸਾਡੇ ਧਰਮਰਾਜ ਕਹਿੰਦੇ ਨੇ। ਜਿਵੇਂ ਤਿਲ ਘਾਣੀ 'ਚ ਪੀੜ ਦਿੰਦੇ ਨੇ, ਐਉਂ ਪੀੜ ਦਿੰਦੇ ਨੇ।

ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ॥

ਅੰਗ - 473

ਕਾਹਬਾ ਸ਼ਰੀਫ 'ਚ ਗੁਰੂ ਨਾਨਕ ਪਾਤਸ਼ਾਹ ਨੂੰ ਪੁਛਿਆ, ਹੇ ਗੁਰੂ ਨਾਨਕ! ਤੇਰੇ ਅਸੀਂ ਬਚਨ ਸੁਣ ਕੇ ਕਾਇਲ ਹੋ ਗਏ ਹਾਂ ਕਿ ਤੂੰ ਜੋ ਕੁਛ ਬੋਲਦਾ ਹੈਂ, ਅੱਖਾਂ ਨਾਲ ਦੇਖ ਕੇ ਬੋਲ ਰਿਹਾ ਹੈਂ। ਤੇਰੀ ਪਹੁੰਚ ਬਹੁਤ ਦੂਰ ਤੱਕ ਹੈ ਲੇਕਿਨ ਇਕ ਗੱਲ ਇਸਲਾਮ ਦੇ ਅੰਦਰ ਆਉਂਦੀ ਹੈ ਕਿ ਆਦਮੀ ਕੰਮ ਕਰਦਾ ਹੈ ਤੇ ਉਹਦਾ ਫੇਰ ਲੇਖਾ ਦੇਣਾ ਪੈਂਦਾ ਹੈ ਦਰਗਾਹ ਵਿਚ ਜਾ ਕੇ। ਦੋਜ਼ਕਾਂ 'ਚ ਉਹਨੂੰ ਥਾਂ ਮਿਲਦਾ ਹੈ। ਬਹੁਤ ਸਾਰੇ ਕਹਿਣ ਲੱਗੇ ਸਮਾਂ ਗੁਜ਼ਰ ਗਿਆ, ਸੱਤ ਅੱਠ ਸੌ ਸਾਲ ਹੋ ਗਏ, ਇਸਲਾਮ ਆਏ ਨੂੰ, ਨਾਸਤਕ ਵਿਚ ਪੈਦਾ ਹੋ ਗਏ, ਉਹ ਕਹਿੰਦੇ ਬਈ 'ਆਹ ਜਗ ਮਿਠਾ ਅਗਲਾ ਕਿੰਨ ਡਿੱਠਾ'।

Eat drink and be marry for we shall have to die. ਤੇ ਦੂਸਰੀ ਗੱਲ ਇਹ ਕਹਿੰਦੇ ਨੇ ਕਿ ਗੱਲ ਤਾਂ ਕੋਈ ਨਹੀਂ ਹੈ ਲੇਕਿਨ ਲੋਕਾਂ ਨੇ ਡਰਾਉਣ ਵਾਸਤੇ ਮਸਲੇ ਘੜੇ ਹੋਏ ਨੇ। ਆਪ ਕ੍ਰਿਪਾ ਕਰਕੇ ਇਸ ਦੇ ਉਤੇ ਆਪਣੀ ਮੋਹਰ ਲਾਓ। ਗੁਰੂ ਨਾਨਕ ਦੇਵ ਜੀ ਕਹਿੰਦੇ-

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥

ਅੰਗ - 953

ਸਹੀ ਗੱਲ ਜੋ ਹੈ ਉਹ ਤੁਹਾਡੇ ਸਾਮ੍ਹਣੇ ਅਸੀਂ ਰੱਖਦੇ ਹਾਂ। ਲੇਖਾ ਮੰਗਣਾ ਹੈ, ਇਕ-ਇਕ ਸ੍ਵਾਸ ਦਾ ਲੇਖਾ ਹੋਣਾ ਹੈ।

ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥

ਅੰਗ - 953

ਜਿਨ੍ਹਾਂ ਨੇ ਇਥੇ ਆ ਕੇ ਨਾਮ ਨਹੀਂ ਜਪਿਆ, ਗਲਤ ਕੰਮ ਕਰੇ ਨੇ, ਉਨ੍ਹਾਂ ਦੇ ਵਰੰਟ ਆਉਣੇ ਨੇ, ਉਨ੍ਹਾਂ ਤੋਂ ਲੇਖਾ

ਪੁਛਿਆ ਜਾਣਾ ਹੈ।

ਅਜਰਾਈਲੁ ਫਰੇਸਤਾ ਹੋਸੀ ਆਇ ਤਈ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥

ਅੰਗ - 953

ਸੋ ਇਕ ਤਾਂ ਇਹ ਕਰਮ ਨੇ।

ਕਰਮੀ ਆਪੋ ਆਪਣੀ ਆਪੇ ਪਛੁਤਾਣੀ॥
ਅਜਾਰੀਅਲੁ ਫਰੇਸਤਾ ਤਿਲ ਪੀੜੇ ਘਾਣੀ॥

ਅੰਗ - 315

ਸੋ ਕੀਤਾ ਹੋਇਆ ਜੋ ਕਰਮ ਹੈ ਉਹ ਆਦਮੀ ਨੂੰ ਭੋਗਣਾ ਹੀ ਪੈਂਦਾ ਹੈ। ਸੋਚ ਕੇ ਕਰਮ ਕਰੇ। ਕਿਉਂਕਿ ਚੰਗੇ ਕਰਮਾਂ ਨੇ ਵੀ ਫਲ ਦੇਣਾ ਹੈ, ਮਾੜੇ ਨੇ ਵੀ ਦੇਣਾ ਹੈ। ਐਸੀਆਂ ਸੰਸਾਰ ਦੇ ਅੰਦਰ ਕਈ ਵਾਰੀ ਘਟਨਾਵਾਂ ਹੋ ਜਾਂਦੀਆਂ ਨੇ। ਉਹ ਇਹ ਹੁੰਦਾ ਹੈ ਕਿ ਬੰਦਾ ਐਸ ਸੰਸਾਰ ਤੋਂ ਚਲਿਆ ਜਾਂਦਾ ਹੈ, ਸਾਰੇ ਕਹਿੰਦੇ ਨੇ ਮਰ ਗਿਆ। ਫੇਰ ਜਿਉਂਦਾ ਹੋ ਜਾਂਦਾ ਹੈ, ਉਸ ਤੋਂ ਪੁੱਛ ਪਛਾਕਾ ਹੁੰਦਾ ਹੈ ਕਿ ਭਾਈ ਕਿਵੇਂ ਹੋਇਆ। ਤੇਰੇ ਨਾਲ ਕੀ ਬੀਤੀ।

ਇਕ ਮਹਾਤਮਾ ਸੀ ਸੰਤ ਸੁੰਦਰ ਸਿੰਘ। ਉਹ ਚੜ੍ਹਾਈ ਕਰ ਗਏ, ਫੌਜ ਦੇ ਵਿਚੋਂ ਰੀਜ਼ਰਵ ਲਿਸਟ ਤੇ ਸੀਗੇ, ਪੰਜ ਸਾਲ ਸਰਵਿਸ ਸੀ ਉਨ੍ਹਾਂ ਦੀ। ਨੌਜਵਾਨ ਸੀ, 24 ਕੁ ਸਾਲ ਦੇ ਸੀ, ਬੜਾ ਜਵਾਨ ਛੇ ਫੁੱਟ ਤੋਂ ਉਚਾ। ਜਦੋਂ ਉਨ੍ਹਾਂ ਨੂੰ ਦਰਗਾਹ 'ਚ ਲੈ ਕੇ ਗਏ, ਮਾਰਦੇ ਕੁੱਟਦੇ ਨਹੀਂ, ਪ੍ਰੇਮ ਨਾਲ ਲੈ ਕੇ ਗਏ, ਕਿਉਂਕਿ ਜਮਦੂਤ ਉਨ੍ਹਾਂ ਲਈ ਆਉਂਦੇ ਨੇ ਜਿਨ੍ਹਾਂ ਨੇ ਆਪਣਾ ਜਨਮ ਬਿਰਥਾ ਗਵਾ ਲਿਆ।

ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥
ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥

ਅੰਗ - 38

ਜਿਹੜੇ ਗੁਰੂ ਦਾ, ਪੀਰ ਦਾ, ਮੁਰਸ਼ਦ ਦਾ ਕਿਸੇ ਦਾ ਬਚਨ ਨਹੀਂ ਮੰਨਦੇ, ਵੇਦਾਂ ਸ਼ਾਸਤਰਾਂ, ਗੁਰੂ ਗ੍ਰੰਥ ਸਾਹਿਬ ਦਾ, ਉਹ ਮਨਮੁਖ ਹੋਇਆ ਕਰਦੇ ਨੇ, ਉਨ੍ਹਾਂ ਦੇ ਪੱਲੇ ਦੁੱਖ ਹੁੰਦਾ ਹੈ –

ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ॥
ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥

ਅੰਗ - 947

ਉਹ ਬਾਣੀ ਪੜ੍ਹਦਾ ਹੁੰਦਾ ਸੀ, ਮਾੜਾ ਕੰਮ ਕਰਿਆ ਕੋਈ ਨਹੀਂ ਸੀ। ਉਸਨੂੰ ਆਰਾਮ ਨਾਲ ਗਾਈਡ ਆ ਕੇ ਲੈ ਗਿਆ। ਜਦੋਂ ਉਤੇ ਗਿਆ ਤਾਂ ਧਰਮਰਾਜ ਨੇ ਕਿਹਾ ਇਹਦਾ ਤਾਂ ਨਾਮ ਨਹੀਂ ਹੈ ਭਾਈ। ਇਸੇ ਨਾਮ ਦਾ ਸੁੰਦਰ ਸਿੰਘ ਰਾਮਗੜ੍ਹੀਆ ਹੈ ਉਹਨੂੰ ਲਿਆਓ ਜਾ ਕੇ, ਇਹਨੂੰ ਛੱਡ ਆਓ। ਐਸਾ ਨਾ ਹੋਵੇ ਇਹਦਾ ਸਰੀਰ ਜਲ ਜਾਵੇ, ਬਾਅਦ ਵਿਚ ਰੂਹ ਅਵਾਰਾ ਫਿਰੇ। ਜਦੋਂ ਵਾਪਸ ਮੁੜਨ ਲੱਗੇ, ਕਹਿਣ ਲੱਗਿਆ ਤੁਸੀਂ ਮੈਨੂੰ ਐਡੀ ਦੂਰ ਲਿਆਏ ਵੀ ਓਂ। ਤੁਸੀਂ ਮੈਨੂੰ ਐਉਂ ਤਾਂ ਦੱਸੋਂ ਅਸੀਂ ਉਥੇ ਨਰਕ ਸੁਣਦੇ ਹਾਂ ਇਥੇ ਨਰਕ ਹੈ ਕੋਈ। ਸਹਿਜ-ਸੁਭਾਅ ਜਿਸ ਵਕਤ ਉਨ੍ਹਾਂ ਨੇ ਨਰਕਾਂ ਦੇ ਉਤੇ ਦੀ ਇਹਨੂੰ ਲੰਘਾਇਆ, ਜਿਵੇਂ ਹੈਲੀਕਪਟਰ 'ਚ ਬੈਠਾ ਹੁੰਦਾ ਹੈ, ਉਥੇ ਸੇਕ ਮਾਰਦਾ ਹੈ ਬਹੁਤ ਜ਼ਿਆਦਾ। ਨਰਕ ਜਿਹੜੇ ਨੇ ਉਹ ਜਲ ਰਹੇ ਨੇ।

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ
ਜਿਉ ਦਰੀਆਵੈ ਢਾਹਾ॥
ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ॥

ਅੰਗ - 1383

ਉਥੇ ਹਾਹਾਕਾਰ ਮਚੀ ਹੋਈ ਹੋਇਆ ਕਰਦੀ ਹੈ।

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥

ਅੰਗ - 1425

ਅਵਾਜ਼ਾਂ ਸੁਣ ਲਈਆਂ, ਬਹੁਤ ਦਰਦਨਾਕ ਆਵਾਜ਼ਾਂ ਨੇ, ਕਹਿੰਦੇ ਇਹ ਉਹ ਜੀਵ ਨੇ ਜਿਹੜੇ ਸੰਸਾਰ 'ਚ ਜਾ ਕੇ ਨਾ ਗੁਰੂ ਦੀ, ਨਾ ਪੀਰ ਦੀ, ਨਾ ਕਿਸੇ ਮੁਰਸ਼ਦ ਦੀ, ਨਾ ਕਿਸੇ ਕੁਰਾਨ ਦੀ, ਨਾ ਵੇਦ ਦੀ ਕਿਸੇ ਦੀ ਗੱਲ ਨਹੀਂ ਮੰਨਦੇ। ਮਨਮਰਜ਼ੀ ਦੇ ਨਾਲ ਜੀਵਨ ਬਤੀਤ ਕਰਕੇ ਜਦੋਂ ਇਹ ਸੰਸਾਰ ਤੋਂ ਆਉਂਦੇ ਨੇ, ਉਸ ਵੇਲੇ ਇਨ੍ਹਾਂ ਨੂੰ ਕੁੰਭੀ ਨਰਕ ਵਿਚ ਸੁੱਟ ਦਿਤਾ ਜਾਂਦਾ ਹੈ। ਕਹਿਣ ਲੱਗਿਆ ਮੈਨੂੰ ਸਵਰਗ ਵੀ ਦਿਖਾ ਦਿਓ। ਕਹਿੰਦੇ ਨਾ ਤੇਰਾ ਸਰੀਰ ਜਲ ਜਾਏਗਾ, ਅਸੀਂ ਫੇਰ ਤੈਨੂੰ ਕਿਥੇ ਲਈ ਫਿਰਾਂਗੇ। ਬਹੁਤਾ ਜ਼ੋਰ ਲਾਇਆ, ਕਹਿਣ ਲੱਗੇ ਚਲੋ, ਉਤੇ ਦੀ ਲੰਘਾ ਦਿੰਦੇ ਹਾਂ, ਸਵਰਗ ਲੋਕ ਦੇ ਉਤੇ ਦੀ ਲੰਘਾ ਦਿਤਾ ਤੇ ਮਹਾਨ ਸੁਖ ਦੇਖੇ। ਇਧਰਲੇ ਪਾਸੇ ਸਮਾਂ ਹੋ ਗਿਆ ਉਹਦੇ ਸਸਕਾਰ ਕਰਨ ਦਾ, ਉਹਦਾ ਜੋ ਮਿਰਤਕ ਸਰੀਰ ਸੀ ਉਸ ਸ਼ਮਸ਼ਾਨ ਭੂਮੀ 'ਚ ਲਿਆ ਕੇ ਤੇ ਚਿਣੀਆਂ ਹੋਈਆਂ ਲੱਕੜਾਂ ਜਿਹਨੂੰ ਚਿਤਾ ਕਹਿੰਦੇ ਨੇ ਉਹਦੇ ਉਤੇ ਲਿਆ ਕੇ ਰੱਖ ਦਿਤਾ। ਐਧਰੋਂ ਇਹ ਆ ਗਿਆ, ਉਧਰੋਂ ਅੱਗ ਲਾ ਦਿਤੀ। ਇਕ ਦਮ ਅੱਗ ਭੜਕ ਗਈ ਤੇ ਇਹਨੇ ਇਕ ਦਮ ਛਾਲ ਮਾਰੀ ਬਾਹਰ ਆ ਕੇ। ਜਵਾਨ ਸੀਗਾ, ਲੇਕਿਨ ਲੱਤ ਨੂੰ ਸੇਕ ਲਗ ਗਿਆ, ਲੱਤ ਜਲ ਗਈ। ਉਸ ਵੇਲੇ ਬਾਹਰ ਨਿਕਲਿਆ ਖੁਸ਼ੀਆਂ ਹੋ ਗਈਆਂ ਕਿ ਭਾਈ ਜਿਉਂਦਾ ਹੋ ਗਿਆ, ਜੇ ਅੱਧਾ ਕੁ ਮਿੰਟ ਨਾ ਆਉਂਦਾ ਤਾਂ ਜਲ ਗਿਆ ਸੀ। ਖੁਸ਼ੀਆਂ ਹੋ ਗਈਆਂ, ਮਾਂ ਵੀ ਆ ਗਈ, ਭੈਣਾਂ ਵੀ ਆ ਗਈਆਂ, ਹੋਰ ਰਿਸ਼ਤੇਦਾਰ ਵੀ ਆ ਗਏ, ਮੇਰਾ-ਮੇਰਾ ਕਰਨ ਲਗ ਗਏ। ਉਹ ਬੋਲਦਾ ਹੀ ਨਹੀਂ। ਕਹਿੰਦੇ ਸੁੰਦਰ ਸਿੰਘਾ! ਬੋਲਦਾ ਕਿਉਂ ਨਹੀਂ?ਕਹਿੰਦਾ, ਮੈਂ ਭਾਈ! ਅਸਲੀ ਗੱਲ ਦੇਖ ਆਇਆ ਹਾਂ। ਉਥੇ ਕੋਈ ਨਹੀਂ ਪਹੁੰਚਦਾ।

ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥

ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥
ਅੰਗ - 1281

ਉਥੇ ਜੇ ਕਿਸੇ ਦਾ ਹੱਥ ਪਹੁੰਚਦਾ ਹੈ ਤਾਂ ਗੁਰੂ ਦਾ ਪਹੁੰਚਦਾ ਹੈ, ਹੋਰ ਨਹੀਂ ਕਿਸੇ ਦਾ ਪਹੁੰਚਦਾ। ਪੁੱਛਿਆ, ਕਿ ਕਿਵੇਂ ਹੋਈ?ਇਸ ਨੇ ਸਾਰਾ ਹਾਲ ਦੱਸਿਆ, ਕਹਿਣ ਲੱਗਿਆ, ਨਰਕਾਂ ਦੇ ਜੀਵ ਐਸ ਤਰ੍ਹਾਂ ਤੜਫਦੇ ਸੀ, ਰੋਂਦੇ ਸੀ। ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ –

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥
ਅੰਗ - 1425

ਮੈਂ ਤਾਂ ਭਾਈ ਅੱਖਾਂ ਨਾਲ ਦੇਖ ਆਇਆ ਹਾਂ। ਬਹੁਤ ਭਿਆਨਕ ਹੈ, ਹੁਣ ਵੀ ਡਰ ਲਗਦਾ ਹੈ। ਕਹਿਣ ਲੱਗੇ ਹੋਰ ਨਹੀਂ ਦੇਖਿਆ? ਕਹਿੰਦਾ ਦੇਖਿਆ, ਸਵਰਗ ਲੋਕ ਵੀ ਦੇਖਿਆ। ਲੋਕ ਇਥੇ ਦਾਨ ਕਰਦੇ ਨੇ, ਉਥੇ ਜਾ ਕੇ ਬਹੁਤ ਵੱਡਾ ਸੁਖ ਭੋਗਦੇ ਨੇ। ਜਿਹੋ ਜਿਹੇ ਥਾਂ ਦਾਨ ਦਿਤਾ ਹੈ, ਜੇ ਬ੍ਰਹਮਗਿਆਨੀ ਨੂੰ ਦਾਨ ਦਿਤਾ ਹੈ, ਬ੍ਰਹਮਗਿਆਨੀ ਹਮੇਸ਼ਾ ਚੰਗੇ ਥਾਂ ਲਾਇਆ ਕਰਦਾ ਹੈ ਪੈਸਾ। ਆਪ ਨਹੀਂ ਕਿ ਕਿਤੇ ਹੋਟਲ ਤੇ ਜਾ ਕੇ ਖਾ ਪੀ ਲਵੇ। ਸੰਤਾਂ ਨੇ ਤਾਂ ਲਾਉਣਾ ਹੀ ਭੁੱਖਿਆਂ ਵਾਸਤੇ ਹੈ ਪੈਸਾ। ਲੰਗਰ ਲਾਉਣਗੇ, ਸਕੂਲ ਬਣਾਉਣਗੇ, ਬਿਲਡਿੰਗਾਂ ਬਣਾਉਣਗੇ। ਆਪਣੇ ਵਾਸਤੇ ਨਹੀਂ ਦੂਸਰਿਆਂ ਦੇ ਵਾਸਤੇ। ਉਥੇ ਲੱਖਾਂ ਗੁਣਾਂ ਵਧ ਜਾਂਦਾ ਹੈ ਦਿਤਾ ਹੋਇਆ ਦਾਨ।

ਖੇਤੁ ਪਛਾਣੈ ਬੀਜੈ ਦਾਨੁ॥ ਅੰਗ - 1411

ਜਿਹੜਾ ਅਨਅਧਿਕਾਰੀ, ਮਾੜੇ ਬੰਦੇ ਨੂੰ ਦਾਨ ਦਿਤਾ ਜਾਂਦਾ ਹੈ, ਨਾਲ ਹੀ ਪਾਪ ਦਾ ਭਾਗੀ ਬਣ ਜਾਂਦਾ ਹੈ, ਦਾਤਾ ਵੀ। ਸੋ ਇਸ ਤਰ੍ਹਾਂ ਦਰਗਾਹ ਦੇ ਅੰਦਰ ਜਾ ਕੇ ਫਲ ਮਿਲਦਾ ਹੈ, ਜੋ ਕੁਛ ਅਸੀਂ ਇਸ ਥਾਂ ਦੇ ਉਤੇ ਕਰਦੇ ਹਾਂ। ਉਸ ਵੇਲੇ ਕਹਿਣ ਲੱਗਿਆ, ਭਾਈ ਮੈਂ ਨਰਕ ਦੇਖ ਆਇਆ ਹਾਂ। ਬਹੁਤ ਬੁਰਾ ਹਾਲ ਹੈ। ਫੇਰ ਸਵਰਗ ਦੀ ਗੱਲ ਕਰੀ। ਸਾਰੇ ਕਹਿਣ ਲੱਗੇ, ਕਿ ਭਾਈ ਸੁੰਦਰ ਸਿਆਂ! ਹੁਣ ਤੂੰ ਘਰ ਚਲ। ਕਹਿੰਦਾ ਜਿਹੜਾ ਮੈਂ ਜਾਣਾ ਸੀ ਘਰ ਜਾ ਚੁਕਿਆ। ਹੁਣ ਤਾਂ ਮੈਂ ਉਹ ਕੰਮ ਕਰਾਂਗਾ ਜਿਸ ਨਾਲ ਮੇਰਾ ਜਨਮ ਸਫਲਾ ਹੋ ਜਾਏ। ਜਿਸ ਕੰਮ ਨੂੰ ਮੈਂ ਕਰਨ ਆਇਆਂ –

ਜਿਸੁ ਵਖਰ ਕਉ ਲੈਨਿ ਤੂ ਆਇਆ॥
ਰਾਮ ਨਾਮੁ ਸੰਤਨ ਘਰਿ ਪਾਇਆ॥ ਅੰਗ - 283

ਜਿਸ ਚੀਜ਼ ਨੂੰ ਲੈਣ ਵਾਸਤੇ ਤੂੰ ਸੰਸਾਰ ਵਿਚ ਆਇਆ ਹੈਂ, ਉਹ ਤਾਂ ਪ੍ਰਮੇਸ਼ਰ ਦਾ ਨਾਮ ਹੈ। ਪਰ ਮਿਲਦਾ ਕਿਥੋਂ ਹੈ? ਸਾਧੂਆਂ ਤੋਂ ਮਿਲਦਾ ਹੈ।

ਤਜਿ ਅਭਿਮਾਨੁ ਲੇਹੁ ਮਨ ਮੋਲਿ॥
ਰਾਮ ਨਾਮੁ ਹਿਰਦੇ ਮਹਿ ਤੋਲਿ॥
ਲਾਦਿ ਖੇਪ ਸੰਤਹ ਸੰਗਿ ਚਾਲੁ॥
ਅਵਰ ਤਿਆਗਿ ਬਿਖਿਆ ਜੰਜਾਲ॥
ਧੰਨਿ ਧੰਨਿ ਕਹੈ ਸਭੁ ਕੋਇ॥
ਮੁਖ ਊਜਲ ਹਰਿ ਦਰਗਹ ਸੋਇ॥
ਇਹੁ ਵਾਪਾਰੁ ਵਿਰਲਾ ਵਾਪਾਰੈ॥
ਨਾਨਕ ਤਾ ਕੈ ਸਦ ਬਲਿਹਾਰੈ॥ ਅੰਗ - 283

ਬਲਿਹਾਰ ਜਾਂਦੇ ਹਾਂ ਉਨ੍ਹਾਂ ਤੋਂ ਜਿਹੜੇ ਨਾਮ ਦੇ ਵਪਾਰੀ ਨੇ।

ਸੋ ਕਹਿਣ ਲੱਗਿਆ ਕਿ ਭਾਈ ਇਹ ਤਾਂ ਮੈਂ ਦੇਖ ਆਇਆ ਹਾਂ, ਸਵਰਗ ਵੀ ਦੇਖ ਆਇਆ ਹਾਂ, ਨਰਕ ਵੀ ਦੇਖ ਆਇਆ ਹਾਂ। ਮੈਂ ਹੁਣ ਘਰ ਨਹੀਂ ਜਾਣਾ, ਮੈਂ ਕਿਸੇ ਮਹਾਂਪੁਰਸ਼ ਦੀ ਸ਼ਰਨ ਜਾ ਕੇ, ਨਾਮ ਜਪ ਕੇ ਆਪਣਾ ਜੀਵਨ ਸਫਲਾ ਕਰਨਾ ਹੈ।

ਤਜਿ ਅਭਿਮਾਨੁ ਲੇਹੁ ਮਨ ਮੋਲਿ॥
ਰਾਮ ਨਾਮੁ ਹਿਰਦੇ ਮਹਿ ਤੋਲਿ॥
ਲਾਦਿ ਖੇਪ ਸੰਤਹ ਸੰਗਿ ਚਾਲੁ॥ ਅੰਗ - 283

ਇਕੱਲਾ ਨਾ ਰਹੀਂ ਲੁਟਿਆ ਜਾਏਂਗਾ, ਸਾਧੂਆਂ ਦੀ ਸੰਗਤ 'ਚ ਰਹਿ। ਕਿਉਂਕਿ ਤੇਰੇ ਕੋਲ ਨਾਮ ਦੀ ਖੇਪ ਹੈ ਜਿਹੜੀ ਹੱਦ ਤੋਂ ਜ਼ਿਆਦਾ ਕੀਮਤੀ ਹੈ। ਇਕੱਲਾ ਗਿਰ ਜਾਏਂਗਾ, ਝੁੰਝਲਾਹਟ 'ਚ ਆ ਜਾਏਂਗਾ। ਭੁੱਲ ਜਾਏਂਗਾ, ਪਾਪਾਂ 'ਚ ਪ੍ਰਵਿਰਤ ਹੋ ਜਾਏਂਗਾ, ਜੇ ਸਾਧੂਆਂ ਦੀ ਸੰਗਤ 'ਚ ਰਹੇਂਗਾ ਫੇਰ ਲੱਗਿਆ ਰਹੇਂਗਾ। ਸੋ ਇਸ ਤਰ੍ਹਾਂ ਦੇ ਨਾਲ ਉਥੋਂ ਹੀ ਸ਼ਮਸ਼ਾਨ ਭੂਮੀ ਤੋਂ, ਇਕ ਮਹਾਤਮਾ ਨੂੰ ਉਹ ਜਾਣਦਾ ਸੀ, ਚੰਗੇ ਸਾਧੂ ਸੀ, ਉਥੋਂ ਮਹਾਂਪੁਰਸ਼ਾਂ ਤੋਂ ਨਾਮ ਦੀ ਦਾਤ ਪ੍ਰਾਪਤ ਕੀਤੀ। ਕਮਾਈ ਕੀਤੀ। ਕਰਨੀ ਕਮਾਈ ਵਾਲੇ ਮਹਾਤਮਾ ਹੋਏ ਨੇ, ਉਹ ਜਿਸ ਵਕਤ ਉਪਦੇਸ਼ ਦਿਆ ਕਰਦੇ ਸੀ ਆਪਣੀ ਪਿੰਜਣੀ ਤੋਂ ਕੱਪੜਾ ਲਾਹ ਦਿਆ ਕਰਦੇ ਸੀ। ਕਹਿੰਦੇ ਸੀ ਆਹ ਦੇਖੋ ਮੇਰੀ ਪਿੰਜਣੀ ਜਲੀ ਹੋਈ ਹੈ ਤੇ ਮੈਂ ਅੱਖਾਂ ਨਾਲ ਦੇਖਿਆ ਹੋਇਆ ਹੈ ਸਭ ਕੁਛ। ਧੰਨਿ ਧੰਨਿ ਕਹੈ ਸਭੁ ਕੋਇ॥

ਮੁਖ ਊਜਲ ਹਰਿ ਦਰਗਹ ਸੋਇ॥ ਅੰਗ - 283

ਜਿਹੜੇ ਨਾਮ ਜਪਦੇ ਨੇ ਇਥੇ ਵੀ ਜੈ-ਜੈਕਾਰ ਦਰਗਾਹ ਵਿਚ ਵੀ ਜੈ-ਜੈਕਾਰ।

ਇਹੁ ਵਾਪਾਰੁ ਵਿਰਲਾ ਵਾਪਾਰੈ॥
ਨਾਨਕ ਤਾ ਕੈ ਸਦ ਬਲਿਹਾਰੈ॥ ਅੰਗ - 283

ਪਰ ਇਹ ਵਪਾਰ ਕਰਦਾ ਹੈ ਕੋਈ-ਕੋਈ। ਹਰੇਕ ਨਹੀਂ ਕਰਦਾ। ਕਿਉਂਕਿ ਭੁੱਲ ਜਾਂਦਾ ਹੈ ਬੰਦਾ।

ਸੋ ਇਹ ਐਵੇਂ ਗੱਲਾਂ ਨਹੀਂ ਹਨ ਕਿ ਐਵੇਂ ਹੀ ਸੁਣਾ ਦਿਓ। ਇਹ ਤਾਂ ਬੀਤਣੀ ਹੈ ਭਾਈ ਸਾਰਿਆਂ ਦੇ ਨਾਲ।

ਫੇਰ ਗੁਰੂ ਗ੍ਰੰਥ ਸਾਹਿਬ ਦਾ ਵਾਕ ਹੈ ਜਿਹਦੇ ਵਿਚ ਕੋਈ ਗੱਲ ਗਲਤ ਨਹੀਂ ਹੁੰਦੀ। ਇਕ ਤਾਂ ਨਹੀਂ ਮਿਸਾਲਾਂ। ਸੈਂਕੜੇ ਮਿਸਾਲਾਂ ਦਾ ਮੈਨੂੰ ਪਤਾ ਹੈ। ਦਰਗਾਹ ਵਿਚ ਜਾ ਕੇ ਜਿਨ੍ਹਾਂ ਦੇ ਨਾਲ ਕੀ ਬਣਿਆ ਤੇ ਫੇਰ ਜਿਉਂਦੇ ਹੋਏ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਪਿਆਰਿਆ ਇਹੋ ਜਿਹਾ ਕੰਮ ਨਾ ਕਰ। ਕਿਉਂਕਿ ਜਿਹੜਾ ਕੰਮ ਤੂੰ ਕਰ ਲਿਆ ਨਾ, ਉਹਦਾ ਫਲ ਤੈਨੂੰ ਭੋਗਣਾ ਹੀ ਭੋਗਣਾ ਪੈਣਾ ਹੈ। ਚਾਹੇ ਇਥੇ ਤੂੰ ਬਚ ਜਾਵੇਂ ਸੰਸਾਰ ਵਿਚ, ਪਰ ਦਰਗਾਹ ਵਿਚ ਤੂੰ ਬਚ ਨਹੀਂ ਸਕਦਾ।

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥

ਅੰਗ - 433

ਦੂਸਰੇ ਨੂੰ ਦੋਸ਼ ਦੇਣ ਦਾ ਕੋਈ ਫਾਇਦਾ ਨਹੀਂ ਕਿਉਂਕਿ ਆਪ ਕਰਮ ਕਰੇ ਨੇ। ਕਰਮ ਕਰਨ ਤੋਂ ਬਾਅਦ ਉਹ ਪਰਾਲਬਧ ਕਰਮ ਬਣ ਕੇ ਆ ਗਏ। ਫੇਰ ਤਾਂ ਭੋਗਣੇ ਹੀ ਪੈਣੇ ਨੇ।

ਬੜੀ ਮਸ਼ਹੂਰ ਇਤਿਹਾਸਕ ਸਾਖੀ ਹੈ। ਜਿਸ ਵਕਤ ਧ੍ਰਿਤਰਾਸ਼ਟਰ ਦੇ ਸੌ ਪੁੱਤਰ ਮਰ ਗਏ, ਮਹਾਂਭਾਰਤ ਦੇ ਯੁੱਧ ਦੇ ਅੰਦਰ। ਉਸ ਵੇਲੇ ਕ੍ਰਿਸ਼ਨ ਮਹਾਰਾਜ ਪੰਜਾਂ ਪਾਂਡਵਾਂ ਨੂੰ ਲੈ ਕੇ ਉਸ ਦੇ ਘਰ ਪਰਚੌਣੀ ਕਰਨ ਵਾਸਤੇ ਜਾਂਦੇ ਨੇ। ਉਥੇ ਕ੍ਰਿਸ਼ਨ ਮਹਾਰਾਜ ਕਹਿੰਦੇ ਰਾਜਨ! ਤੇਰੇ ਸੌ ਪੁੱਤਰ ਮਰ ਗਏ ਯੁੱਧ ਦੇ ਅੰਦਰ। ਜਿੰਨੀਆਂ ਰਾਣੀ ਸੀ ਉਨ੍ਹਾਂ ਦੀਆਂ, ਉਹ ਸਾਰੀਆਂ ਦੀਆਂ ਸਾਰੀਆਂ ਵਿਧਵਾ ਹੋ ਗਈਆਂ। ਬੱਚੇ ਜਿਹੜੇ ਸੀ ਉਹ ਯਤੀਮ ਬਣ ਗਏ, ਰਾਜ ਤੁਹਾਡੇ ਹੱਥੋਂ ਜਾਂਦਾ ਰਿਹਾ। ਬੜਾ ਅਫਸੋਸ ਹੈ, ਐਸੇ ਸਮੇਂ ਦੇ ਵਿਚ ਅਸੀਂ ਅਫਸੋਸ ਤੇਰੇ ਨਾਲ ਸਾਂਝਾ ਕਰਨ ਵਾਸਤੇ ਆਏ ਹਾਂ। ਚੁੱਪ ਕਰ ਰਿਹਾ। ਫੇਰ ਸੋਚ ਕੇ ਬੋਲਿਆ, ਕਹਿੰਦਾ ਕ੍ਰਿਸ਼ਨ ਮਹਾਰਾਜ! ਠੀਕ ਹੈ ਯੁੱਧ ਹੋਇਆ, ਇਕ ਧਿਰ ਨੇ ਹਾਰਨਾ ਸੀ, ਇਕ ਨੇ ਜਿੱਤਣਾ ਸੀ। ਇਕ ਨੇ ਮਰਨਾ ਸੀ ਇਕ ਨੇ ਮਾਰਨਾ ਸੀ। ਮੇਰੇ ਬੱਚੇ ਮੈਦਾਨ ਜੰਗ 'ਚ ਚੜ੍ਹਾਈ ਕਰ ਗਏ, ਮੈਦਾਨੇ ਜੰਗ 'ਚ ਜੋ ਚੜ੍ਹਾਈ ਕਰਦਾ ਹੈ ਉਹ ਸਵਰਗ ਲੋਕ 'ਚ ਚਲਿਆ ਜਾਂਦਾ ਹੈ। ਏਸ ਵਾਸਤੇ ਮੈਨੂੰ ਚਿੰਤਾ ਨਹੀਂ। ਪਰ ਮੈਨੂੰ ਚਿੰਤਾ ਦੀ ਇਕ ਗੱਲ ਵੱਢ-ਵੱਢ ਕੇ ਖਾਂਦੀ ਹੈ। ਮੈਨੂੰ ਸਜ਼ਾ ਨਹੀਂ ਸੀ ਐਨੀ ਮਿਲਣੀ ਚਾਹੀਦੀ ਕਿਉਂਕਿ ਮੈਂ ਕੋਈ ਐਸਾ ਕਰਮ ਨਹੀਂ ਕੀਤਾ। ਕ੍ਰਿਸ਼ਨ ਮਹਾਰਾਜ ਨੇ ਪੁਛਿਆ, ਤੈਨੂੰ ਕਿਵੇਂ ਪਤਾ ਹੈ ਕਿ ਤੂੰ ਕਰਮ ਨਹੀਂ ਕੀਤਾ। ਕਿਉਂਕਿ ਕਰਮਾਂ ਤੋਂ ਬਗੈਰ ਤਾਂ ਸਜ਼ਾ ਮਿਲਦੀ ਨਹੀਂ।

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥ ਅੰਗ - 1140

ਬੀਜਣ ਵੇਲੇ ਨਹੀਂ ਧਿਆਨ ਦਿਤਾ ਕਿ ਮੈਂ ਕਿੱਕਰਾਂ ਦੇ ਬੀਜ ਬੀਜ ਲਏ। ਬਹੁਤ ਸੋਹਣਾ ਲਗਦਾ ਹੈ ਬੀਜ, ਕੂਲਾ ਹੋਇਆ ਕਰਦਾ ਹੈ, ਸੋਹਣਾ ਸੁੰਦਰ ਉਹਦੇ ਉਤੇ ਰੰਗ ਹੁੰਦਾ ਹੈ ਤੇ ਲਕੀਰ ਹੁੰਦੀ ਹੈ ਵਿਚਾਲੇ, ਕਾਲੀ ਲਕੀਰ। ਅੰਗੂਰ ਦਾ ਜੋ ਬੀਜ ਹੈ ਉਹ ਚਿੱਬਾ-ਖੜਿਬਾ ਹੁੰਦਾ ਹੈ, ਉਹਨੂੰ ਬੀਜਣ ਨੂੰ ਜੀਅ ਨਹੀਂ ਕਰਦਾ ਕਿ ਇਹ ਕੀ ਹੈ? ਪਰ ਜਦੋਂ ਫਲ ਮਿਲਦਾ ਹੈ। ਕਿੱਕਰ ਦੇ ਨਾਲ ਤਾਂ ਕੰਢੇ ਹੋ ਗਏ ਘਰ ਦੇ ਅੰਦਰ। ਕੀੜੇ ਆ ਗਏ। ਦੂਜੇ ਪਾਸੇ ਅੰਗੂਰ ਲਗ ਜਾਂਦੇ ਨੇ, ਮਿੱਠੇ ਲਗਦੇ ਨੇ ਹੁਣ। ਹੁਣ ਜੇ ਕਹੋ ਕਿ ਮੇਰੇ ਬੀਜ ਨੂੰ ਵੀ ਅੰਗੂਰ ਲਗਣੇ ਚਾਹੀਦੇ ਨੇ। ਮਹਾਰਾਜ ਕਹਿੰਦੇ ਕਿਉਂ? ਤੂੰ ਜੋ ਕੁਛ ਕੀਤਾ ਹੈ ਉਹਦਾ ਤੈਨੂੰ ਫਲ ਮਿਲ ਰਿਹਾ ਹੈ।

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥

ਅੰਗ - 1140

ਜੱਟ ਨੇ ਕਿੱਕਰਾਂ ਬੀਜਣ ਬੀਜ ਕੇ ਜੇ ਹੁਣ ਕਹਿੰਦਾ ਹੈ ਕਿ ਅੰਗੂਰ ਲੱਗਣ। ਇਹ ਤਾਂ ਹੁੰਦਾ ਨਹੀਂ। ਉਨ ਕੱਟ ਰਿਹਾ ਹੈ, ਉਨ ਨੂੰ ਬੁਣ ਰਿਹਾ ਹੈ, ਫੇਰ ਕਹਿੰਦਾ ਹੈ ਪਟੁ ਮਿਲਣਾ ਚਾਹੀਦਾ ਹੈ, ਰੇਸ਼ਮ ਮਿਲਣਾ ਚਾਹੀਦਾ ਹੈ। ਇਹ ਤਾਂ -

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥

ਅੰਗ - 134

ਪੁਰਾਣੀਆਂ ਵੀ ਬੇਅੰਤ ਸਾਖੀਆਂ ਨੇ ਤੇ ਵਰਤਦੀਆਂ ਵੀ ਰੋਜ਼ ਨੇ।

ਗੋਬਿੰਦਗੜ੍ਹ ਕਾਲੇ ਮੂੰਹ ਵਾਲਾ ਸੰਤ ਹੋਇਆ ਕਰਦਾ ਸੀ। ਜਦੋਂ ਮੈਂ ਚੰਡੀਗੜ੍ਹ ਰਹਿੰਦਾ ਸੀ ਪਹਿਲਾਂ-ਪਹਿਲਾਂ। ਲੋਕ ਉਹਨੂੰ ਘਰ ਲੈ ਜਾਂਦੇ ਸੀ, ਬੜੀ ਸੇਵਾ ਹੁੰਦੀ ਸੀ। ਇਕ ਦਿਨ ਮੇਰੇ ਮਿਲਣ ਵਾਲਾ ਸੀ ਪ੍ਰੇਮੀ ਉਹ ਕਹਿਣ ਲੱਗਿਆ ਸੰਤ ਜੀ ਤੁਸੀਂ ਤਾਂ ਬੜਾ ਤਪ ਕਰਿਆ ਹੈ। ਕਹਿੰਦਾ ਮੈਂ ਨਹੀਂ ਤਪ ਕਰਿਆ, ਤੂੰ ਮੇਰੇ ਬਾਰੇ ਜਾਣਦਾ ਨਹੀਂ। ਜੇ ਮੈਂ ਦੱਸ ਦਿਤਾ ਤੂੰ ਮੈਨੂੰ ਘਰ ਨਹੀਂ ਵੜਨ ਦੇਣਾ।

ਕਹਿੰਦਾ, "ਕੀ ਗੱਲ?"

ਕਹਿੰਦਾ, "ਕਾਹਨੂੰ ਪੁੱਛਦੈਂ।"

ਕਹਿੰਦਾ, "ਨਹੀਂ ਮਹਾਰਾਜ ਜ਼ਰੂਰ ਦੱਸੋ।"

ਕਹਿੰਦਾ ਮੈਂ ਗੋਬਿੰਦਗੜ੍ਹ ਇਕ ਸੇਠ ਜਿਸਦੀ ਆਇਰਨ ਮਿੱਲ ਸੀ ਉਸ ਦਾ ਮੁਨੀਮ ਹੋਇਆ ਕਰਦਾ ਸੀ। ਉਹ ਸੇਠ ਮੇਰੇ ਤੇ ਬਹੁਤ ਵਿਸ਼ਵਾਸ਼ ਕਰਦਾ ਸੀ ਤੇ ਮੇਰੀ ਘਰਵਾਲੀ ਦੇ ਉਤੇ ਤਾਂ ਮੇਰੇ ਤੋਂ ਵੀ ਜ਼ਿਆਦਾ ਵਿਸ਼ਵਾਸ਼ ਕਰਦਾ ਸੀ। ਅਸੀਂ ਸਲਾਹ ਬਣਾਈ ਕਿ ਇਹ ਮਿੱਲ ਆਪਣੇ ਕਾਬੂ

ਆਵੇ। ਉਹਨੇ ਆਪਣੀ ਪਾਵਰ ਆਫ਼ ਅਟਾਰਨੀ ਦੇ ਦਿਤੀ ਮੈਨੂੰ। ਉਹਦੇ ਨਾਲ ਅਸੀਂ ਧੋਖੇ ਨਾਲ ਉਸ ਤੋਂ ਦਸਤਖਤ ਕਰਾ ਲਏ। ਉਹਨੂੰ ਨਹੀਂ ਪਤਾ ਕਿ ਮੈਂ ਦੇ ਦਿਤੀ। ਜਿਥੇ ਹੋਰ ਕਾਗਜ਼ਾਂ ਤੇ ਦਸਤਖਤ ਕਰਦਾ ਸੀ, ਵਿਚੀਂ ਉਹਦੇ ਤੇ ਵੀ ਕਰ ਦਿਤੇ। ਕਿਉਂਕਿ ਬਹੁਤ ਵਿਸ਼ਵਾਸ਼ ਕਰਦਾ ਸੀ। ਫੇਰ ਉਹਦੀ ਮਿੱਲ ਜਿਹੜੀ ਸੀ ਉਹ ਮੈਂ ਆਪਣੇ ਨਾਉਂ ਕਰਾ ਦਿਤੀ। ਚਾਰ-ਪੰਜ ਸਾਲ ਲੰਘ ਗਏ ਉਹਨੂੰ ਨਹੀਂ ਪਤਾ ਲੱਗਿਆ। ਉਸ ਤੋਂ ਬਾਅਦ ਕਹਿਣ ਲੱਗਿਆ ਕਿ ਮੇਰਾ ਵਤੀਰਾ ਬਦਲ ਗਿਆ। ਇਕ ਦਿਨ ਉਹ ਕਹਿਣ ਲੱਗਿਆ ਕਿ ਮੁਨੀਮ ਸਾਹਿਬ ਤੂੰ ਤਾਂ ਐਉਂ ਕਰਦਾ ਹੈਂ, ਜਿਵੇਂ ਤੂੰ ਮਾਲਕ ਹੁੰਦਾ ਹੈਂ, ਮੈਂ ਮੁਨੀਮ ਹੁੰਦਾ ਹਾਂ। ਕਹਿੰਦਾ ਮੈਂ ਕਿਹਾ ਹਾਂ ਸੇਠ ਜੀ! ਮੈਂ ਮਾਲਕ ਹਾਂ, ਤੂੰ ਮੁਨੀਮ ਵੀ ਨਹੀਂ, ਕੁਛ ਵੀ ਨਹੀਂ। ਇਹ ਮੇਰੀ ਮਿਹਰਬਾਨੀ ਹੈ ਕਿ ਤੈਨੂੰ ਮੈਂ ਖਾਣ ਪੀਣ ਨੂੰ ਕੁਛ ਦੇਈ ਜਾਂਦਾ ਹਾਂ। ਕਹਿੰਦਾ, ਹੈਂ ਇਹ ਕੀ ਗੱਲ ਕਰ ਦਿਤੀ ਤੂੰ।

ਕਹਿੰਦਾ ਗੱਲ ਕੀ ਕਰਨੀ ਹੈ, ਇਹ ਮਿੱਲ ਤਾਂ ਮੇਰੇ ਨਾਉਂ ਆ ਚੁੱਕੀ ਹੈ। ਨਹੀਂ ਯਕੀਨ ਆਉਂਦਾ ਤਾਂ ਤੈਨੂੰ ਮੈਂ ਕਾਗਜ਼ ਦਿਖਾ ਦਿੰਦਾ ਹਾਂ। ਜਦੋਂ ਸੇਠ ਨੇ ਪੜ੍ਹਿਆ, ਐਡਾ ਸਦਮਾ ਉਹਨੂੰ ਪਹੁੰਚਿਆ, ਹਾਰਟ ਫੇਲ ਹੋ ਕੇ ਮਰ ਗਿਆ। ਕਿ ਐਡੀ ਬੇਵਿਸ਼ਵਾਸ਼ੀ, ਐਡਾ ਮੈਨੂੰ ਧੋਖਾ। ਉਹ ਵੀ ਮੇਰੇ ਬੰਦਿਆਂ ਤੋਂ।

ਕਹਿਣ ਲੱਗਿਆ, ਸਾਡੇ ਓਲਾਦ ਨਹੀਂ ਸੀ, 10 ਮਹੀਨੇ ਬਾਅਦ ਇਕ ਲੜਕਾ ਬੜਾ ਹੀ ਸੁੰਦਰ ਪੈਦਾ ਹੋਇਆ, ਬੜੀਆਂ ਸਾਨੂੰ ਖੁਸ਼ੀਆਂ ਹੋਈਆਂ। ਲੋਕ ਕਹਿੰਦੇ ਨੇ ਕਿ ਪਾਪ ਦਾ ਫਲ ਮਿਲਦਾ ਹੈ, ਮੈਂ ਕਿਹਾ ਸਭ ਫਜ਼ੂਲ ਗੱਲਾਂ ਨੇ, ਅੰਦਰੋਂ ਜਾਣਦੇ ਸੀ ਮੈਂ ਤੇ ਮੇਰੀ ਘਰਵਾਲੀ ਕਿ ਅਸੀਂ ਬੜਾ ਭਾਰੀ ਪਾਪ ਕਰਿਆ ਹੈ। ਜੇ ਸਾਨੂੰ ਫਲ ਮਿਲਦਾ ਤਾਂ ਸਾਡੇ ਬੱਚਾ ਕਿਉਂ ਹੁੰਦਾ, ਕਿਉਂਕਿ ਲੇਟ ਉਮਰ 'ਚ ਹੋਇਆ ਸਾਡੇ। ਸਾਨੂੰ ਤਾਂ ਹੋਰ ਬਖਸ਼ਿਸ਼ ਹੋ ਗਈ ਰੱਬ ਵਲੋਂ। ਇਹ ਗੱਲਾਂ ਸਭ ਫਜ਼ੂਲ ਨੇ।

ਬੱਚਾ ਵੱਡਾ ਹੋ ਗਿਆ 18 ਸਾਲ ਦਾ। ਐਨਾ ਸੋਹਣਾ ਬੱਚਾ ਜਿਵੇਂ ਰੱਬ ਨੇ ਵਿਹਲੇ ਬੈਠ ਕੇ ਬਣਾਇਆ ਹੋਵੇ। ਜਿਹੜਾ ਵੀ ਦੇਖੇ ਉਹਨੂੰ ਪਿਆਰ ਕਰੇ। ਅਖੀਰ ਉਹਨੂੰ ਟੀ.ਬੀ. ਦੀ ਬਿਮਾਰੀ ਹੋ ਗਈ। ਉਨ੍ਹਾਂ ਦਿਨਾਂ 'ਚ ਟੀ.ਬੀ. ਦੀ ਬਿਮਾਰੀ ਦਾ ਇਲਾਜ ਨਹੀਂ ਸੀ ਹੋਇਆ ਕਰਦਾ, ਜਿਵੇਂ ਅੱਜ ਕਲ੍ਹ ਏਡਜ਼ ਦਾ ਨਹੀਂ ਹੁੰਦਾ। ਲੇਕਿਨ ਉਹਦੇ ਇਲਾਜ ਵਾਸਤੇ ਮੈਂ ਉਸਨੂੰ ਯੂਰਪ ਵਿਚ ਭੇਜਿਆ। ਸਵਿਟਰਜ਼ਲੈਂਡ ਦੇ ਵਿਚ ਐਸੇ ਥਾਂ ਨੇ, ਜਿਵੇਂ ਕਸ਼ਮੀਰ ਵਿਚ ਨੇ ਜਿਥੇ ਬਿਮਾਰ ਰਾਜ਼ੀ ਹੋ ਜਾਇਆ ਕਰਦੇ ਨੇ। ਉਥੇ ਵੀ ਮੈਂ ਭੇਜਿਆ, ਖਰਚਾ ਬਹੁਤ ਹੁੰਦਾ ਸੀ, ਅਖੀਰ ਪੈਸੇ ਖਤਮ ਹੋ ਗਏ ਤੇ ਮੈਂ ਉਹਨੂੰ ਵਾਪਸ ਬੁਲਾ ਲਿਆ। ਮਿੱਲ ਵੀ ਮੈਂ ਵੇਚ ਦਿਤੀ, ਘਰ ਵੀ ਵੇਚ ਦਿਤਾ, ਕੋਈ ਚੀਜ਼ ਨਾ ਮੇਰੇ ਕੋਲ ਰਹੀ। ਇਕ ਦਿਨ ਉਹ ਬੱਚਾ ਹੱਸਿਆ, ਮੈਂ ਤੇ ਮੇਰੀ ਘਰਵਾਲੀ ਨੇ ਪੁਛਿਆ ਕਿ ਬੇਟਾ ਕੀ ਗੱਲ ਤੂੰ ਹਸਦਾ ਹੈਂ? ਕਹਿੰਦਾ ਮੈਂ ਕੋਈ ਕੌਤਕ ਦੇਖਿਆ ਹੈ ਕੁਦਰਤ ਦਾ। ਅਸੀਂ ਕਿਹਾ, ਸਾਨੂੰ ਦੱਸ? ਕਹਿੰਦਾ ਮੈਂ ਤਾਂ ਦੱਸਾਂਗਾ ਕਿ ਸੱਚੋ-ਸੱਚ ਦੱਸੋਂਗੇ। ਝੂਠ ਬੋਲੋਂਗੇ ਫੇਰ ਨਹੀਂ।

ਕਹਿੰਦੇ, "ਪੁੱਛ।"

ਕਹਿੰਦਾ, "ਇਹ ਮਿੱਲ ਤੁਹਾਡੀ ਹੈ, ਮੈਂ ਕਿਹਾ ਬਿਲਕੁਲ ਨਹੀਂ।"

"ਕੀਹਦੀ ਸੀ?"

ਕਹਿੰਦੇ, "ਇਕ ਸੇਠ ਸੀਗਾ।"

"ਤੁਹਾਡੇ ਨਾਉਂ ਕਿਵੇਂ ਆ ਗਈ?"

ਕਹਿੰਦੇ, "ਅਸੀਂ ਧੋਖਾ ਦਿਤਾ ਉਹਨੂੰ। ਬੇਵਿਸ਼ਵਾਸ਼ੀ, ਅਕ੍ਰਿਤਘਣਤਾ ਅਸੀਂ ਉਹਨੂੰ ਦਿਖਾਈ।"

ਅਸੀਂ ਧੋਖੇ ਦੇ ਨਾਲ ਆਪਣੇ ਨਾਮ ਕਰਾ ਲਿਆ ਸਭ ਕੁਛ।

ਕਹਿੰਦਾ, "ਫੇਰ ਤੁਹਾਡੇ ਪੁੱਤਰ ਹੋਇਆ?"

ਕਹਿੰਦੇ, "ਹਾਂ, ਫੇਰ ਤੂੰ ਹੋਇਆ। ਰੱਬ ਦੀ ਬਖਸ਼ਿਸ਼ ਹੋਈ।"

ਕਹਿੰਦਾ, "ਫੇਰ ਮੈਂ ਬੀਮਾਰ ਹੋ ਗਿਆ ਨਾ।"

ਐਉਂ ਦੱਸੋ, ਉਸ ਮਿੱਲ ਵਿਚੋਂ ਤੁਹਾਡੇ ਕੋਲ ਕੁਛ ਬਚਦਾ ਹੈ?"

ਕਹਿੰਦੇ, "ਬੇਟਾ, ਮਿੱਲ ਵੀ ਗਈ, ਘਰ ਵੀ ਗਿਆ, ਘਰ ਦੇ ਵਿਚ ਜਿਹੜੇ ਗਹਿਣੇ ਸੀ ਭਲੇ ਵੇਲੇ ਮੈਂ ਬਣਾਏ ਸੀ ਲੱਖਾਂ ਰੁਪਏ ਦੇ। ਐਸ ਵੇਲੇ ਕੁਛ ਨਹੀਂ ਹੈ।"

ਫੇਰ ਹੱਸਿਆ ਉਹ ਬੱਚਾ, ਕਹਿਣ ਲੱਗਿਆ, ਮੈਂ ਕੁਦਰਤ ਦਾ ਨਜ਼ਾਮ ਦੇਖ ਕੇ ਹੱਸਿਆ ਹਾਂ।" ਮੈਂ ਤੁਹਾਡਾ ਬੇਟਾ ਨਹੀਂ ਹਾਂ, ਮਤ ਮੈਨੂੰ ਬੇਟਾ ਸਮਝ ਕੇ ਭੁਲੇਖੇ 'ਚ ਪਓ। ਮੈਂ ਉਹ ਸੇਠ ਹਾਂ, ਤੁਹਾਡੇ ਤੋਂ ਬਦਲਾ ਲੈਣ ਆਇਆ ਹਾਂ। ਮੈਂ ਹੁਣ ਮਰ ਜਾਣਾ ਹੈ।" ਆਹ ਜਿਹੜੀ ਮਾਂ ਬਣੀ ਹੈ ਮੇਰੀ ਇਹਦੇ ਉਤੇ ਮੈਂ ਬਹੁਤਾ ਵਿਸ਼ਵਾਸ਼ ਕਰਦਾ ਸੀ। ਇਹ ਤਾਂ ਟੱਕਰਾਂ ਮਾਰੇਗੀ ਕੰਧਾਂ ਨਾਲ। ਕਿਉਂਕਿ ਮੇਰੀ ਗੱਲ ਤੇ ਅਮੰਨਾ ਨਹੀਂ ਕਰਨਾ ਤੇ ਤੂੰ ਵੀ ਦੁੱਖੀ ਹੁੰਦਾ ਫਿਰੇਂਗਾ।

ਦੂਸਰੇ ਦਿਨ ਮੇਰਾ ਲੜਕਾ ਚੜ੍ਹਾਈ ਕਰ ਗਿਆ। ਰੋਣਾ ਹੀ ਸੀ ਅਸੀਂ, ਸਾਡੇ ਮਨ ਵਿਚ ਆਵੇ ਕਿ ਐਵੇਂ ਹੀ ਸਾਨੂੰ ਲਾਰਾ ਲਾ ਦਿਤਾ। ਅਖੀਰ ਤੇਰ੍ਹਵੇਂ ਦਿਨ ਜਦੋਂ ਭੋਗ ਪਿਆ। ਬਹੁਤ ਦੁੱਖ ਹੋਇਆ। ਮੈਂ ਤਵਾ ਲੈ ਆਇਆ। ਉਹਦੇ ਵਿਚ ਸਰੋਂ ਦਾ ਤੇਲ ਪਾ ਲਿਆ। ਹੱਥ ਮਲੀ ਜਾਵਾਂ, ਉਧਰ ਭੋਗ ਪੈ ਰਿਹਾ ਸੀ ਤੇ ਮੈਂ ਹੱਥ ਬਿਲਕੁਲ ਕਾਲੇ ਕਰ ਲਏ। ਭਾਈਚਾਰਾ ਸਾਰਾ ਦੇਖੀ ਜਾ ਰਿਹਾ ਸੀ ਮੇਰੇ ਵਲ। ਜਿਸ ਵਕਤ ਭੋਗ ਪਿਆ, ਮੈਂ ਦੋਵੇਂ ਹੱਥ ਮੂੰਹ ਦੇ ਉਤੇ ਮਲ

ਲਏ, ਮੂੰਹ ਕਾਲਾ ਕਰ ਲਿਆ। ਸਭ ਨੇ ਮੇਰੀਆਂ ਬਾਹਵਾਂ ਫੜੀਆਂ, ਕਹਿਣ ਲੱਗੇ, ਸੇਠ ਜੀ ਸਬਰ ਕਰੋ ਤੁਸੀਂ। ਕੋਈ ਗੱਲ ਨਹੀਂ, ਮਹਾਰਾਜ ਹੋਰ ਦੇ ਦੇਏਗਾ। ਬਹੁਤ ਦਿਲਾਸੇ ਦਿੱਤੇ। ਮੈਨੂੰ ਤਾਂ ਪਤਾ ਸੀ ਕਿ ਮਹਾਰਾਜ ਨੇ ਕਿਹੜਾ ਦੇਣਾ ਹੈ। ਇਹ ਤਾਂ ਮੈਨੂੰ ਪਾਪ ਦਾ ਫਲ ਮਿਲ ਗਿਆ। ਕਹਿਣ ਲੱਗਿਆ, "ਦੁਆਬੀਆ ਸਾਹਿਬ! ਤੁਸੀਂ ਮੈਨੂੰ ਸੰਤ ਸਮਝਦੇ ਹੋਂ। ਲੇਕਿਨ ਤੁਹਾਨੂੰ ਨਹੀਂ ਪਤਾ -

ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥

ਅੰਗ - 1300

ਤੁਸੀਂ ਮੈਨੂੰ ਦਰਵੇਸ ਕਹਿੰਦੇ ਓਂ, ਮੈਂ ਤਾਂ ਲੋਕਾਂ ਨੂੰ ਦਸਦਾਂ ਫਿਰਦਾ ਹਾਂ।

ਸਾਡੇ ਪਿੰਡਾਂ ਵਿਚ ਇਕ ਬਾਬਾ ਆਇਆ ਕਰਦਾ ਸੀ, ਅੰਮ੍ਰਿਤ ਵੇਲੇ, ਟਿਕੇ ਵੇਲੇ। ਇਕ ਅਵਾਜ਼ ਦਿੰਦਾ ਸੀ, ਕੀਤਾ ਨਹੀਂ ਕਰਕੇ ਦੇਖ ਲਓ, ਕੀਤਾ ਨਹੀਂ ਕਰਕੇ ਦੇਖ ਲਓ। ਪੁੱਛਣਾ ਬਾਬਾ, ਕੀ ਕਹਿੰਦਾ ਹੈਂ? ਭਾਈ ਮੈਂ ਤੁਹਾਨੂੰ ਦਸਦਾ ਹਾਂ ਕਿ ਜੇ ਮਾੜਾ ਕੰਮ ਕੀਤਾ ਨਹੀਂ, ਕਰਕੇ ਦੇਖ ਲਓ, ਫਲ ਮਿਲੇਗਾ। ਸੋ ਇਸ ਤਰ੍ਹਾਂ ਦੇ ਨਾਲ ਕਰਮਾਂ ਦਾ ਫਲ ਜ਼ਾਇਆ ਨਹੀਂ ਜਾਂਦਾ, ਮਿਲਦਾ ਜ਼ਰੂਰ ਹੈ।

ਸੋ ਧ੍ਰਿਤਰਾਸ਼ਟਰ ਕਹਿਣ ਲੱਗਿਆ, "ਮੈਨੂੰ ਨਾਜਾਇਜ਼ ਫਲ ਮਿਲਿਆ ਹੈ, ਮੈਂ ਕਰਮ ਨਹੀਂ ਸੀ ਐਸਾ ਕੋਈ ਕਰਿਆ ਜਿਹਦਾ ਮੈਨੂੰ ਫਲ ਮਿਲਿਆ ਹੈ।"

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, "ਤੈਨੂੰ ਕਿਵੇਂ ਪਤਾ ਹੈ?"

ਕਹਿਣ ਲੱਗਿਆ, "ਮੈਂ ਜਮਾਂਦਰੂ ਅੰਨ੍ਹਾ ਹਾਂ ਤੇ ਮੇਰੀ ਜਿਹੜੀ ਸੁਰਤੀ ਹੈ ਇਹ ਸੁਖਮਨਾ ਨਾੜੀ ਵਿਚ ਹੈ।" ਸੁਖਮਨਾ ਨਾੜੀ ਦੇ ਵਿਚ ਜਿਸਦੀ ਸੁਰਤੀ ਪ੍ਰਵੇਸ਼ ਕਰ ਜਾਵੇ, ਦਸਵੇਂ ਦੁਆਰ ਵਿਚ, ਉਹਨੂੰ ਪਹਿਲੇ ਸੌ ਜਨਮ ਦਾ ਪਤਾ ਲਗ ਜਾਇਆ ਕਰਦਾ ਹੈ। ਕੌਣ ਕਿਥੇ ਹੈ, ਮੇਰਾ ਰਿਸ਼ਤੇਦਾਰ ਕਿਹੜਾ ਸੀ, ਉਹ ਹੁਣ ਕਿਥੇ ਹੈ, ਕਿਹੜੀ ਹਾਲਤ 'ਚ ਹੈ। ਇਹ ਕੁਦਰਤੀ ਗੱਲ ਹੈ, ਕਿਉਂਕਿ ਵਾਹਿਗੁਰੂ ਨੇ ਆਦਮੀ ਦੇ ਅੰਦਰ ਬਹੁਤ ਵੱਡਾ ਗਿਆਨ ਰੱਖਿਆ ਹੈ। ਅਸੀਂ ਭਾਲ ਨਹੀਂ ਕਰਦੇ, ਨਾ ਕਰਨ ਕਰਕੇ ਸਾਨੂੰ ਪਤਾ ਨਹੀਂ ਲਗਦਾ। ਮਹਾਤਮਾ ਨੂੰ ਪਤਾ ਹੁੰਦਾ ਹੈ ਕਿ ਇਹ ਕੌਣ ਹੈ, ਕਿਥੋਂ ਆਇਆ ਹੈ? ਇਸੇ ਕਰਕੇ ਉਹ ਤੱਤ ਦੀ ਪਛਾਣ ਰਖਦੇ ਨੇ। ਦੂਜੀਆਂ ਗੱਲਾਂ 'ਚ ਘੱਟ ਪੈਂਦੇ ਨੇ।

ਕ੍ਰਿਸ਼ਨ ਮਹਾਰਾਜ ਕਹਿੰਦੇ, "ਜੇ ਸੌ ਜਨਮ ਤੋਂ ਉਤੇ ਹੋਵੇ?"

ਕਹਿੰਦਾ, "ਤਾਂ ਦਿਖਾ ਦਿਓ ਮੈਨੂੰ।"

ਇਕ ਸੌ ਸੱਤਵਾਂ ਜਨਮ ਦਿਖਾਇਆ, ਉਹਦੇ ਵਿਚ ਰਾਜਾ ਹੈ ਤੇ ਮਾਸ ਖਾਣ ਦਾ ਬੜਾ ਸ਼ੌਕੀਨ ਹੈ। ਇਕ ਦਿਨ ਮਾਸ ਨਾ ਮਿਲਿਆ, ਕਹਿਣ ਲੱਗੇ, ਮਹਾਰਾਜ ਕਿਤੋਂ ਨਹੀਂ ਮਿਲਿਆ।

ਸੌ ਬੱਚਾ ਇਹਨੇ ਹੰਸ ਦਾ ਪਾਲਿਆ ਹੋਇਆ ਸੀ, ਕਹਿੰਦਾ ਇਹ ਬਣਾ ਲਓ ਇਕ। ਉਹ ਜਦੋਂ ਬਣਾ ਕੇ ਦਿਤਾ, ਇਹਨੂੰ ਲੱਗਿਆ ਸਵਾਦ। ਕਹਿਣ ਲੱਗਿਆ, ਇਹ ਰੋਜ਼ ਹੀ ਬਣਾ ਲਓ। ਤਿੰਨ ਮਹੀਨੇ 10 ਦਿਨ ਵਿਚ ਸਾਰੇ ਹੀ ਬੱਚੇ ਖਾ ਗਿਆ ਇਹ।

ਉਧਰੋਂ ਮਾਨ-ਸਰੋਵਰ ਝੀਲ ਤੋਂ ਹੰਸ ਉਸੇ ਥਾਂ ਫੇਰ ਆਏ। ਉਥੇ ਆ ਕੇ ਉਨ੍ਹਾਂ ਨੇ ਜਾਣ ਲਿਆ ਕਿ ਬੱਚੇ ਤਾਂ ਸਾਡੇ ਮਾਰ ਦਿਤੇ ਸਾਰੇ।

ਇਹ ਜਿਹੜੇ ਜਾਨਵਰ ਦੋ ਤਿੰਨ ਨੇ - ਹੰਸ, ਸਾਰਸ ਵਗੈਰਾ ਇਹ ਬੜੇ ਹੀ ਸੰਵੇਦਨਸ਼ੀਲ ਨੇ ਇਹ। ਇਨ੍ਹਾਂ ਦੇ ਅੰਦਰ 49% ਸੁਰਤ ਹੁੰਦੀ ਹੈ ਬੰਦੇ ਵਰਗੀ। ਕਾਂ ਨੂੰ ਪਤਾ ਲਗ ਜਾਂਦਾ ਹੈ, ਕੋਈ ਮਨ ਵਿਚ ਗੱਲ ਚਿਤਵੋ ਉਹਨੂੰ ਉਦੋਂ ਹੀ ਪਤਾ ਲਗ ਜਾਂਦੀ ਹੈ। ਸਾਰੇ ਜਾਨਵਰਾਂ ਨੂੰ ਪਤਾ ਲਗ ਜਾਂਦਾ ਹੈ ਕਿ ਇਹ ਮੇਰਾ ਬੁਰਾ ਚਾਹੁੰਦਾ ਹੈ।

ਆਦਮੀ ਧੋਖਾ ਦੇ ਕੇ ਮਾਰਦਾ ਹੈ ਜਾਨਵਰਾਂ ਨੂੰ। ਉਨ੍ਹਾਂ ਨੂੰ ਪਤਾ ਲਗ ਜਾਂਦਾ ਹੈ ਕਿਉਂਕਿ ਟੈਲੀਪੈਥੀ ਕੰਮ ਕਰਦੀ ਹੈ ਉਨ੍ਹਾਂ ਵਿਚ। ਸਾਡੇ 'ਚ ਬੰਦ ਹੋ ਗਈ। ਪੰਜ ਹਜ਼ਾਰ ਸਾਲ ਪਹਿਲਾਂ ਟੈਲੀਪੈਥੀ ਹੁੰਦੀ ਸੀ ਮਨੁੱਖ ਦੇ ਅੰਦਰ ਵੀ। ਮਨੁੱਖ ਪਸ਼ੂ, ਪੰਛੀਆਂ ਦੀ ਬੋਲੀ ਸਮਝ ਜਾਂਦਾ ਸੀ। ਹੁਣ ਤਾਂ ਅੰਨ੍ਹਾ ਹੋ ਗਿਆ, ਇਹਨੂੰ ਪਤਾ ਹੀ ਨਹੀਂ ਹੈ ਕਿਸੇ ਗੱਲ ਦਾ। ਆਪਣੇ ਆਪ ਦੀ ਗੱਲ ਨਹੀਂ ਸਮਝਦਾ, ਦੂਜਿਆਂ ਦੀ ਕੀ ਸਮਝਣੀ ਹੈ।

ਸੋ ਉਨ੍ਹਾਂ ਹੰਸਾਂ ਨੇ ਜਦੋਂ ਅਨੁਭਵ ਕਰਿਆ ਕਿ ਸਾਡੇ ਬੱਚੇ ਖਾ ਗਏ, ਉਹ ਐਨੇ ਨਰਮ ਦਿਲ ਹੁੰਦੇ ਨੇ, ਮੋਹ ਵਿਚ ਹੁੰਦੇ ਨੇ, ਉਹ ਮਹੱਲ ਦੇ ਉਤੇ ਘੁੰਮਦੇ-ਘੁੰਮਦੇ ਥੱਕ ਕੇ ਗਿਰ ਕੇ ਮਰ ਗਏ। ਕ੍ਰਿਸ਼ਨ ਮਹਾਰਾਜ ਨੇ ਜਿਵੇਂ ਫਿਲਮ ਦਿਖਾਈਦੀ ਹੈ, ਸਭ ਕੁਛ ਦਿਖਾ ਦਿਤਾ ਕਿ ਐਉਂ ਮਰ ਗਏ। ਕਹਿਣ ਲੱਗੇ, "ਕਿਉਂ ਰਾਜਨ! ਤੂੰ ਵੀ ਸੌ ਬੱਚਾ ਮਾਰਿਆ ਸੀ ਹੁਣ ਤੈਨੂੰ ਬਦਲਾ ਮਿਲ ਗਿਆ ਤੇਰਾ ਵੀ ਸੌ ਬੱਚਾ ਮਰ ਗਿਆ।"

ਕਹਿਣ ਲੱਗਿਆ, "ਮਹਾਰਾਜ ਮੇਰੀਆਂ ਅੱਖਾਂ ਦੀ ਜੋਤੀ ਕਿਉਂ ਨਹੀਂ ਮਿਲੀ? ਸਾਰਾ ਸੰਸਾਰ ਅੱਖਾਂ ਵਾਲਾ ਹੈ, ਮੈਂ ਕਿਉਂ ਅੰਨ੍ਹਾ ਹਾਂ।"

ਕਹਿੰਦੇ, "104 ਜਨਮ ਦਿਖਾਉਂਦੇ ਹਾਂ।"

ਜਦੋਂ ਦਿਖਾਇਆ ਤਾਂ ਬੱਚਿਆਂ ਦੇ ਨਾਲ ਖੇਲ੍ਹਦਾ ਫਿਰਦਾ ਹੈ, ਅੱਕ ਦੇ ਉਤੋਂ ਟਿੱਡਾ ਫੜ ਲਿਆ, ਬੱਚਿਆਂ ਦੇ ਕੋਲ ਕੱਚੇ ਧਾਗੇ ਨੇ ਉਹ ਪੌਂਚੇ 'ਚ ਪਾਉਂਦੇ ਨੇ, ਉਤੇ ਨੂੰ ਉਡਾਈ ਜਾਂਦੇ ਨੇ, ਧਾਗਾ ਟੁੱਟ ਜਾਂਦਾ ਹੈ, ਉਹ ਉਤੇ ਨੂੰ ਉਡ ਜਾਂਦੇ ਨੇ। ਇਹਨੇ ਕੀ ਕਰਿਆ ਕਿ ਇਹ ਕਿਤੇ ਨਾ ਜਾਵੇ। ਸੂਲ ਤੋੜੀ, ਦੋਵੇਂ ਅੱਖਾਂ 'ਚੋਂ ਸਾਰ-ਪਾਰ ਲੰਘਾ ਕੇ ਕੱਢੀ ਨਹੀਂ ਵਿਚੀ ਫਸੀ ਰਹਿਣ ਦਿਤੀ ਤੇ ਉਤੇ ਨੂੰ

ਮਾਰਿਆ ਵਗਾਹ ਕੇ। ਉਸ ਨੇ ਤੜਫਦੇ-ਤਫੜਦੇ ਨੇ ਅਖੀਰ ਜਾਨ ਦੇ ਦਿਤੀ।

ਕਹਿਣ ਲੱਗੇ, "ਕਿਉਂ ਰਾਜਨ? ਕਰਮ ਚਾਹੇ ਤੂੰ ਪਸ਼ੂ ਨਾਲ ਕਰ ਲੈ, ਸ੍ਰਿਸ਼ਟੀ ਤਾਂ ਸਾਰੀ ਵਾਹਿਗੁਰੂ ਦੀ ਹੈ। ਵਾਹਿਗੁਰੂ ਤੋਂ ਬਾਹਰ ਤਾਂ ਹੈ ਨਹੀਂ। ਇਹ ਤਾਂ ਫਲ ਦੇਣਾ ਹੀ ਪੈਂਦਾ ਹੈ।"

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥
ਅੰਗ - 433

ਸੋ ਇਸ ਤਰ੍ਹਾਂ ਮਹਾਰਾਜ ਜੀ ਸਾਨੂੰ ਪਹਿਲੀ ਤੁੱਕ ਦੇ ਰਾਹੀਂ ਸਮਝਾਉਂਦੇ ਨੇ ਕਿ ਪਿਆਰਿਓ! ਕੱਤਕ ਦੇ ਮਹੀਨੇ ਦੀ ਸੰਗਰਾਂਦ ਮਨਾਉਣ ਆਏ ਓਂ ਤੁਸੀਂ ਇਸ ਗੱਲ ਨੂੰ ਦਿਲ ਵਿਚ ਦ੍ਰਿੜ੍ਹ ਕਰ ਲਓ। ਕਿ -

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥
ਅੰਗ - 135

ਕੱਤਕ ਦੇ ਮਹੀਨੇ ਵਿਚ ਜੋ ਤੁਸੀਂ ਕਰਮ ਕਰਦੇ ਓਂ, ਆਹ ਮਾਨਸ ਸਰੀਰ ਨੂੰ ਕੱਤਕ ਕਿਹਾ ਹੈ, ਜਦੋਂ ਭੁਗਤਣਾ ਹੈ ਫੇਰ ਨਾ ਦੋਸ਼ ਦਿਓ ਕਿਸੇ ਨੂੰ। ਸੋ ਸੋਚ ਕੇ ਕਰਮ ਕਰੋ-

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥
ਅੰਗ - 918

ਮਹਾਰਾਜ ਨੇ ਬੁੱਧੀ ਦਿਤੀ ਹੈ ਇਸ ਕਰਕੇ ਦਿਤੀ ਕਿ ਵਿਚਾਰ ਨਾਲ ਸੋਚੋ ਕਿ ਕਰਮ ਮੈਂ ਕਰਨ ਲੱਗਿਆ ਹਾਂ, ਇਹਦਾ ਫਲ ਕੀ ਹੋਏਗਾ। ਲੇਕਿਨ ਲਾਲਚ ਦੇ ਵਸ ਆ ਕੇ ਆਦਮੀ ਕਰਮ ਕਰ ਲੈਂਦਾ ਹੈ। ਮਹਾਰਾਜ ਕਹਿੰਦੇ, ਜਿਹੜਾ ਲਾਲਚ ਦੇ ਵਸ ਆ ਕੇ ਕਰਮ ਕਰੇ ਉਹਦਾ ਨਤੀਜਾ ਕੀ ਹੁੰਦਾ ਹੈ -

ਜੋ ਜੋ ਕਰਮ ਕੀਏ ਲਾਲਚ ਸਿਉ
ਤੇ ਫਿਰਿ ਗਰਹਿ ਪਰਿਓ॥ ਅੰਗ - 336

ਲਾਲਚ ਵਿਚ ਆ ਕੇ ਜਿਹੜੇ-ਜਿਹੜੇ ਕਰਮ ਕਰੇ ਨੇ, ਉਹਦੇ ਨਾਲ ਬੰਨ੍ਹਿਆ ਜਾਂਦਾ ਹੈ, ਵੈਰ ਭਾਵ ਦੇ ਨਾਲ ਕਰਮ ਕਰਦਾ ਹੈ, ਬੰਨ੍ਹਿਆ ਜਾਂਦਾ ਹੈ ਫੇਰ, ਬਦਲਾ ਦੇਣਾ ਹੀ ਪੈਂਦਾ ਹੈ। ਫਿੱਕਾ ਬੋਲਦਾ ਹੈ ਬਦਲਾ ਦੇਣਾ ਪੈਂਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਤੁਸੀਂ ਇਸ ਮਹੀਨੇ ਨੂੰ ਮਨਾਉਣ ਵਾਸਤੇ ਆਏ ਹੋਂ। ਇਹ ਗੱਲ ਯਾਦ ਕਰ ਲਓ ਸਾਡੀ ਕਿ ਕੋਈ ਐਸਾ ਕੰਮ ਨਾ ਕਰੋ -

ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮਡੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥
ਅੰਗ - 1381

ਉਥੇ ਤਾਂ ਖੜ੍ਹਨਾ ਪੈਣਾ ਹੈ, ਕਟਹਿਰੇ ਦੇ ਵਿਚ ਫੇਰ। ਇਥੇ ਹੀ ਬਚੇ, ਐਥੇ ਹੀ ਕੋਈ ਕਰਮ ਨਾ ਕਰੇ, ਜਿਹੜੇ ਕਰਮ ਦਾ ਫਲ ਅੱਗੇ ਜਾ ਕੇ ਸ਼ਰਮਿੰਦਗੀ 'ਚ ਨਿਕਲੇ। ਐਸਾ ਕੰਮ -

ਧੰਨਿ ਧੰਨਿ ਕਹੈ ਸਭਿ ਕੋਇ॥
ਮੁਖ ਊਜਲ ਹਰਿ ਦਰਗਹ ਸੋਇ॥ ਅੰਗ - 283

ਜੈ-ਜੈਕਾਰ ਹੋਵੇ, ਸੇਵਾ ਕਰਦਾ ਹੈਂ ਤਾਂ ਜੈ-ਜੈਕਾਰ ਹੋਵੇਗੀ। ਐਵੇਂ ਤਾਂ ਨਹੀਂ ਹੈ, ਲੱਕੜਾਂ ਚੁੱਕੀ ਗਈ, ਪਾਥੀਆਂ ਚੁੱਕੀ ਗਏ, ਕੋਈ ਲਾਰਾ ਨਹੀਂ ਹੈ। ਮਹਾਰਾਜ ਕਹਿੰਦੇ ਸੇਵਾ ਕਰ ਰਿਹਾ ਹੈਂ, ਗੁਰੂ ਘਰ ਦੇ ਲੰਗਰ ਵਾਸਤੇ ਬਾਲਣ ਨੂੰ ਸੰਭਾਲ ਰਿਹਾ ਹੈਂ। ਉਹਦੇ ਨਾਲ ਪ੍ਰਸ਼ਾਦੇ ਬਣਨੇ ਨੇ, ਭੁੱਖੇ ਨੇ ਪ੍ਰਸ਼ਾਦਾ ਛਕਣੈ, ਵੱਡੇ-ਵੱਡੇ ਸਮਾਗਮ ਹੁੰਦੇ ਨੇ, ਤੇਰੀ ਸੇਵਾ ਥਾਂ ਪੈ ਜਾਣੀ ਹੈ -

ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥ ਅੰਗ - 26

ਪਰ ਕਰਦਾ ਕੌਣ ਹੈ। ਕਹਿੰਦੇ ਭਾਗ ਤੋਂ ਹੀਣੇ ਨੂੰ ਸੇਵਾ ਨਹੀਂ ਮਿਲਦੀ। ਉਹ ਕੋਲ ਹੀ ਰਹਿ ਜਾਂਦਾ ਹੈ।

ਸੋ ਸੇਵਕੁ ਜੋ ਲਾਇਆ ਸੇਵ॥
ਤਿਨ ਹੀ ਪਾਏ ਨਿਰੰਜਨ ਦੇਵ॥ ਅੰਗ - 1159

ਸੇਵਾ ਓਹੀ ਕਰਦਾ ਹੈ ਜਿਹਨੂੰ ਪ੍ਰਮੇਸ਼ਰ ਲਾ ਦਿੰਦਾ ਹੈ। ਦੂਜਾ ਜਿਹੜਾ ਹੈ ਉਹ ਦੇਖਦਾ ਹੀ ਰਹਿ ਜਾਂਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਦੂਸਰੀ ਗੱਲ ਮਹਾਰਾਜ ਜੀ ਨੇ ਸਮਝਾਈ ਹੈ ਕਿ ਸੰਸਾਰ ਵਿਚ ਆ ਕੇ ਆਦਮੀ ਜਿਹੜੀਆਂ ਚੀਜ਼ਾਂ ਹੁੰਦੀਆਂ ਨੇ ਉਨ੍ਹਾਂ ਵਿਚ ਪਰਚ ਜਾਂਦਾ ਹੈ। ਜਿਹੜਾ ਦਾਤਾ ਹੈ ਉਸਨੂੰ ਯਾਦ ਨਹੀਂ ਰੱਖਦਾ। ਦੇਣ ਵਾਲਾ ਭੁੱਲ ਜਾਂਦਾ ਹੈ -

ਦਾਤਿ ਪਿਆਰੀ ਵਿਸਰਿਆ ਦਾਤਾਰਾ॥ ਅੰਗ - 676

ਮਹਾਰਾਜ ਕਹਿੰਦੇ ਉਹਦੇ ਨਾਲ ਹੁੰਦਾ ਕੀ ਹੈ?

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥
ਅੰਗ - 135

ਇਕ ਰੋਗ ਨਹੀਂ, ਸਾਰੇ ਜਿੰਨੇ ਰੋਗ ਗਿਣੇ ਜਾਂਦੇ ਨੇ, ਕੁੱਲ ਰੋਗ ਪੈਦਾ ਹੋ ਜਾਂਦੇ ਨੇ, ਨਾਮ ਨਾਲੋਂ ਭੁੱਲ ਕੇ। ਜਦੋਂ ਨਾਮ ਜਪਿਆ, ਉਹਦੇ ਨਾਲ ਕੀ ਹੁੰਦਾ ਹੈ, ਕੋਈ ਰੋਗ ਨਹੀਂ ਰਹਿੰਦਾ।

ਸਰਬ ਰੋਗ ਕਾ ਅਉਖਦੁ ਨਾਮੁ॥ ਅੰਗ - 274

ਸਾਰੇ ਰੋਗਾਂ ਦਾ ਇਕੋ ਇਲਾਜ ਹੈ ਪ੍ਰਮੇਸ਼ਰ ਦਾ ਨਾਮ। ਉਹ ਜਿਹੜੀ ਦਵਾਈ ਹੈ ਮਹਾਰਾਜ ਨੇ ਹਰੇਕ ਦੇ ਅੰਦਰ ਰੱਖੀ ਹੋਈ ਹੈ।

ਹਰਿ ਅਉਖਧੁ ਸਭ ਘਟ ਹੈ ਭਾਈ॥
ਗੁਰ ਪੂਰੇ ਬਿਨੁ ਬਿਧਿ ਨ ਬਨਾਈ॥ ਅੰਗ - 259

ਇਹ ਨਹੀਂ ਕਿ ਨਾਮ ਜਪਣ ਵਾਲਿਆਂ ਕੋਲ ਹੈ। ਜਿਹੜੇ ਪਾਪ ਕਰਦੇ ਨੇ ਉਨ੍ਹਾਂ ਕੋਲ ਵੀ ਇਹ ਦਵਾਈ ਹੈ। ਪਰ -

ਗੁਰ ਪੂਰੇ ਬਿਨੁ ਬਿਧਿ ਨ ਬਨਾਈ॥ ਅੰਗ - 259

ਜਿੰਨਾ ਚਿਰ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ।

ਪੂਰੇ ਮਹਾਂਪੁਰਸ਼ ਦਾ ਮੇਲ ਨਹੀਂ ਹੁੰਦਾ। ਬਿਧ ਨਹੀਂ ਬਣਦੀ। ਜਾਣਦਾ ਨਹੀਂ ਹੈ ਕਿ ਇਹ ਦਵਾਈ ਵਰਤਣੀ ਕਿਵੇਂ ਹੈ?

ਗੁਰਿ ਪੂਰੈ ਸੰਜਮੁ ਕਰਿ ਦੀਆ॥
ਨਾਨਕ ਤਉ ਫਿਰਿ ਦੂਖ ਨ ਥੀਆ॥ ਅੰਗ - 259

ਜਦੋਂ ਸੰਜਮ ਕਰਕੇ ਪੂਰੇ ਗੁਰੂ ਨੇ ਦੇ ਦਿਤਾ, ਫੇਰ ਸਾਰੇ ਦੁਖਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ। ਸੋ ਮਹਾਰਾਜ ਕਹਿੰਦੇ -

ਦੁਖੁ ਤਦੇ ਜਾ ਵਿਸਰਿ ਜਾਵੈ॥ ਅੰਗ - 98

ਵਿਘਨ ਤਾਂ ਆਉਂਦੇ ਨੇ -

ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥
ਅੰਗ - 522

ਜਿਹੜਾ ਨਾਮ ਨੂੰ ਭੁੱਲ ਗਿਆ, ਉਹਨੂੰ ਕਰੋੜਾਂ ਵਿਘਨ ਲੱਗਣੇ ਹੀ ਲੱਗਣੇ ਨੇ। ਚਾਹੇ ਫਿਰੀ ਜਾਹ ਜਿਥੇ ਤੇਰਾ ਜੀਅ ਕਰਦਾ ਹੈ ਕਿਉਂਕਿ ਨਾਮ ਨੂੰ ਭੁੱਲਿਆ ਹੋਇਆ ਹੈ। ਜੇ ਨਾਮ ਤੈਨੂੰ ਨਹੀਂ ਭੁੱਲਿਆ ਤਾਂ -

ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥ ਅੰਗ - 262

ਕੋਈ ਵਿਘਨ ਨਹੀਂ ਲਗਣਾ ਕਿਉਂਕਿ ਪ੍ਰਭੂ ਦੀ ਯਾਦ ਵਿਚ ਰਹਿਣਾ ਹੈ। ਉਹ ਫੇਰ ਤੇਰੇ ਨਾਲ ਰਹਿੰਦਾ ਹੈ, ਨਾਲ ਰਹਿੰਦਾ ਮਦਦ ਕਰਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਜੀਵ ਜਿਹੜਾ ਹੈ ਦਾਤਾਂ ਲੈ ਲੈਂਦਾ ਹੈ, ਮੰਗਦਾ ਹੈ ਲੋੜ ਵੇਲੇ -

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥
ਅੰਗ - 681

ਉਹ ਨਹੀਂ ਦੇਖਦਾ ਉਹ ਦੇ ਦਿਆ ਕਰਦਾ ਹੈ। ਲੇਕਿਨ ਹੁੰਦਾ ਕੀ ਹੈ, ਦਾਤ ਦੇ ਵਿਚ ਪਰਚ ਜਾਂਦਾ ਹੈ। ਬੇਮੁਖ ਹੋ ਗਿਆ। ਮਹਾਰਾਜ ਕਹਿੰਦੇ -

ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥
ਅੰਗ - 135

ਕੁੱਤਾ, ਬਿੱਲਾ, ਸੂਰ, ਸੱਪ ਬਣਦਾ ਫਿਰੇਗਾ ਕਿਉਂਕਿ ਰੱਬ ਤੋਂ ਬੇਮੁਖ ਹੋ ਗਿਆ। ਬੇਮੁਖਾਂ ਨੂੰ ਜਾਣਾ ਹੀ ਪੈਂਦਾ ਹੈ ਨੀਵੀਂਆਂ ਜੂਨਾਂ ਵਿਚ ਤੇ ਜਿਹੜੇ ਇਹਦੇ ਭੋਗ ਹੁੰਦੇ ਨੇ, ਜਿਨ੍ਹਾਂ ਦੇ ਵਾਸਤੇ ਇਹਨੇ ਪਾਪ ਕਰੇ ਨੇ। ਉਹ ਕੌੜੇ ਲਗਣ ਲਗ ਜਾਂਦੇ ਨੇ। ਬਲੱਡ ਪਰੈਸ਼ਰ ਹੋ ਜਾਏ, ਹਾਰਟ ਟਰੱਬਲ ਹੋ ਜਾਏ, ਕੋਈ ਫਿਕਰ ਹੋ ਜਾਵੇ, ਰੋਟੀ ਦਾ ਸਵਾਦ ਹੀ ਨਹੀਂ ਆਉਂਦਾ, ਭੋਗ ਸਾਰੇ ਫਿੱਕੇ ਪੈ ਜਾਂਦੇ ਨੇ ਤੇ ਜਦੋਂ ਸਰੀਰ ਛੱਡਦਾ ਹੈ -

ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥
ਅੰਗ - 135

ਪਿਆਰਿਆ! ਕਰਮ ਤੂੰ ਕਰਦਾ ਹੈਂ, ਤੇਰਾ ਵਿਚੋਲਾ ਕੌਣ ਬਣੂੰਗਾ? ਵਿਚੋਲਾ ਨਹੀਂ ਬਣਨਾ, ਤੂੰ ਆਪੇ ਬੀਜੇਂਗਾ ਤੇ ਆਪੇ ਖਾਏਂਗਾ। ਤੇਰਾ ਬੀਜਿਆ ਹੋਇਆ ਹੋਰਾਂ ਨੇ ਨਹੀਂ ਖਾਣਾ। ਤੇਰਾ ਵਿਚੋਲਾ ਨਹੀਂ ਕੋਈ ਬਣਨਾ, ਹੁਣ ਕਿਹਦੇ ਕੋਲ ਰੋਵੇਂਗਾ। ਜੇ ਉਹ ਬੰਦਾ ਰੋਜ਼ ਰੋਣ ਲਗ ਜਾਵੇ, ਦੂਜੇ ਕੰਨੀ ਕਤਰਾਉਣ ਲਗ ਜਾਂਦੇ ਨੇ ਕਿ ਇਹਨੇ ਤਾਂ ਰੋਣਾ ਹੀ ਹੈ, ਪਾਸੇ ਹਟ ਜਾਓ। ਕੋਈ ਬੰਦਾ ਕਿਸੇ ਦੀ ਮਦਦ ਨਹੀਂ ਕਰਦਾ। ਮਹਾਰਾਜ ਕਹਿੰਦੇ ਜਦੋਂ ਤੂੰ ਦਰਗਾਹ ਵਿਚ ਜਾ ਕੇ ਕੀਤੇ ਹੋਏ ਕਰਮਾਂ ਦਾ ਫਲ ਭੋਗੇਂਗਾ। ਫੇਰ ਤਾਂ ਤੈਨੂੰ ਹੀ ਭੋਗਣਾ ਪੈਣਾ ਹੈ।

ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥
ਅੰਗ - 135

ਇਨ੍ਹਾਂ ਦਾ ਦਰਗਾਹ ਤੋਂ ਲਿਖਿਆ ਹੋਇਆ ਹੈ ਫਲ ਭੋਗਣਾ। ਜਿਹੜਾ ਦਰਗਾਹ ਤੋਂ ਲਿਖ ਦਿਤਾ ਉਹ ਤਾਂ ਤੂੰ ਖੁਸ਼ੀ-ਖੁਸ਼ੀ ਭੋਗ ਲੈ। ਤੈਨੂੰ ਭੋਗਣਾ ਹੀ ਪੈਣਾ ਹੈ। ਪਰ ਮਹਾਰਾਜ ਨੇ ਸਾਨੂੰ ਇਕ ਆਸ ਦਿਵਾ ਦਿਤੀ। ਉਹ ਕਹਿੰਦੇ ਜੇ ਵੱਡੇ ਭਾਗ ਹੋਣ, ਸਾਧੂ ਦੀ ਸੰਗਤ ਹੋ ਜਾਵੇ, ਪੂਰਨ ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ, ਬ੍ਰਹਮ ਬਕਤਾ ਮਹਾਂਪੁਰਸ਼, ਜਿਹੜਾ ਹਰ ਵਕਤ ਪ੍ਰਮੇਸ਼ਰ ਨੂੰ ਘਟ-ਘਟ ਵਿਚ ਦੇਖਦਾ ਹੈ। ਐਸੇ ਦਾ ਜੇ ਮੇਲ ਹੋ ਜਾਵੇ ਕਹਿੰਦੇ ਫੇਰ ਸੁਖੀ ਹੋ ਜਾਂਦਾ ਹੈ।

ਵਡਭਾਗੀ ਮੇਰਾ ਪ੍ਰਭ ਮਿਲੈ ਤਾਂ ਉਤਰਹਿ ਸਭਿ ਬਿਓਗ॥
ਅੰਗ - 135

ਗਿਆਨ ਦੇ ਨਾਲ ਜਦੋਂ ਪ੍ਰਮੇਸ਼ਰ ਮਿਲ ਜਾਂਦਾ ਹੈ, ਆਪਣੀ ਮੈਂ ਖਤਮ ਹੋ ਜਾਂਦੀ ਹੈ ਕਹਿੰਦੇ ਸਾਰੇ ਵਿਯੋਗ ਜਿੰਨੇ ਸਾਰੇ ਦੁੱਖ ਨੇ ਸਾਰੇ ਖਤਮ ਹੋ ਜਾਂਦੇ ਨੇ।

ਨਾਨਕ ਕਉ ਪ੍ਰਭ ਰਾਖਿ ਲਹਿ ਮੇਰੇ ਸਾਹਿਬ ਬੰਦੀ ਮੋਚ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥
ਅੰਗ - 135

ਕੱਤਕ ਦੇ ਵਿਚ ਸਾਧੂ ਦੀ ਸੰਗਤ ਹੋ ਜਾਵੇ, ਸਾਰੀਆਂ ਸੋਚਾਂ, ਸਾਰੇ ਅੰਦੇਸ਼ੇ, ਸਾਰੇ ਆਸ਼ੇ ਖਤਮ ਹੋ ਜਾਂਦੇ ਨੇ ਤੇ ਪਰਮ ਅਨੰਦ ਦੀ ਪ੍ਰਾਪਤੀ ਹੋ ਕੇ ਸੁਖਾਲਾ ਜੀਵਨ ਬਤੀਤ ਹੁੰਦਾ ਹੈ।

- ਨੋਟ -

ਮਹਾਂਪੁਰਸ਼ਾਂ ਦੀ ਹਸਤ ਲਿਖਤ 12 ਮਹੀਨਿਆਂ ਦੀ ਕਥਾ ਖੋਜ ਭਰਪੂਰ ਪੁਸਤਕ 'ਹੋਵਹਿ ਅਨੰਦ ਘਣਾ' ਵਿਚੋਂ ਪੜ੍ਹ ਕੇ ਆਪਣੀ ਜਗਿਆਸਾ ਪੂਰੀ ਕਰੋ ਜੀ।

ਸੰਪਾਦਕੀ

ਅਕਤੂਬਰ 31 2001 ਦੇ ਦਿਨ ਰਤਵਾੜਾ ਸਾਹਿਬ ਦੇ ਹਰਮਨ ਪਿਆਰੇ, ਲੱਖਾਂ ਰੂਹਾਂ ਨੂੰ ਪਿਆਰ ਕਰਨ ਵਾਲੇ ਮਹਾਂਪੁਰਸ਼ ਮਹਾਂ-ਸਮਾਧੀ ਲੀਨ ਹੋ ਗਏ ਸੀ। ਅਨੁਭਵੀ ਪੁਰਸ਼ਾਂ ਲਈ ਸੰਸਾਰ ਨੂੰ ਤਿਆਗਣਾ, ਸਰੀਰ ਛੱਡ ਦੇਣਾ, ਸੰਸਾਰੀ ਲੋਕਾਂ ਵਾਂਗ ਕੋਈ ਭਿਆਨਕ ਕਿਰਿਆ ਨਹੀਂ ਹੁੰਦੀ। ਅਸੀਂ ਦੁਨਿਆਵੀ ਲੋਕ ਜਿਹੜੇ ਉਨ੍ਹਾਂ ਦੇ ਸਰੀਰਕ ਦਰਸ਼ਨਾਂ ਨਾਲ ਜੁੜੇ ਹੁੰਦੇ ਹਾਂ, ਉਸ ਸਰੂਪ ਦੇ ਅਲੋਪ ਹੋ ਜਾਣ ਨੂੰ ਸਹਾਰ ਨਹੀਂ ਸਕਦੇ। ਮਹਾਂਪੁਰਸ਼ਾਂ ਦੀ ਵਡਿਆਈ ਇਹ ਸੀ ਕਿ ਉਨ੍ਹਾਂ ਨੇ ਗੁਰਮਤਿ ਅਨੁਸਾਰ ਸਾਨੂੰ ਨਾ ਕੇਵਲ ਜੀਉਣਾ ਸਿਖਾਇਆ, ਸਗੋਂ ਮੌਤ ਦੀ ਅਸਲੀਅਤ ਵੀ ਦੱਸੀ ਅਤੇ ਇਸ ਦੀ ਭਿਆਨਕਤਾ ਤੋਂ ਸਾਨੂੰ ਮੁਕਤ ਕੀਤਾ। ਮਹਾਂਪੁਰਸ਼ ਗੁਰਬਾਣੀ ਦੇ ਪ੍ਰਸੰਗ ਵਿਚ ਦੱਸਿਆ ਕਰਦੇ ਸੀ ਕਿ ਜੰਮਣਾ ਮਰਨਾ ਮਨੁੱਖ ਦੇ ਆਪਣੇ ਵਸ ਵਿਚ ਨਹੀਂ ਹੁੰਦਾ। ਇਹ ਹੁਕਮ ਦੀ ਖੇਡ ਹੈ। (ਹੁਕਮੀ ਹੋਵਨ ਜੀਅ), ਕਰਨ-ਕਰਾਵਨਹਾਰ ਪ੍ਰਮਾਤਮਾ ਹੈ -

ਇਸ ਕਾ ਬਲੁ ਨਾਹੀ ਇਸ ਹਾਥ
ਕਰਨ ਕਰਾਵਨ ਸਰਬ ਕੋ ਨਾਥ॥ ਅੰਗ - 277

ਮਹਾਂਪੁਰਸ਼ਾਂ ਦੀ ਲਿਵ ਸਦਾ ਨਿਰੰਕਾਰ ਨਾਲ ਜੁੜੀ ਰਹਿੰਦੀ ਸੀ। ਉਨ੍ਹਾਂ ਦਾ ਸਾਰਾ ਜੀਵਨ ਪਰਉਪਕਾਰ ਵਿਚ ਗੁਜ਼ਰਿਆ। ਨਿੱਜੀ ਸੀਮਤ ਵਲਗਣ ਵਿਚੋਂ ਨਿਕਲ ਕੇ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਪਿਆਰ ਗਲਵਕੜੀ ਵਿਚ ਲਿਆ, ਨਾਮ ਨਾਲ ਜੋੜਿਆ, ਦੁੱਖਾਂ ਦੇ ਜੀਵਨ ਵਿਚੋਂ ਕੱਢ ਕੇ ਅਨੰਦਮਈ ਜੀਵਨ ਜੀਉਣ ਦੀ ਜਾਚ ਸਿਖਾਈ। ਐਸੇ ਪਰਉਪਕਾਰੀ ਗੁਰਮੁਖਾਂ ਬਾਰੇ ਗੁਰਬਾਣੀ ਵਿਚ ਲਿਖਿਆ ਹੈ -

ਧੰਨਿ ਧੰਨਿ ਕਹੈ ਸਭੁ ਕੋਇ॥
ਮੁਖ ਊਜਲਿ ਹਰਿ ਦਰਗਹ ਸੋਇ॥ ਅੰਗ - 283

ਦੀਵਾਨਾਂ ਰਾਹੀਂ, ਪੁਸਤਕਾਂ, ਕੈਸਟਾਂ ਅਤੇ 'ਆਤਮ ਮਾਰਗ' ਰਾਹੀਂ ਆਪ ਜੀ ਦੇ ਲੱਖਾਂ ਪ੍ਰਾਣੀਆਂ ਦਾ ਮਾਰਗ ਦਰਸ਼ਨ ਕੀਤਾ। ਆਪ ਜੀ ਸਦਾ ਹੀ ਸਤਿਗੁਰੂ ਦੇ ਚਰਨਾਂ ਨਾਲ ਜੁੜੇ ਰਹਿੰਦੇ ਸੀ (ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥ (ਅੰਗ-517)। ਸਾਰੀ ਸੰਗਤ ਨੂੰ ਇਹੋ ਪ੍ਰੇਰਨਾ ਕਰਦੇ ਸੀ ਕਿ ਸੇਵਾ ਅਤੇ ਸਿਮਰਨ ਹੀ ਹੋ ਐਸੇ ਸਾਧਨ ਹਨ ਜਿਸ ਨਾਲ ਇਹ ਸੰਸਾਰ ਸੁਖੀ ਸੁਹੇਲਾ ਹੁੰਦਾ ਹੈ ਤੇ ਅੱਗੇ ਪ੍ਰਭੂ ਦੀ ਦਰਗਾਹ ਵਿਚ ਵੀ ਆਦਰ ਮਾਣ ਮਿਲਦਾ ਹੈ। ਦੀਵਾਨਾਂ ਵਿਚ ਇਹ ਤੁੱਕਾਂ ਅਕਸਰ ਦਹੁਰਾਈਆਂ ਜਾਂਦੀਆਂ ਸੀ -

ਵਿਚਿ ਦੁਨੀਆਂ ਸੇਵ ਕਮਾਈਐ॥
ਤਾ ਦਰਗਹ ਬੈਸਣ ਪਾਈਐ॥ ਅੰਗ - 26

ਆਪ ਜੀ ਦਸਦੇ ਕਿ ਸੰਸਾਰੀ ਲੋਕਾਂ ਦੀਆਂ ਅੱਖਾਂ ਵਿਚ ਮਾਇਆ, ਤ੍ਰਿਸ਼ਨਾ, ਲੋਭ ਦਾ ਮੋਤੀਆਬਿੰਦ ਆਇਆ ਹੋਇਆ ਹੈ। ਗੁਰੂ ਦੀ ਸ਼ਰਨ ਵਿਚ ਆ ਕੇ ਨਾਮ ਜਪਣ ਨਾਲ ਇਹ ਮੋਤੀਆਬਿੰਦ ਦੂਰ ਹੋ ਜਾਂਦਾ ਹੈ ਅਤੇ ਅੰਦਰ ਪ੍ਰਕਾਸ ਹੋ ਜਾਂਦਾ ਹੈ। ਗੁਰਵਾਕ ਹੈ -

ਗਿਆਨ ਅੰਜਨ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥
ਅੰਗ - 293

ਗੁਰੂ ਦੀ ਬਖਸ਼ਿਸ਼ ਸਦਕਾ, ਗੁਰੂ ਵਲੋਂ ਬਖਸ਼ੇ ਗਿਆਨ ਸਦਕਾ, ਜਦੋਂ ਅੰਦਰ ਪ੍ਰਕਾਸ਼ ਹੋ ਜਾਂਦਾ ਹੈ ਤਾਂ ਹਰ ਥਾਂ ਵਿਆਪਕ ਪ੍ਰਮਾਤਮਾ ਦ੍ਰਿਸ਼ਟਮਾਨ ਹੋ ਜਾਂਦਾ ਹੈ -

ਗੁਰਹਿ ਦਿਖਾਇਓ ਲੋਇਨਾ
ਈਤਹਿ ਊਤਹਿ ਘਟਿ ਘਟਿ ਘਟਿ ਘਟਿ
ਤੂੰਹੀ ਤੂੰਹੀ ਮੋਹਿਨਾ॥ ਅੰਗ - 407

ਕੇਵਲ ਮਹਾਂਪੁਰਸ਼ ਹੀ ਮੌਤ ਦੇ ਰਹੱਸ ਨੂੰ ਜਾਣਦੇ ਹਨ, ਬਾਕੀ ਸਾਰਾ ਸੰਸਾਰ ਜੰਮਦਾ ਮਰਦਾ ਤੇ ਰੋਂਦਾ ਕੁਰਲਾਂਦਾ ਹੈ। ਆਪ ਜੀ ਦੀਵਾਨਾਂ ਵਿਚ ਜੀਵਨ ਅਤੇ ਮੌਤ ਦੇ ਰਹੱਸ ਨੂੰ ਸਪਸ਼ਟ ਕਰਦੇ ਦਸਦੇ ਸੀ ਕਿ ਸਭ ਪਾਸੇ ਬ੍ਰਹਮ ਹੀ ਬ੍ਰਹਮ ਹੈ, ਬ੍ਰਹਮ ਤੋਂ ਬਿਨਾਂ ਹੋਰ ਕੁਝ ਨਹੀਂ। ਏਸੇ ਲਈ 'ਆਤਮ ਮਾਰਗ' ਦਾ ਲੋਗੋ, ਨਿਸ਼ਾਨਾ, ਮਾਟੋ ਵੀ ਇਹੋ ਰੱਖਿਆ -

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਅੰਗ - 846

ਆਪ ਜੀ ਗੁਰਬਾਣੀ ਰਾਹੀਂ ਪੁਸ਼ਟੀ ਕਰਦੇ ਦਸਦੇ ਹਨ ਕਿ ਇਕ ਤੋਂ ਹੀ ਸਾਰੇ ਰੂਪ ਰੰਗ ਆਕਾਰ ਪੈਦਾ ਹੋਏ ਹਨ (ਏਕਸੁ ਤੇ ਸਭਿ ਰੂਪ ਹਹਿ ਰੰਗਾ॥ ਅੰਗ - 160) ਇਥੋਂ ਤਕ ਕਿ ਜੋ ਸਾਨੂੰ ਮਾਦਾ ਸੰਸਾਰ ਦਿਸਦਾ ਹੈ, ਵਣ, ਤ੍ਰਿਣੁ, ਬਨਸਪਤੀ, ਪਉਣ, ਪਾਣੀ, ਸਭ ਖਾਣੀਆਂ, ਖੰਡ, ਦੀਪ ਪਾਤਾਲ ਸਭ ਵਾਹਿਗੁਰੂ ਜੀ ਦੇ ਇਕ ਫੁਰਨੇ ਦੀ ਉਪਜ ਹਨ -

ਓਅੰਕਾਰਿ ਉਤਪਾਤੀ॥ ਕੀਆ ਦਿਨਸੁ ਸਭ ਰਾਤੀ॥
ਵਣ ਤ੍ਰਿਣ ਤ੍ਰਿਭਵਣ ਪਾਣੀ॥ ਚਾਰਿ ਬੇਦ ਚਾਰੇ ਖਾਣੀ॥
ਖੰਡ ਦੀਪ ਸਭਿ ਲੋਆ॥ ਏਕ ਕਵਾਵੈ ਤੇ ਸਭਿ ਹੋਆ॥
ਅੰਗ - 1003

ਮਹਾਂਪੁਰਸ਼ ਕਿਹਾ ਕਰਦੇ ਸੀ ਕਿ ਮਨਮੁਖਾਂ ਨੂੰ ਮੌਤ ਭਿਆਨਕ ਲਗਦੀ ਹੈ। ਗੁਰਮੁਖ ਜਾਣਦੇ ਹਨ ਕਿ ਸੰਸਾਰ ਵਿਚ ਕੁਝ ਵੀ ਜੰਮਦਾ ਮਰਦਾ ਨਹੀਂ, ਕੇਵਲ ਰੂਪ ਪਰੀਵਰਤਨ ਹੁੰਦਾ ਹੈ। ਸਰੀਰ ਪੰਜ ਤੱਤਾਂ ਦਾ ਬਣਿਆ ਹੋਇਆ ਹੈ। ਜਦੋਂ ਸਰੀਰ ਦੀ ਮੌਤ ਹੁੰਦੀ ਹੈ ਤਾਂ ਮਰਦੇ ਉਹ

ਹਨ ਜੋ ਪ੍ਰਭੂ ਨੂੰ ਮਨ ਤੋਂ ਵਿਸਾਰ ਦਿੰਦੇ ਹਨ, ਸਾਕਤ ਮਰਦੇ ਹਨ, ਗੁਰਮੁਖਿ ਚਿਰੰਜੀਵ ਹੁੰਦੇ ਹਨ -

ਜਿ ਰਾਖੈ ਤਿਸੁ ਕੋਇ ਨ ਮਾਰੈ॥
ਸੋ ਮੂਆ ਜਿਸੁ ਮਨਹੁ ਬਿਸਾਰੈ॥

ਗੁਰੂ ਦੇ ਸ਼ਬਦ ਦੇ ਚਾਨਣ ਵਿਚ ਜੀਉਣ ਵਾਲੇ ਮਹਾਂਪੁਰਸ਼ ਦੇ ਅੰਦਰੋਂ ਮੌਤ ਦਾ ਭੈ ਉਕਾ ਹੀ ਖਤਮ ਹੋ ਜਾਂਦਾ ਹੈ, ਉਹ ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦੇ ਹਨ -

ਜਿਹ ਮਰਨੈ ਸਭੁ ਜਗਤੁ ਤਰਾਸਿਆ
ਸੋ ਮਰਨਾ ਗੁਰ ਸਬਦਿ ਪ੍ਰਗਾਸਿਆ॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ॥
ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ॥

ਮਹਾਂਪੁਰਸ਼ ਸਦਾ ਵਾਹਿਗੁਰੂ ਯਾਦ ਵਿਚ ਲੀਨ ਰਹਿੰਦੇ ਸੀ। ਛੋਟੀ ਉਮਰ ਤੋਂ ਹੀ ਉਹ ਘੰਟਿਆਂ ਬੱਧੀ ਨਾਮ-ਸਿਮਰਨ ਵਿਚ ਲੱਗੇ ਰਹਿੰਦੇ। ਦੁਨਿਆਵੀ ਕਾਰੋਬਾਰ ਪਰਿਵਾਰਕ ਸੁਖ ਆਰਾਮ ਉਨ੍ਹਾਂ ਦੇ ਜੀਵਨ ਦਾ ਕਦੀ ਵੀ ਨਿਸ਼ਾਨਾ ਨਹੀਂ ਬਣਿਆ। ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਆਦੇਸ਼ਾਂ ਦੀ ਪਾਲਨਾ ਕਰਦਿਆਂ ਉਨ੍ਹਾਂ ਨੇ ਪਰਿਵਾਰਕ ਜੀਵਨ ਧਾਰਨ ਕੀਤਾ, ਨੌਕਰੀ ਵੀ ਕੀਤੀ ਅਤੇ ਖੇਤੀਬਾੜੀ ਵੀ ਪਰ 'ਹੱਥ ਕਾਰ ਵਲ ਮਨ ਯਾਰ ਵਲ' ਹੀ ਲੱਗਿਆ ਰਿਹਾ। ਗੁਰੂ ਯਾਦ ਵਿਚ ਵਿਚਰਨ ਵਾਲੇ ਐਸੇ ਗੁਰਸਿੱਖਾਂ ਨੂੰ ਵਾਹਿਗੁਰੂ ਆਪਣਾ ਪਿਆਰ ਬਖਸ਼ਦਾ ਹੈ ਅਤੇ ਜਨਮ ਮਰਨ ਦੇ ਗੇੜ ਵਿਚੋਂ ਕੱਢ ਲੈਂਦਾ ਹੈ -

ਹਰਿ ਕੇ ਸੇਵਕ ਜੋ ਹਰਿ ਭਾਏ
ਤਿਨ ਕੀ ਕਥਾ ਨਿਆਰੀ ਰੇ
ਆਵਹਿ ਨ ਜਾਹਿ ਨ ਕਬਹੂ ਮਰਤੇ
ਪਾਰਬ੍ਰਹਮ ਸੰਗਾਰੀ ਰੇ।

ਜੀਵਨ ਯਾਤਰਾ ਦੌਰਾਨ ਜੋ ਮਹਾਨ ਕਾਰਜ ਆਪ ਜੀ ਰਾਹੀਂ ਸੰਪੰਨ ਹੋਏ, ਉਨ੍ਹਾਂ ਦੀ ਲੜੀ ਬਹੁਤ ਲੰਮੀ ਹੈ। ਆਪ ਜੀ ਦੀ ਸਭ ਤੋਂ ਵੱਡੀ ਦੇਣ ਗੁਰਮਤਿ ਦਾ ਪ੍ਰਚਾਰ ਹੈ, ਗੁਰਬਾਣੀ ਦੀ ਸਹੀ ਵਿਆਖਿਆ ਹੈ। ਨਾਮ ਦੀ ਮਹਿਮਾ ਨੂੰ ਨਾ ਕੇਵਲ ਦ੍ਰਿੜ੍ਹ ਕਰਵਾਇਆ ਸਗੋਂ ਬਾਰ-ਬਾਰ ਜਪਣ ਦੀ ਵਿਧੀ ਦੱਸੀ, ਸੰਜਮ ਦੱਸਿਆ ਤੇ ਲੱਖਾਂ ਪ੍ਰਾਣੀਆਂ ਦਾ ਮਾਰਗ ਦਰਸ਼ਨ ਕੀਤਾ। ਨਤੀਜੇ ਵਜੋਂ ਅਨਗਿਣਤ ਭੁੱਲੇ ਹੋਏ ਜੀਵ ਨਸ਼ਿਆਂ ਤੇ ਵਿਕਾਰਾਂ ਤੋਂ ਮੁਕਤ ਹੋਏ ਤੇ ਗੁਰੂ ਦੇ ਲੜ ਲਗ ਕੇ ਜੀਵਨ ਸੁਖੀ ਸੁਹੇਲਾ ਕੀਤਾ। ਜਦੋਂ ਵੀ ਜਿੱਥੇ ਵੀ ਕੋਈ ਕੁਦਰਤੀ ਮੁਸੀਬਤ ਆਈ, ਭਾਵੇਂ ਇਹ ਪੰਜਾਬ ਵਿਚ ਆਏ ਹੜ੍ਹ ਸਨ ਜਾਂ ਗੁਜਰਾਤ ਵਿਚ ਆਏ ਭੁਚਾਲ, ਆਪ ਜੀ ਨੇ ਮੂਹਰੇ ਹੋ ਕੇ ਮਨੁੱਖਤਾ ਦੀ ਸੇਵਾ ਕੀਤੀ। ਇਹ ਸੋਚ ਕੇ ਕਿ ਸਰੀਰ ਤਿਆਗਣ ਪਿਛੋਂ ਵੀ ਨਾਮ ਬਾਣੀ ਦਾ ਪਰਵਾਹ ਚਲਦਾ ਰਹੇ, ਸੰਗਤ ਗੁਰਮਤਿ ਗੁਰਬਾਣੀ ਨਾਲ ਜੁੜੀ ਰਹੇ, ਆਪ ਜੀ ਨੇ ਅਪ੍ਰੈਲ 1995 ਵਿਚ 'ਆਤਮ ਮਾਰਗ' ਮੈਗਜ਼ੀਨ ਸੰਚਾਲਨ ਕੀਤਾ ਜੋ ਹਰ ਮਹੀਨੇ ਨਿਰੰਤਰ ਛਪ ਰਿਹਾ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਦੇਸ ਪ੍ਰਦੇਸ ਵਿਚ ਬੈਠੀ ਸਿੱਖ ਸੰਗਤ ਇਸ ਤੋਂ ਅਗੁਵਾਈ ਲੈ ਰਹੀ ਹੈ। ਪਿਛਲੇ 20-25 ਸਾਲਾਂ ਤੋਂ ਦੀਵਾਨਾਂ ਰਾਹੀਂ ਆਪ ਜੀ ਨੇ ਜੋ ਸਿੱਖ ਸਿਧਾਂਤਾਂ ਦੀ ਭਰਪੂਰ ਵਿਆਖਿਆ ਕੀਤੀ ਹੈ, ਉਸ ਨੂੰ ਵੀਡੀਓ ਆਡੀਓ ਕੈਸਟਾਂ ਰਾਹੀਂ ਤੇ ਪੁਸਤਕਾਂ ਰਾਹੀਂ ਸੰਭਾਲ ਲਿਆ ਗਿਆ ਹੈ। ਇਸ ਸਮੇਂ 35 ਤੋਂ ਵੱਖ ਪੁਸਤਕਾਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਉਪਲਬਧ ਹਨ। ਰਤਵਾੜਾ ਸਾਹਿਬ ਦਾ ਨਿਰਮਾਣ ਆਪ ਜੀ ਦੇ ਉਚੇ ਸੰਕਲਪਾਂ ਦੀ ਮੂੰਹ ਬੋਲਦੀ ਤਸਵੀਰ ਹੈ। ਸੁੰਦਰ ਸੰਗਮਰਮਰੀ ਗੁਰਦਵਾਰਾ ਸਾਹਿਬ, ਡਿਸਪੈਂਸਰੀ, ਉਸਾਰੀ ਅਧੀਨ ਸੁੰਦਰ ਹਸਪਤਾਲ, ਤਪੋਬਨ, ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ, ਆਈ.ਟੀ. ਕਾਲਜ, ਅਨੇਕ ਪੱਖੀ ਵਿਕਾਸ ਤੇ ਸੇਵਾ ਦਾ ਸੁੰਦਰ ਨਮੂਨਾ ਹਨ। ਇਹ ਸਭ ਮਹਾਨ ਕਾਰਜ ਆਪ ਜੀ ਦੀ ਬਹੁਪੱਖੀ ਹਰਮਨਪਿਆਰੀ ਸ਼ਖਸ਼ੀਅਤ ਦੀ ਦੇਣ ਹਨ। ਰਤਵਾੜਾ ਸਾਹਿਬ ਦਾ ਕਣ-ਕਣ ਆਪ ਜੀ ਦੇ ਪਿਆਰ ਨਾਲ ਸਰਸ਼ਾਰ ਹੈ। ਆਪ ਜੀ ਦੇ ਸੰਪਰਕ ਵਿਚ ਆਇਆ ਹਰੇਕ ਪ੍ਰਾਣੀ ਆਪ ਜੀ ਦੇ ਪਿਆਰ ਤੇ ਮਿੱਠੀ ਯਾਦ ਨੂੰ ਕਦੇ ਨਹੀਂ ਭੁੱਲ ਸਕਦਾ। ਭਾਵੇਂ ਇਹ ਯਾਦ ਸਦਾ ਸਦਾ ਹਰ ਰੋਜ਼ ਹਰ ਸਮੇਂ ਹਰ ਹਿਰਦੇ ਵਿਚ ਬਣੀ ਰਹਿੰਦੀ ਹੈ ਪਰ ਸਮੂੰਹਕ ਰੂਪ ਵਿਚ ਇਸ ਯਾਦ ਨੂੰ ਮਨਾਉਣ ਦੇ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ। ਆਪ ਜੀ ਦੇ ਬ੍ਰਹਮਲੀਨ ਹੋਣ ਦੇ ਮਹਾਨ ਸਮਾਗਮ ਮਿਤੀ 30 ਅਕਤੂਬਰ 2004 ਤੋਂ 2 ਨਵੰਬਰ 2004 ਚਾਰ ਦਿਨ ਚੱਲਣਗੇ ਜਿਨ੍ਹਾਂ ਵਿਚ ਦੇਸ ਪ੍ਰਦੇਸ ਤੋਂ ਲੱਖਾਂ ਸ਼ਰਧਾਲੂ, ਆਪ ਜੀ ਦੇ ਪਿਆਰ ਵਿਚ ਭਿੱਜੀਆਂ ਮਹਾਨ ਆਤਮਾਵਾਂ ਸ਼ਾਮਲ ਹੋਣ ਲਈ ਆਉਣਗੀਆਂ। ਵਿਦਵਾਨ ਗੁਣੀ ਗਿਆਨੀ, ਅਨੁਭਵੀ ਮਹਾਂਪੁਰਸ਼, ਸੰਤ ਮਹਾਤਮਾ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਂਟ ਕਰਨਗੇ ਅਤੇ ਸੰਗਤਾਂ ਨੂੰ ਸੰਬੋਧਨ ਵੀ ਕਰਨਗੇ। ਦੇਸ ਪ੍ਰਦੇਸ ਵਿਚ ਵਸਦੇ ਲੱਖਾਂ ਗੁਰੂ ਪਿਆਰੇ ਇਸ ਮਹਾਨ ਸਮਾਗਮ ਵਿਚ ਸ਼ਾਮਲ ਹੋਣ ਲਈ ਪੁੱਜਣਗੇ। ਆਪ ਜੀ ਸਮੂੰਹ ਪ੍ਰੇਮੀਆਂ ਨੂੰ ਇਸ ਮਹਾਨ ਉਤਸਵ ਵਿਚ ਸ਼ਾਮਲ ਹੋਣ ਲਈ ਹਾਰਦਿਕ ਸੱਦਾ ਦਿਤਾ ਜਾਂਦਾ ਹੈ। ਰਿਹਾਇਸ਼, ਲੰਗਰ, ਡਾਕਟਰੀ ਸਹਾਇਤਾ ਆਦਿ ਜ਼ਰੂਰੀ ਸੇਵਾਵਾਂ ਦਾ ਪੂਰਾ-ਪੂਰਾ ਪ੍ਰਬੰਧ ਹੋਵੇਗਾ। ਸਮਾਗਮ ਸਮੇਂ ਚੰਡੀਗੜ੍ਹ ਲੋਕਲ ਬੱਸ ਅੱਡੇ ਤੋਂ ਸਪੈਸ਼ਲ ਬੱਸਾਂ ਗੁਰਦੁਆਰਾ ਰਤਵਾੜਾ ਸਾਹਿਬ ਲਈ ਚੱਲਣਗੀਆਂ। ਆਪ ਆਓ, ਹੋਰਨਾਂ ਨੂੰ ਪ੍ਰੇਰ ਕੇ ਗੁਰਦੁਆਰਾ ਸਾਹਿਬ ਦੀ ਪਾਵਨ ਧਰਤੀ ਉਪਰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸਤੰਬਰ 2004 ਵਿਚ ਮਨਾਏ ਜਾ ਰਹੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਗੁਰਬਾਣੀ ਵਿਚਾਰ - ਜਪੁਜੀ

ਡਾ. ਜਗਜੀਤ ਸਿੰਘ

(ਲੜੀ ਜੋੜਨ ਲਈ ਵੇਖੋ, ਸਤੰਬਰ ਅੰਕ ਪੰਨਾ - 63)

ਇਸ ਤੋਂ ਅੱਗੇ ਅਧਿਆਤਮਕ ਮਾਰਗ ਦੀਆਂ ਪੰਜ ਮੰਜ਼ਲਾਂ ਦਾ ਜ਼ਿਕਰ ਹੈ ਜਿਨ੍ਹਾਂ ਨੂੰ ਪੰਜ ਖੰਡ ਕਿਹਾ ਗਿਆ ਹੈ। ਇਹ ਖੰਡ ਹਨ - ਧਰਮਖੰਡ, ਗਿਆਨ ਖੰਡ, ਸਰਮ ਖੰਡ, ਕਰਮਖੰਡ ਅਤੇ ਸੱਚਖੰਡ। ਜਿਵੇਂ ਧਰਤੀ ਇਕ ਹੈ ਪਰ ਸਮਝਣ ਲਈ ਅਸੀਂ ਇਸ ਨੂੰ ਕਈ ਖੰਡਾਂ ਵਿਚ ਵੰਡ ਲੈਂਦੇ ਹਾਂ ਤਿਵੇਂ ਹੀ ਆਤਮਿਕ ਮਾਰਗ ਵਿਚ ਇਹ ਕੋਈ ਵੱਖ-ਵੱਖ ਦਰਜੇ ਜਾਂ ਮੰਜ਼ਲਾਂ ਨਹੀਂ ਸਗੋਂ ਆਤਮਕ ਪੈਂਡੇ ਦੇ ਵੱਖ-ਵੱਖ ਅਨੁਭਵ ਹਨ। ਪਹਿਲੇ ਅਨੁਭਵ ਨੂੰ ਧਰਮਖੰਡ ਕਿਹਾ ਹੈ। ਇਹ ਧਰਤੀ ਧਰਮਸ਼ਾਲ ਹੈ, ਧਰਮ ਕਮਾਉਣ ਦਾ ਅਸਥਾਨ ਹੈ। ਧਰਤੀ ਨੂੰ ਪ੍ਰਭਾਵਤ ਕਰਦੀਆਂ ਹਨ - ਰਾਤਾਂ, ਰੁੱਤਾਂ, ਥਿਤਾਂ, ਵਾਰਾਂ, ਹਵਾ, ਪਾਣੀ, ਅੱਗ ਤੇ ਅਕਾਸ਼ (ਪਾਤਾਲ) - ਇਨ੍ਹਾਂ ਸਭਨਾਂ ਦੀ ਕਿਰਿਆ-ਸ਼ੀਲਤਾ ਵਿਚ ਧਰਤੀ ਟਿਕੀ ਹੋਈ ਹੈ। ਇਸ ਧਰਤੀ ਨੂੰ ਧਰਮ ਕਮਾਉਣ ਵਜੋਂ ਟਿਕਾ ਕੇ ਰੱਖਿਆ ਹੋਇਆ ਹੈ ਜਿਥੇ ਕਈ ਜੁਗਤੀਆਂ ਅਤੇ ਰੰਗਾਂ ਦੇ ਜੀਵ ਵਸਦੇ ਹਨ ਜਿਨ੍ਹਾਂ ਦੇ ਅਨੇਕਾਂ ਅਤੇ ਅਣਗਿਣਤ ਨਾਮ ਹਨ ਜੋ ਇਥੇ ਕਿਰਿਆਸ਼ੀਲ ਹੁੰਦੇ ਹਨ। ਇਨ੍ਹਾਂ ਜੀਵਾਂ ਦਾ ਆਪੋ ਆਪਣੇ ਕੀਤੇ ਕਰਮਾਂ ਅਨੁਸਾਰ ਅਕਾਲਪੁਰਖ ਦੇ ਦਰ ਤੇ ਵੀਚਾਰ ਹੁੰਦੀ ਹੈ ਅਤੇ ਨਬੇੜਾ ਹੁੰਦਾ ਹੈ। ਇਹ ਨਿਬੇੜਾ ਪੂਰਨ ਨਿਆਂਸ਼ੀਲ ਹੁੰਦਾ ਹੈ, ਇਸ ਵਿਚ ਕੋਈ ਉਕਾਈ ਨਹੀਂ ਹੁੰਦੀ ਕਿਉਂਕਿ ਨਿਆਂ ਕਰਨ ਵਾਲਾ ਅਕਾਲ ਪੁਰਖ ਪੂਰਨ ਹੈ, ਸੱਚਾ ਹੈ, ਉਸ ਦਾ ਦਰਬਾਰ ਵੀ ਸੱਚਾ ਹੈ। ਉਸ ਦੇ ਦਰਬਾਰ ਵਿਚ ਪੰਚ ਜਨ, ਸੰਤ ਜਨ ਸ਼ੋਭਨੀਕ ਹੁੰਦੇ ਹਨ, ਮਾਣ ਪ੍ਰਾਪਤ ਕਰਦੇ ਹਨ। ਧਰਮਖੰਡ ਵਿਚ ਸ਼ੋਭਨੀਕ ਪੰਚ ਜਨਾ ਦੀ ਵਡਿਆਈ ਪਉੜੀ ੧੬ ਵਿਚ ਦਰਸਾਈ ਗਈ ਸੀ। ਹੁਕਮ ਵਿਚ ਵਿਚਰਦੇ, ਨਾਮ ਜਪਦੇ, ਨਾਮ ਸਰਵਣ ਕਰਦੇ (ਸੁਣਿਐ) ਨਾਮ ਮੰਨਦੇ, ਨਾਮ ਵਿਚ ਪਤੀਜਾ ਹੋਏ (ਮੰਨੈ) ਜਿਨ੍ਹਾਂ ਦੀ ਸੁਰਤ ਨਾਮ ਵਿਚ ਜੁੜੀ ਰਹਿੰਦੀ ਹੈ, ਅੰਦਰ ਲਗਨ ਲੱਗੀ ਰਹਿੰਦੀ ਹੈ, ਐਸੇ ਪੰਚ ਜਨ ਪਰਵਾਨ ਚੜ੍ਹਦੇ ਹਨ ਅਤੇ ਅਕਾਲਪੁਰਖ ਦੀ ਦਰਗਾਹ ਵਿਚ ਮਾਣ ਪ੍ਰਾਪਤ ਕਰਦੇ ਹਨ।

ਪੰਚ ਪਰਵਾਣ ਪੰਚ ਪਰਧਾਨੁ
ਪੰਚੇ ਪਾਵਹਿ ਦਰਗਹ ਮਾਨੁ। *(ਪਉੜੀ ੧੬)*

ਇਥੇ ਧਰਮਖੰਡ ਦੀ ਪਉੜੀ 34 ਵਿਚ ਕਿਹਾ ਹੈ, 'ਤਿਥੈ ਸੋਹਨਿ ਪੰਚ ਪਰਵਾਣੁ' ਅਰਥਾਤ ਪਰਵਾਣਿਤ ਹੋਏ ਪੰਚ ਜਨ ਪ੍ਰਮਾਤਮਾ ਦੀ ਨਦਰ ਦੇ ਪਾਤਰ ਬਣਦੇ ਹਨ। ਪ੍ਰਭੂ ਦੀ ਮਿਹਰ ਪ੍ਰਾਪਤ ਕਰਨ ਵਾਲੇ ਪੰਚ ਜਨਾ ਦੇ ਮੱਥੇ ਉਤੇ ਵਡਿਆਈ ਦਾ ਨਿਸ਼ਾਨ ਚਮਕ ਪੈਂਦਾ ਹੈ। ਧਰਮ ਖੰਡ ਵਿਚ ਹੀ ਮਨੁੱਖ ਦੀ ਕਚਿਆਈ ਪਕਿਆਈ ਦਾ ਨਿਰਣਾ ਹੋ ਜਾਂਦਾ ਹੈ। ਇਹ ਨਿਰਣਾ ਅਕਾਲਪੁਰਖ ਦੇ ਸੱਚੇ ਦਰਬਾਰ ਵਿਚ ਆਤਮਿਕ ਮੰਡਲ ਦੇ ਸਫਰ ਦਾ ਪਹਿਲਾ ਪੜਾਅ ਹੈ-

ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥
ਕਰਮੀ ਕਰਮੀ ਹੋਇ ਵੀਚਾਰੁ॥
ਸਚਾ ਆਪਿ ਸਚਾ ਦਰਬਾਰੁ॥
ਤਿਥੈ ਸੋਹਨਿ ਪੰਚ ਪਰਵਾਣੁ॥
ਨਦਰੀ ਕਰਮਿ ਪਵੈ ਨੀਸਾਣੁ॥
ਕਚ ਪਕਾਈ ਓਥੈ ਪਾਇ॥
ਨਾਨਕ ਗਇਆ ਜਾਪੈ ਜਾਇ॥ ੩੪॥

ਆਤਮ ਮਾਰਗ ਦੀ ਪਹਿਲੀ ਅਵਸਥਾ 'ਧਰਮ ਦੀ ਪਛਾਣ' ਦੀ ਅਵਸਥਾ ਹੈ, ਕੇਵਲ ਉਹ ਮਨੁੱਖ ਹੀ ਜੀਵਨ-ਲਕਸ਼ ਦੀ ਪਛਾਣ ਕਰਦੇ ਹਨ ਜਿਨ੍ਹਾਂ ਉਤੇ ਪ੍ਰਭੂ ਦੀ ਬਖਸ਼ਿਸ਼ ਹੁੰਦੀ ਹੈ। ਬਖਸ਼ਿਸ਼ ਸਦਕਾ ਹੀ ਉਨ੍ਹਾਂ ਦੀ ਮਿਹਨਤ ਕਬੂਲ ਪੈਂਦੀ ਹੈ ਅਤੇ ਉਹ ਪ੍ਰਭੂ ਦੀ ਹਜ਼ੂਰੀ ਵਿਚ ਮਾਣ ਪਾਉਂਦੇ ਹਨ। ਇਸ ਪੱਧਤੀ ਨੂੰ ਧਰਮਖੰਡ ਕਿਹਾ ਹੈ, ਅਗਲੀ ਪਉੜੀ ਵਿਚ ਗਿਆਨਖੰਡ ਦਾ ਕਰੱਤਵ ਦੱਸਿਆ ਹੈ -

ਧਰਮਖੰਡ ਕਾ ਏਹੋ ਧਰਮੁ॥
ਗਿਆਨ ਖੰਡ ਕਾ ਆਖਹੁ ਕਰਮੁ॥

ਜਿਵੇਂ ਜਿਵੇਂ ਮਨੁੱਖ 'ਧਰਮਖੰਡ' ਵਿਚ ਵਿਚਰਦਾ ਧਰਮ ਦੀ ਪਛਾਣ ਕਰਦਾ ਹੈ ਤਿਵੇਂ-ਤਿਵੇਂ ਉਹ ਸੀਮਿਤ ਸਵਾਰਥੀ ਹਿਤਾਂ ਤੋਂ ਮੁਕਤ ਹੋ ਕੇ ਪ੍ਰਭੂ ਦੀ ਵਿਸ਼ਾਲ ਕੁਦਰਤ ਦੀ ਜਾਣਕਾਰੀ ਲੈਣ ਲਈ ਬਿਹਬਲ ਹੁੰਦਾ ਹੈ, ਪ੍ਰਭੂ ਦੀ ਕੁਦਰਤ ਦੀ ਵਿਸ਼ਾਲਤਾ ਤੋਂ ਬਲਿਹਾਰ ਜਾਂਦਾ ਹੈ। ਉਸਨੂੰ ਭਗਤੀ ਸਦਕਾ ਇਹ ਗਿਆਨ ਪ੍ਰਾਪਤ ਹੁੰਦਾ ਹੈ ਕਿ ਬੇਅੰਤ ਪ੍ਰਭੂ ਦੀ ਬੇਅੰਤ ਕੁਦਰਤ ਵਿਚ ਕੇਵਲ ਇਕ ਕਿਸਮ ਦੀ ਹੀ ਪਉਣ ਪਾਣੀ ਅਤੇ ਅਗਨੀ ਨਹੀਂ, ਸਗੋਂ ਕਈ ਪ੍ਰਕਾਰ ਦੀ ਪਉਣ ਵਗ ਰਹੀ ਹੈ, ਬੇਅੰਤ ਸ਼ਕਲਾਂ ਵਿਚ ਪਾਣੀ ਅਤੇ ਅਨੇਕ ਭਾਂਤ ਵਿਚ ਅਗਨੀ ਵਿਚਰ ਰਹੀ ਹੈ। ਕ੍ਰਿਸ਼ਨ ਮਹਾਰਾਜ ਜੀ ਇਕ ਨਹੀਂ, ਅਨੇਕ ਹਨ, ਸ਼ਿਵ ਵੀ ਇਕ

ਨਹੀਂ, ਬੇਅੰਤ ਹਨ। ਬ੍ਰਹਮਾ ਵੀ ਇਕ ਨਹੀਂ, ਕਈ ਹਨ ਜਿਨ੍ਹਾਂ ਦੇ ਕਈ ਰੂਪ, ਕਈ ਰੰਗ ਅਤੇ ਕਈ ਵੇਸ ਹਨ। ਜਿਸ ਤੇ ਅਸੀਂ ਜੀਵ ਵਸਦੇ ਹਾਂ, ਕੇਵਲ ਇਹੋ ਇਕੋ ਧਰਤੀ ਨਹੀਂ, ਬੇਅੰਤ ਧਰਤੀਆਂ ਹਨ, ਬੇਅੰਤ ਸੰਸਾਰ ਵਸੇ ਹੋਏ ਹਨ, ਬੇਅੰਤ ਮੇਰੂ ਪਰਬਤ ਹਨ, ਬੇਅੰਤ ਧਰੂ ਭਗਤ ਤੇ ਬੇਅੰਤ ਹੀ ਉਨ੍ਹਾਂ ਦੇ ਉਪਦੇਸ਼ ਹਨ। ਬੇਅੰਤ ਇੰਦਰ ਦੇਵਤੇ ਹਨ। ਸਾਡੀ ਸੀਮਤ ਦ੍ਰਿਸ਼ਟੀ ਵਿਚ ਕੇਵਲ ਇਕ ਚੰਦਰਮਾ, ਇਕ ਸੂਰਜ ਅਤੇ ਇਕ ਹੀ ਭਵਨ ਚੱਕਰ ਹਨ, ਪਰ ਗਿਆਨ ਖੰਡ ਦੀ ਵਿਸ਼ਾਲ ਦ੍ਰਿਸ਼ਟੀ ਵਿਚ ਬੇਅੰਤ ਚੰਦਰਮਾ, ਬੇਅੰਤ ਸੂਰਜ ਅਤੇ ਬੇਅੰਤ ਭਵਨ-ਚੱਕਰਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਨਾਲ ਹੀ ਪ੍ਰਭੂ ਭਗਤੀ ਵਿਚ ਲੱਗੇ ਹੋਏ ਬੇਅੰਤ ਸਿੱਧ, ਬੇਅੰਤ ਬੁੱਧ ਅਵਤਾਰ, ਬੇਅੰਤ ਨਾਥ, ਬੇਅੰਤ ਦੇਵੀ ਦੇਵਤੇ ਤੇ ਉਨ੍ਹਾਂ ਦੇ ਪਹਿਰਾਵੇ ਦ੍ਰਿਸ਼ਟੀ ਗੋਚਰ ਹੁੰਦੇ ਹਨ। ਅਕਾਲਪੁਰਖ ਦੀ ਬੇਅੰਤ ਰਚਨਾ ਵਿਚ ਬੇਅੰਤ ਦੇਵਤੇ ਵੀ ਹਨ ਅਤੇ ਬੇਅੰਤ ਦੈਂਤ ਵੀ ਅਤੇ ਅਣਗਿਣਤ ਮੁਨੀ, ਮੌਨ-ਧਾਰੀ ਰਿਸ਼ੀ ਵੀ ਹਨ। ਬੇਅੰਤ ਪ੍ਰਕਾਰ ਦੇ ਰਤਨ ਤੇ ਰਤਨਾਂ ਦੇ ਸਮੁੰਦਰ ਹਨ। ਜੀਵਾਂ ਦੀ ਉਤਪਤੀ ਦੀਆਂ ਚਾਰ ਖਾਣੀਆਂ - ਅੰਡਜ, ਜੇਰਜ, ਸੇਤਜ, ਉਤਭੁਜ ਮੰਨੀਆਂ ਜਾਂਦੀਆਂ ਹਨ ਪਰ ਗੁਰੂ ਮਹਾਰਾਜ ਦਸਦੇ ਹਨ ਕਿ ਗਿਆਨ ਖੰਡ ਵਿਚ ਅਨੇਕਾਂ ਖਾਣੀਆਂ ਅਤੇ ਅਨੇਕਾਂ ਬਾਣੀਆਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਐਨੇ ਵਿਸ਼ਾਲ ਬ੍ਰਹਿਮੰਡ ਵਿਚ ਅਨੇਕਾਂ ਪਾਤਸ਼ਾਹ ਤੇ ਰਾਜੇ ਹਨ, ਕਈ ਪ੍ਰਕਾਰ ਦੇ ਧਿਆਨ ਤੇ ਸਮਾਧੀਆਂ ਹਨ ਜਿਨ੍ਹਾਂ ਵਿਚ ਜੀਵ ਜੁੜੇ ਹੋਏ ਹਨ। ਬੇਅੰਤ ਹੀ ਅਕਾਲਪੁਰਖ ਦੇ ਸੇਵਕ ਹਨ, ਇਨ੍ਹਾਂ ਸਭਨਾਂ ਕਿਰਤਾਂ ਦਾ ਕੋਈ ਅੰਤ ਨਹੀਂ, ਇਹ 'ਕੇਤੀਆਂ' ਹਨ, ਅਣਗਿਣਤ ਹਨ-

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥੩੫

'ਧਰਮਖੰਡ' ਧਰਮ ਦੀ ਪਹਿਚਾਨ, ਕਰੱਤਵ ਦੀ ਪਹਿਚਾਨ ਦਾ ਖੰਡ ਹੈ। ਗਿਆਨ ਖੰਡ ਪ੍ਰਭੂ ਦੀ ਬੇਅੰਤਤਾ, ਅਨੰਤਤਾ ਤੇ ਵਿਸ਼ਾਲਤਾ ਦੇ ਗਿਆਨ ਦਾ ਖੰਡ ਹੈ ਜਿਥੇ ਗਿਆਨ ਪ੍ਰਚੰਡ ਹੁੰਦਾ ਹੈ, ਕੁਦਰਤ ਦੇ ਅਨੇਕ ਤਮਾਸ਼ੇ ਅਤੇ ਕੌਤਕ ਵੇਖ-ਵੇਖ ਮਨੁੱਖ ਵਿਸਮਾਦ ਵਿਚ ਆਉਂਦਾ ਹੈ -

ਗਿਆਨ ਖੰਡ ਮਹਿ ਗਿਆਨੁ ਪਰਚੰਡੁ॥
ਤਿਥੈ ਨਾਦ ਬਿਨੋਦ ਕੋਡ ਅਨੰਦੁ॥

ਅਗਲਾ ਖੰਡ ਸਰਮ ਖੰਡ ਹੈ, ਉਦਮ ਅਤੇ ਮਿਹਨਤ ਦਾ ਖੰਡ, ਜਿਥੇ ਭਗਤੀ ਦੀ ਕਮਾਈ ਰਾਹੀਂ ਸੁੰਦਰ ਮਨ ਦੀ ਘਾੜਤ ਘੜੀ ਜਾਂਦੀ ਹੈ, ਮਨ ਵਿਕਾਰਾਂ ਰਹਿਤ ਹੋ ਕੇ ਨਿਰਮਲ ਹੋ ਜਾਂਦਾ ਹੈ। ਇਸ ਅਵਸਥਾ ਨੂੰ ਬਿਆਨ ਕਰਨਾ ਬਹੁਤ ਕਠਨ ਹੈ। ਜੇ ਕੋਈ ਮਨੁੱਖ ਕਹਿਣ ਦੀ ਕੋਸ਼ਿਸ਼ ਭੀ ਕਰਦਾ ਹੈ ਤਾਂ ਉਹ ਦਸ ਨਹੀਂ ਸਕਦਾ ਤੇ ਕੀਤੇ ਕਥਨ ਦੇ ਅਧੂਰੇ ਹੋਣ ਦਾ ਉਸ ਨੂੰ ਪਛਤਾਵਾ ਲਗਦਾ ਹੈ। ਇਸ ਅਵਸਤਾ ਵਿਚ ਨਿਰੰਤਰ ਭਗਤੀ ਰਾਹੀਂ, ਮਨੁੱਖ ਦੀ ਸੁਰਤਿ ਤੇ ਮਤ ਗੁਰੂ ਪਿਆਰ ਵਿਚ ਘੜੀ ਜਾਂਦੀ ਹੈ, ਨੀਵੇਂ ਵਿਚਾਰਾਂ ਤੋਂ ਮੁਕਤਿ ਹੋ ਕੇ ਉਚੀ ਤੇ ਸੁੱਚੀ ਹੋ ਜਾਂਦੀ ਹੈ ਅਤੇ ਮਨ ਵਿਚ ਜਾਗ੍ਰਿਤਾ ਪੈਦਾ ਹੋ ਜਾਂਦੀ ਹੈ, ਮਾਨੋ ਦੇਵਤਿਆਂ ਅਤੇ ਸਿੱਧਾਂ ਵਾਲੀ ਹਾਲਤ ਬਣ ਜਾਂਦੀ ਹੈ ਜੋ ਸਦਾ ਹੀ ਅਨੰਦ ਤੇ ਵਿਗਾਸ ਦੀ ਅਵਸਥਾ ਹੈ -

ਸਰਮ ਖੰਡ ਕੀ ਬਾਣੀ ਰੂਪੁ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥
ਤਾ ਕੀਆ ਗਲਾ ਕਥੀਆ ਨਾ ਜਾਹਿ॥
ਜੇ ਕੋ ਕਹੈ ਪਿਛੈ ਪਛੁਤਾਇ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ ੩੬॥

ਭਗਤੀ, ਘਾਲ, ਕਮਾਈ ਦੀ ਸਰਮਖੰਡ ਦੀ ਅਵਸਥਾ ਤੋਂ ਅਗਲੀ ਅਵਸਥਾ 'ਕਰਮ ਖੰਡ' ਦੀ ਅਵਸਥਾ ਹੈ ਜਦੋਂ ਕਿ ਮਨੁੱਖ ਪੂਰਨ ਤੌਰ ਤੇ ਅਕਾਲ ਪੁਰਖ ਦੀ ਬਖਸ਼ਿਸ਼ ਦਾ ਪਾਤਰ ਬਣ ਜਾਂਦਾ ਹੈ। ਉਸ ਦੀ ਆਪਣੀ ਹਉਂ ਦਾ ਵਿਨਾਸ ਹੋ ਜਾਂਦਾ ਹੈ ਤੇ ਪ੍ਰਭੂ ਨਦਰ ਸਦਕਾ ਉਸ ਦਾ ਹਿਰਦਾ ਅਥਾਹ ਪ੍ਰਭੂ ਬਲ ਨਾਲ ਭਰਪੂਰ ਹੋ ਜਾਂਦਾ ਹੈ ਜਿਸ ਕਾਰਨ ਕੋਈ ਨੀਵੀਂ ਸੁਰਤਿ, ਵੈਰ ਵਿਰੋਧ, ਵਿਸ਼ੇ-ਵਿਕਾਰ ਉਸ ਉਤੇ ਆਪਣਾ ਪ੍ਰਭਾਵ ਨਹੀਂ ਪਾ ਸਕਦੇ ਕਿਉਂਕਿ ਕਰਮ-ਖੰਡ ਦੀ ਅਵਸਥਾ ਵਿਚ ਮਨੁੱਖ ਦੇ ਅੰਦਰ ਅਕਾਲ ਪੁਰਖ ਤੋਂ ਬਿਨਾਂ ਕੋਈ ਦੂਜਾ ਉੱਕਾ ਹੀ ਨਹੀਂ ਰਹਿੰਦਾ। ਐਸੇ ਮਨੁੱਖ ਹੀ ਅਸਲ ਯੋਧੇ, ਮਹਾਂਬਲੀ ਤੇ ਸੂਰਮੇ ਹੁੰਦੇ ਹਨ।

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ
ਸੋ ਕਹੀਅਤ ਹੈ ਸੂਰਾ॥
ਆਤਮ ਜਿਣੈ ਸਗਲ ਵਸਿ ਤਾ ਕੈ
ਜਾ ਕਾ ਸਤਿਗੁਰੁ ਪੂਰਾ॥ *ਅੰਗ - 680*

ਉਨ੍ਹਾਂ ਦੇ ਰੋਮ ਰੋਮ ਵਿਚ ਅਕਾਲ ਪੁਰਖ ਵਸ ਰਿਹਾ ਹੁੰਦਾ ਹੈ, ਉਨ੍ਹਾਂ ਦਾ ਮਨ ਨਿਰੋਲ ਅਕਾਲ ਪੁਰਖ ਦੀ ਵਡਿਆਈ ਵਿਚ ਸਦਾ ਪਰੋਤਾ ਰਹਿੰਦਾ ਹੈ। ਉਨ੍ਹਾਂ ਦੇ ਸਰੀਰ ਅਜਿਹੇ ਕੰਚਨ ਦੀ ਵੰਨੀ ਵਾਲੇ ਹੋ ਜਾਂਦੇ ਹਨ ਕਿ ਉਨ੍ਹਾਂ ਦੇ ਸੋਹਣੇ ਸੁੰਦਰ ਸਰੂਪ ਵਰਣਨ ਹੀਂ ਕੀਤੇ ਜਾ ਸਕੇ, ਉਨ੍ਹਾਂ ਦੇ ਚਿਹਰੇ ਤੇ ਨੂਰ ਹੀ ਨੂਰ ਲਿਸ਼ਕਦਾ ਹੈ। ਇਸ

ਅਵਸਥਾ ਵਿਚ, ਜਦੋਂ ਕਿ ਅਕਾਲ ਪੁਰਖ ਉਨ੍ਹਾਂ ਦੇ ਮਨ ਵਿਚ ਵਸਦਾ ਹੈ, ਉਹ ਜਨਮ ਮਰਣ ਤੋਂ ਰਹਿਤ ਹੋ ਜਾਂਦੇ ਹਨ, ਸਰੀਰਕ ਮੌਤ ਉਨ੍ਹਾਂ ਦਾ ਕੁਝ ਨਹੀਂ ਵਿਗਾੜਦੀ, ਉਹ ਸਦੀਵ ਜੀਵਨ ਨੂੰ ਪ੍ਰਾਪਤ ਹੁੰਦੇ ਹਨ, ਸੰਸਾਰ, ਮਾਇਆ, ਵਿਕਾਰ ਉਨ੍ਹਾਂ ਨੂੰ ਠੱਗ ਨਹੀਂ ਸਕਦੇ। ਐਸੀ ਅਵਸਥਾ ਕਈ ਭਵਣਾਂ ਦੇ ਭਗਤ ਜਨ ਮਾਣਦੇ ਹਨ ਜੋ ਸਦਾ ਵਿਗਾਸਮਈ ਖਿੜਾਉ ਦੇ ਰੰਗ ਵਿਚ ਰਹਿੰਦੇ ਹਨ ਕਿਉਂਕਿ ਸੱਚਾ ਅਕਾਲ ਪੁਰਖ ਨਿਰੰਤਾਰ ਉਨ੍ਹਾਂ ਦੇ ਮਨ ਵਿਚ ਵਸਦਾ ਹੈ -

ਕਰਮ ਖੰਡ ਕੀ ਬਾਣੀ ਜੋਰੁ॥
ਤਿਥੈ ਹੋਰੁ ਨ ਕੋਈ ਹੋਰੁ॥
ਤਿਥੈ ਜੋਧ ਮਹਾਬਲ ਸੂਰ॥
ਤਿਨ ਮਹਿ ਰਾਮੁ ਰਹਿਆ ਭਰਪੂਰ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ॥
ਤਾ ਕੇ ਰੂਪ ਨ ਕਥਨੇ ਜਾਹਿ॥
ਨਾ ਓਹਿ ਮਰਹਿ ਨ ਠਾਗੇ ਜਾਹਿ॥
ਜਿਨ ਕੇ ਰਾਮੁ ਵਸੈ ਮਨ ਮਾਹਿ॥
ਤਿਥੈ ਭਗਤ ਵਸਹਿ ਕੇ ਲੋਅ॥
ਕਰਹਿ ਅਨੰਦੁ ਸਚਾ ਮਨਿ ਸੋਇ॥ ੩੭॥

ਵਾਹਿਗੁਰੂ ਜੀ ਨਾਲ ਇਕਰੂਪਤਾ ਦੀ ਇਹ ਅਵਸਥਾ ਸਚਖੰਡ ਦੀ ਅਵਸਥਾ ਹੈ ਜਿਸ ਅਵਸਤਾ ਵਿਚ ਮਨੁੱਖ ਦੇ ਹਿਰਦੇ ਵਿਚ ਆਪ ਅਕਾਲ ਪੁਰਖ ਵਸਦਾ ਹੈ, ਉਹ ਅਕਾਲ ਪੁਰਖ ਜਿਹੜਾ ਸ੍ਰਿਸ਼ਟੀ ਨੂੰ ਰਚ ਰਚ ਕੇ ਮਿਹਰ ਦੀ ਨਜ਼ਰ ਨਾਲ ਉਸ ਦੀ ਸੰਭਾਲ ਵੀ ਕਰਦਾ ਹੈ। ਐਸੀ ਅਕਾਲ ਪੁਰਕ ਨਾਲ ਇਕ-ਰੂਪਤਾ ਵਾਲੀ ਸੱਚ-ਖੰਡੀ ਅਵਸਤਾ ਵਿਚ ਵਿਚਰਨ ਵਾਲੇ ਮਨੁੱਖ ਨੂੰ ਬੇਅੰਤ ਖੰਡਾਂ, ਮੰਡਲਾਂ ਅਤੇ ਬ੍ਰਹਿਮੰਡਾਂ ਦੇ ਦਰਸ਼ਨ ਹੁੰਦੇ ਹਨ, ਜੋ ਏਨੇ ਬੇਅੰਤ ਹੁੰਦੇ ਹਨ ਕਿ ਕੋਈ ਮਨੁੱਖ ਉਨ੍ਹਾਂ ਦਾ ਵਰਣਨ ਨਹੀਂ ਕਰ ਸਕਦਾ, ਕਿਉਂਕਿ ਉਨ੍ਹਾਂ ਦਾ ਕੋਈ ਓੜਕ ਹੀ ਨਹੀਂ, ਅੰਤ ਹੀ ਨਹੀਂ। ਇਨ੍ਹਾਂ ਬੇਅੰਤ ਭਵਨਾਂ ਅਤੇ ਕਿਰਤਾਂ ਵਿਚ ਅਕਾਲ ਪੁਰਖ ਦੇ ਹੁਕਮ ਅਨੁਸਾਰ ਕਾਰ ਚਲ ਰਹੀ ਹੈ, ਸਭ ਪ੍ਰਭੂ ਹੁਕਮ ਅਨੁਸਾਰ ਕਿਰਿਆਸ਼ੀਲ ਹਨ। ਇਸ ਅਵਸਥਾ ਵਿਚ ਵਿਚਰਦੇ ਮਨੁੱਖ ਨੂੰ ਪ੍ਰਭੂ ਦੇ ਹੁਕਮ ਦੀ ਸਹੀ ਸੋਝੀ ਹੁੰਦੀ ਹੈ ਤੇ ਹਰ ਥਾਂ ਅਕਾਲ ਪੁਰਖ ਦੀ ਰਜ਼ਾ ਵਰਤਦੀ ਦਿਸਦੀ ਹੈ। ਉਸ ਨੂੰ ਪ੍ਰਤੀਤ ਹੋ ਜਾਂਦਾ ਹੈ ਕਿ ਅਕਾਲ ਪੁਰਖ ਵੀਚਾਰ ਕਰਕੇ, ਹੁਕਮ ਵਰਤਾ ਕੇ, ਸਭ ਜੀਵਾਂ ਦੀ ਸੰਭਾਲ ਕਰਦਾ ਹੈ ਤੇ ਵਿਗਸਦਾ ਹੈ, ਖੁਸ਼ ਹੁੰਦਾ ਹੈ। ਸੱਚਖੰਡ ਦੀ ਐਸੀ ਅਵਸਥਾ ਬਿਆਨ ਤੋਂ ਬਾਹਰ ਹੈ, ਅਨੁਭਵ ਕੀਤੀ ਜਾ ਸਕਦੀ ਹੈ, ਬਿਆਨ ਨਹੀਂ ਕੀਤੀ ਜਾ ਸਕਦੀ। ਇਹ ਪੂਰਨ ਬਖਸ਼ਿਸ਼ ਦਾ ਦਰ ਹੈ ਜਿਥੇ ਅੰਦਰ ਬਾਹਰ ਹਰ ਥਾਂ ਪ੍ਰਭੂ ਦ੍ਰਿਸ਼ਟੀਗੋਚਰ ਹੁੰਦਾ ਹੈ ਅਤੇ ਉਸ ਦੇ ਹੁਕਮ ਅਨੁਸਾਰ ਸਾਰਾ ਬ੍ਰਹਿਮੰਡ ਕਿਰਿਆਸ਼ੀਲ ਹੁੰਦਾ ਦਿਸ ਆਉਂਦਾ ਹੈ, ਪੂਰਨ ਪ੍ਰਤੀਤੀ ਵਿਚ ਆ ਜਾਂਦਾ ਹੈ।

ਸਚਖੰਡਿ ਵਸੈ ਨਿਰੰਕਾਰੁ॥
ਕਰਿ ਕਰਿ ਵੇਖੈ ਨਦਰਿ ਨਿਹਾਲ॥
ਤਿਥੈ ਖੰਡ ਮੰਡਲ ਵਰਭੰਡ॥
ਜੇ ਕੋ ਕਥੈ ਤ ਅੰਤ ਨ ਅੰਤ॥
ਤਿਥੈ ਲੋਅ ਲੋਅ ਆਕਾਰ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥
ਵੇਖੈ ਵਿਗਸੈ ਕਰਿ ਵੀਚਾਰੁ॥
ਨਾਨਕ ਕਥਨਾ ਕਰੜਾ ਸਾਰੁ॥ ੩੭॥

ਪਹਿਲੀ ਪਉੜੀ ਵਿਚ ਉਠਾਏ ਪ੍ਰਸ਼ਨ 'ਕਿਵ ਸਚਿਆਰਾ ਹੋਈਐ' ਨੂੰ ਅਗਲੀਆਂ 33 ਪਉੜੀਆਂ ਵਿਚ ਵਿਚਾਰਿਆ ਗਿਆ ਹੈ ਅਤੇ ਪਉੜੀ 34-37 ਵਿਚ ਸਚਿਆਰੇ ਮਨੁੱਖ, ਪ੍ਰਵਾਨਤ ਹੋਏ 'ਪੰਚ ਜਨ ਦੀਆਂ ਪੰਜ ਅਵਸਥਾਵਾਂ ਦੱਸੀਆਂ ਹਨ, ਅੰਤਲੀ ਅਵਸਥਾ ਸੱਚਖੰਡ ਵਿਚ ਪ੍ਰਵੇਸ਼ ਦੀ ਹੈ। ਪਉੜੀ ੩੮ ਵਿਚ ਸੰਖੇਪ, ਸਾਰ ਰੂਪ ਵਿਚ ਇਹ ਦੱਸਿਆ ਹੈ ਕਿ ਇਸ ਅਵਸਥਾ ਵਿਚ ਪ੍ਰਵੇਸ਼ ਕਿਵੇਂ ਹੋਵੇ? ਸੱਚਖੰਡ ਵਾਲੀ ਉਚੀ ਧਾਰਮਿਕ ਅਵਸਥਾ ਤਦੋਂ ਹੀ ਬਣ ਸਕਦੀ ਹੈ ਜੇ ਆਚਰਨ ਪਵਿੱਤਰ ਹੋਵੇ, ਦੂਜਿਆਂ ਦੀ ਵਧੀਕੀ ਸਹਾਰਨ ਦਾ ਹੌਂਸਲਾ ਹੋਵੇ, ਉਚੀ ਤੇ ਵਿਸ਼ਾਲ ਸਮਝ ਹੋਵੇ, ਪ੍ਰਭੂ ਦਾ ਡਰ ਹਿਰਦੇ ਵਿਚ ਟਿਕਿਆ ਰਹੇ, ਸੇਵਾ ਦੀ ਘਾਲ ਘਾਲੀ ਜਾਏ, ਖਾਲਕ ਤੇ ਖਲਕ ਦਾ ਪਿਆਰ ਦਿਲ ਵਿਚ ਹੋਵੇ। ਇਸ ਤਰ੍ਹਾਂ ਜਤ, ਧੀਰਜ, ਮਤ, ਗਿਆਨ, ਭਉ, ਘਾਲ ਅਤੇ ਪ੍ਰੇਮ ਦੇ ਗੁਣ ਇਕ ਸੱਚੀ ਟਕਸਾਲ ਹੈ ਜਿਸ ਵਿਚ ਗੁਰ ਸ਼ਬਦ ਦੀ ਮੋਹਰ ਘੜੀ ਜਾਂਦੀ ਹੈ। ਸਰਕਾਰੀ ਸਿੱਕੇ ਘੜਨ ਵਾਲੀ ਟਕਸਾਲ ਦਾ ਚਿੰਨ੍ਹ ਵਰਤ ਕੇ ਗੁਰੂ ਜੀ ਗੁਰਸਿੱਖ ਦੀ ਸੱਚੀ ਸ਼ਖਸੀਅਤ ਘੜਨ ਦਾ ਮਾਰਗ ਦਰਸ਼ਨ ਕਰਦੇ ਹਨ ਕਿ ਜੇ ਜਤ-ਰੂਪ ਦੁਕਾਨ ਹੋਵੇ, ਧੀਰਜ ਸੁਨਿਆਰਾ ਬਣੇ, ਮਨੁੱਖ ਦੀ ਆਪਣੀ ਮਤ ਅਹਿਰਣ ਹੋਵੇ, ਉਸ ਮਤ-ਅਹਿਰਣ ਉਤੇ ਗਿਆਨ ਦਾ ਹਥੋੜਾ ਵੱਜੇ ਅਤੇ ਜੇ ਅਕਾਲ ਪੁਰਖ ਦਾ ਡਰ ਧੌਂਕਣੀ ਹੋਵੇ, ਘਾਲ-ਕਮਾਈ ਅੱਗ ਹੋਵੇ, ਪ੍ਰੇਮ ਕੁਠਾਲੀ ਹੋਵੇ ਤਾਂ ਉਸ ਕੁਠਾਲੀ ਵਿਚ ਅਕਾਲ ਪੁਰਖ ਦਾ ਅੰਮ੍ਰਿਤ ਨਾਮ ਗਲਾਵੋ ਕਿਉਂਕਿ ਇਹੋ ਜਿਹੀ ਹੀ ਸੱਚੀ ਟਕਸਾਲ ਵਿਚ ਗੁਰੂ ਦਾ ਸ਼ਬਦ ਘੜਿਆ ਜਾ ਸਕਦਾ ਹੈ। ਪਰ ਇਹ ਕਿਰਿਆ ਪ੍ਰਭੂ ਨਦਰ ਬਿਨਾਂ ਸੰਭਵ ਨਹੀਂ। ਇਹ ਕਾਰ ਉਨ੍ਹਾਂ ਮਨੁੱਖਾਂ ਦੀ ਹੀ ਹੈ ਜਿਨ੍ਹਾਂ ਉਤੇ ਮਿਹਰ ਦੀ ਨਜ਼ਰ ਹੁੰਦੀ ਹੈ ਜਿਨ੍ਹਾਂ ਉਤੇ ਬਖਸ਼ਿਸ਼ ਹੁੰਦੀ ਹੈ। ਐਸੇ ਮਨੁੱਖ ਅਕਾਲ ਪੁਰਖ ਦੀ ਕ੍ਰਿਪਾ-ਦ੍ਰਿਸ਼ਟੀ ਨਾਲ ਨਿਹਾਲ ਹੋ ਜਾਂਦੇ ਹਨ -

ਜਤੁ ਪਾਹਾਰਾ ਧੀਰਜੁ ਸੁਨਿਆਰੁ॥
ਅਹਰਣਿ ਮਤਿ ਵੇਦੁ ਹਥੀਆਰੁ॥
ਭਉ ਖਲਾ ਅਗਨਿ ਤਪ ਤਾਉ॥
ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ॥
ਘੜੀਐ ਸਬਦੁ ਸਚੀ ਟਕਸਾਲ॥ (ਬਾਕੀ ਪੰਨਾ 20 ਤੇ)

ਚਉਥੈ ਪਹਰਿ ਸਬਾਹ ਕੈ

ਸੁਰਤਿਆ ਉਪਜੈ ਚਾਉ

(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

ਸੰਤ ਵਰਿਆਮ ਸਿੰਘ ਜੀ

ਸੋਰਠਿ ਮਹਲਾ ੫
ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ ਤੋਲਿ ਤੋਲਾਇਆ॥
ਆਪੇ ਸਾਹੁ ਆਪੇ ਵਣਜਾਰਾ ਆਪੇ ਵਣਜੁ ਕਰਾਇਆ॥
ਆਪੇ ਧਰਤੀ ਸਾਜੀਅਨੁ ਪਿਆਰੈ ਪਿਛੈ ਟੰਕੁ ਚੜਾਇਆ॥
ਮੇਰੇ ਮਨ ਹਰਿ ਹਰਿ ਧਿਆਇ ਸੁਖੁ ਪਾਇਆ॥
ਹਰਿ ਹਰਿ ਨਾਮੁ ਨਿਧਾਨੁ ਹੈ ਪਿਆਰਾ
ਗੁਰਿ ਪੂਰੈ ਮੀਠਾ ਲਾਇਆ॥ਰਹਾਉ॥
ਆਪੇ ਧਰਤੀ ਆਪਿ ਜਲੁ ਪਿਆਰਾ ਆਪੇ ਕਰੇ ਕਰਾਇਆ॥
ਆਪੇ ਹੁਕਮਿ ਵਰਤਦਾ ਪਿਆਰਾ ਜਲੁ ਮਾਟੀ ਬੰਧਿ ਰਖਾਇਆ॥
ਆਪੇ ਹੀ ਭਉ ਪਾਇਦਾ ਪਿਆਰਾ ਬੰਨਿ ਬਕਰੀ ਸੀਹੁ ਹਢਾਇਆ॥
ਆਪੇ ਕਾਸਟ ਆਪਿ ਹਰਿ ਪਿਆਰਾ ਵਿਚਿ ਕਾਸਟ ਅਗਨਿ ਰਖਾਇਆ॥
ਆਪੇ ਮਾਰਿ ਜੀਵਾਇਦਾ ਪਿਆਰਾ ਸਾਹ ਲੈਦੇ ਸਭਿ ਲਵਾਇਆ॥
ਆਪੇ ਤਾਣੁ ਦੀਬਾਣੁ ਹੈ ਪਿਆਰਾ ਆਪੇ ਕਾਰੈ ਲਾਇਆ॥
ਜਿਉ ਆਪਿ ਚਲਾਏ ਤਿਉ ਚਲੀਐ ਪਿਆਰੇ
ਜਿਉ ਹਰਿ ਪ੍ਰਭ ਮੇਰੇ ਭਾਇਆ॥
ਆਪੇ ਜੰਤੀ ਜੰਤੁ ਹੈ ਪਿਆਰਾ
ਜਨ ਨਾਨਕ ਵਜਹਿ ਵਜਾਇਆ॥ ਅੰਗ - 605

ਸਾਧਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

ਅੰਮ੍ਰਿਤ ਵੇਲੇ ਤੋਂ ਆਪ ਹਰੀ ਦਾ ਜਸ ਸਰਵਣ ਕਰ ਰਹੇ ਸੀ ਉਪਰੰਤ ਆਪ ਨੇ ਮਹਾਰਾਜ ਜੀ ਦਾ ਹੁਕਮ ਸਰਵਣ ਕੀਤਾ ਜੋ ਅੱਖਰਾਂ ਦੇ ਵਿਚ ਸਮਝਣ ਵਾਸਤੇ ਬਹੁਤ ਹੀ ਆਸਾਨ ਹੈ। ਇਕ ਸਾਧਾਰਨ ਬੰਦਾ ਜਿਸਨੂੰ ਕੋਈ ਅਰਥ ਨਾ ਆਉਂਦਾ ਹੋਵੇ ਉਹ ਵੀ ਇਹ ਬਚਨ ਸਮਝ ਸਕਦਾ ਹੈ। ਮੋਟੇ ਤੌਰ ਤੇ ਮਹਾਰਾਜ ਜੀ ਨੇ ਸੱਚ ਨੂੰ ਪ੍ਰਗਟ ਕਰਕੇ ਫੁਰਮਾਨ ਕੀਤਾ ਕਿ ਇਥੇ ਵਾਹਿਗੁਰੂ ਤੋਂ ਬਗੈਰ ਹੋਰ ਕੋਈ ਹੈ ਨਹੀਂ, ਆਪੇ ਹੀ ਹੈ ਉਹ - ਅਨੇਕਾਂ ਹੀ ਰੂਪ ਧਾਰੇ ਹੋਏ ਨੇ। ਜੋ ਕੁਝ ਨਜ਼ਰ ਆਉਂਦਾ ਹੈ ਉਹ ਆਪ ਹੀ ਹੈ। ਇਹ ਗੱਲ ਕਹਿਣ ਨੂੰ ਬਹੁਤ ਸੁਖਾਲੀ ਹੈ ਪਰ ਮਹਾਂਪੁਰਸ਼ਾਂ ਦਾ ਇਹ ਮੱਤ ਹੈ ਕਿ ਜੇ ਸੌ ਜਨਮ ਤਪ ਕਰੇ, ਸਾਧਨਾ ਕਰੇ, ਭਗਤੀ ਕਰੇ ਤਾਂ ਇਹ ਗੱਲ ਸ਼ਾਇਦ ਸਮਝ ਵਿਚ ਆ ਜਾਵੇ ਤਾਂ ਆ ਜਾਵੇ ਨਹੀਂ ਤਾਂ ਸਮਝ 'ਚ ਆਇਆ ਨਹੀਂ ਕਰਦੀ। ਕੋਈ ਵਿਰਲਾ ਹੈ ਕਰੋੜਾਂ ਦੇ ਵਿਚ ਇਕ ਬੰਦਾ ਜਿਹੜਾ ਇਸ ਦਾ ਗਹਿਰਾ ਮਤਲਬ ਸਮਝ ਲਵੇ। ਉਹ ਸਮਝ ਕੇ ਇਹ ਨਹੀਂ ਸਮਝਦਾ, ਫੇਰ 'ਮੈਂ' ਇਸ ਦੀ ਬਾਕੀ ਰਹਿ ਜਾਂਦੀ ਹੈ ਕਿਉਂਕਿ 'ਮੈਂ' ਐਸਾ ਪੜਦਾ ਪਾਇਆ ਹੈ ਪ੍ਰਮੇਸ਼ਰ ਨੇ, ਜਿਹੜਾ ਨਾ ਜਪਣ ਨਾਲ ਹਟਦਾ ਹੈ, ਨਾ ਤਪਾਂ ਨਾਲ ਹਟਦਾ ਹੈ, ਨਾ ਤੀਰਥਾਂ ਤੇ ਜਾ ਕੇ ਹਟਦਾ ਹੈ, ਨਾ ਦਾਨ ਕਰਕੇ ਹਟਦਾ ਹੈ, ਨਾ ਭਲੇ ਕੰਮ ਕਰਕੇ ਹਟਦਾ ਹੈ ਉਹ ਸਗੋਂ ਵਧਦਾ ਹੀ ਚਲਿਆ ਜਾਂਦਾ ਹੈ, ਮੋਟਾ ਹੀ ਹੁੰਦਾ ਚਲਿਆ ਜਾਂਦਾ ਹੈ ਜਿਵੇਂ - ਮੈਂ ਦਾਨ ਕਰਿਆ, ਮੈਂ ਕੀਰਤਨ ਕਰਿਆ, ਮੈਂ ਵਖਿਆਨ ਕਰਿਆ, ਮੈਂ ਐਨਾ ਨਾਮ ਜਪਿਆ, ਹੋਰ ਵਧ ਜਾਂਦਾ ਹੈ। ਜਦੋਂ ਤੱਕ ਪੂਰੇ ਸਤਿਗੁਰੂ ਦਾ ਮਿਲਾਪ ਨਹੀਂ ਹੁੰਦਾ ਤੇ ਸਾਧੂ ਦੀ ਸੰਗਤ ਪ੍ਰਾਪਤ ਨਹੀਂ ਹੁੰਦੀ, ਪਿਛਲੇ ਜਨਮਾਂ ਦੇ ਬੇਅੰਤ ਤਪ, ਸਾਧਨ ਤੇ ਭਗਤੀ ਜਦੋਂ ਤੱਕ ਇਕੱਠੀ ਨਹੀਂ ਹੁੰਦੀ, ਓਨੀ ਦੇਰ ਤੱਕ ਇਹ ਬਚਨ ਸਮਝ ਵਿਚ ਨਹੀਂ ਆਉਂਦਾ। ਮਹਾਰਾਜ ਫੁਰਮਾਨ ਕਰਦੇ ਨੇ ਕਿ ਜਿਸ ਦੇ ਇਹ ਸਮਝ ਵਿਚ ਆ ਜਾਵੇ ਉਹ ਉਸੇ ਵੇਲੇ ਵਾਹਿਗੁਰੂ ਦਾ ਰੂਪ ਬਣ ਜਾਂਦਾ ਹੈ। ਇਸੇ ਨੂੰ ਕਹਿੰਦੇ ਨੇ ਨਾਮ।

ਕਬਹੂ ਸਾਧਸੰਗਤਿ ਇਹੁ ਪਾਵੈ॥ ਅੰਗ - 278

ਫਿਰਦਾ-ਫਿਰਦਾ ਕਰੋੜਾਂ ਜਨਮਾਂ ਦੇ ਵਿਚ ਕਦੇ ਇਸ ਨੂੰ ਸਾਧੂ ਦੀ ਸੰਗਤ ਮਿਲ ਗਈ, ਪੂਰਨ ਤੱਤ ਬੇਤੇ ਮਹਾਂਪੁਰਸ਼, ਜਿਹੜਾ ਪ੍ਰਮੇਸ਼ਰ ਵਿਚ ਅਭੇਦ ਅਵਸਥਾ ਦਾ ਹੈ ਉਸ ਦੀ ਸੰਗਤ ਇਸਨੂੰ ਪ੍ਰਾਪਤ ਹੋ ਗਈ, ਫਿਰਦੇ-ਫਿਰਦੇ ਨੂੰ, ਕਰੋੜਾਂ ਜਨਮਾਂ ਤੋਂ ਕਿਉਂਕਿ ਕਰੋੜਾਂ ਜਨਮਾਂ ਵਿਚ ਇਹ ਕਰਮ ਤੇ ਹਉਮੈ ਦਾ ਬੰਨ੍ਹਿਆ ਫਿਰਦਾ ਹੈ।

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥
ਅੰਗ - 466

ਆਹ ਜਿਹੜੀ ਅਸੀਂ ਕਹਿੰਦੇ ਹਾਂ 'ਮੈਂ' ਇਸੇ ਨੂੰ ਹੀ ਹਉਮੈ ਕਹਿੰਦੇ ਨੇ। 'ਮੈਂ' ਅੱਖਰ ਨੂੰ ਨਹੀਂ ਕਹਿੰਦੇ ਸਗੋਂ ਜਿਹੜਾ 'ਮੈਂ' ਕਹਿੰਦੇ ਹਾਂ ਕਿ ਮੈਂ ਫਲਾਣਾ ਸਿੰਘ ਹਾਂ। ਆਪਣਾ ਵਜੂਦ ਜਿਹੜਾ ਹੈ ਕਿ ਮੈਂ ਗੁਰਨਾਮ ਸਿੰਘ ਹਾਂ, ਮੈਂ ਦਿਆਲ ਸਿੰਘ ਹਾਂ, ਉਹ ਧਿਆਨ ਸਿੰਘ ਨਾਉਂ ਨਹੀਂ ਹੈ ਸਗੋਂ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਜਿਹੜਾ ਕੁਝ ਆਹ ਵਜੂਦ ਜਿਹਾ ਬਣਿਆ ਹੋਇਆ ਹੈ - ਸਰੀਰ ਇਸ ਨੂੰ 'ਮੈਂ' ਕਹਿੰਦੇ ਨੇ। ਅੱਖਰ ਨਹੀਂ ਹੈ 'ਮੈਂ'। ਇਸ ਨੂੰ ਕੋਈ ਸਮਝ 'ਚ ਨਹੀਂ ਆਉਂਦੀ ਕਿਉਂਕਿ ਮਹਾਰਾਜ ਕਹਿੰਦੇ-

ਹਉਮੈ ਏਹਾ ਜਾਤਿ ਹੈ.....॥
ਅੰਗ - 466

ਆਹ ਜਿਹੜਾ ਮੈਂ ਸਮਝਣਾ ਹੈ ਇਸੇ ਨੂੰ ਹਉਮੈ ਕਹਿੰਦੇ ਨੇ ਤੇ ਸਰੀਰ ਫੇਰ ਕੰਮ ਕਰਦਾ ਹੈ। ਨੇਕ ਵੀ ਹੁੰਦੇ

ਨੇ (ਕੰਮ) ਤੇ ਬੁਰੇ ਵੀ ਹੁੰਦੇ ਨੇ ਇਸ ਤੋਂ ਤੇ ਜਦੋਂ ਬਹੁਤ ਵਧੀਆ ਕੰਮ ਕਰੇ ਤੇ ਕੋਈ ਇਸ ਦੀ ਪ੍ਰਸੰਸਾ ਨਾ ਕਰੇ ਤਾਂ ਇਹ ਨਰਾਜ਼ ਹੋ ਜਾਂਦਾ ਹੈ। ਉਹ ਨਰਾਜ਼ ਕਿਉਂ ਹੁੰਦਾ ਹੈ ਕਿਉਂਕਿ ਉਹ 'ਮੈਂ' ਕੰਮ ਕਰੇ ਨੇ ਤੇ ਮੈ ਕਿਸੇ ਨੇ ਚੰਗਾ ਨਹੀਂ ਕਿਹਾ। ਇਹ ਜਿਹੜੀ ਭਾਵਨਾ ਹੈ ਕਿ ਮੈਂ ਕੰਮ ਕਰੇ ਨੇ ਤੇ ਚੰਗਾ ਨਹੀਂ ਕੋਈ ਮੈਨੂੰ ਕਹਿੰਦਾ। ਮਹਾਰਾਜ ਕਹਿੰਦੇ ਇਹ ਚਿੰਬੜ ਜਾਂਦਾ ਹੈ ਫੇਰ ਕਰਮ, ਨਾਲ ਜੁੜ ਜਾਂਦਾ ਹੈ। ਇਹ ਜਮ੍ਹਾਂ ਹੋ ਜਾਂਦਾ ਹੈ ਗੁਦਾਮ ਦੇ ਵਿਚ। ਇਸ ਦਾ ਫਲ ਮਿਲਦਾ ਹੈ - ਚਾਹੇ ਸਵਰਗਾਂ ਵਿਚ ਮਿਲ ਜਾਵੇ, ਚਾਹੇ ਨਰਕਾਂ ਵਿਚ ਮਿਲ ਜਾਵੇ, ਚਾਹੇ ਸੁੱਖ ਵਿਚ ਮਿਲ ਜਾਵੇ - ਚਾਹੇ ਦੁੱਖ ਵਿਚ ਮਿਲ ਜਾਵੇ। ਇਹ ਇਸ ਤਰ੍ਹਾਂ ਕਰਮ ਕਰਦਾ ਰਹਿੰਦਾ ਹੈ ਤੇ ਫਸਿਆ ਰਹਿੰਦਾ ਹੈ, ਬੰਨ੍ਹਿਆ ਹੀ ਰਹਿੰਦਾ ਹੈ। ਫੇਰ ਮਨੁੱਖ ਬਣਦਾ ਹੈ, ਫੇਰ ਕਰਮ ਕਰਦਾ ਹੈ, ਫੇਰ ਬੰਨ੍ਹ ਹੋ ਜਾਂਦਾ ਹੈ। ਇਹ ਗੋਲ ਕਿਲ੍ਹੇ ਵਿਚ ਆ ਕੇ ਜਿਸ ਦੇ ਸਾਰੇ ਹੀ ਦਰਵਾਜ਼ੇ ਬੰਦ ਨੇ, ਨਿਕਲ ਨਹੀਂ ਸਕਦਾ ਬਾਹਰ, ਉਥੇ ਹੀ ਘੁੰਮੇਟਣੀਆਂ ਖਾਈ ਜਾਂਦਾ ਹੈ। ਆਹ ਮੁਸ਼ਕਲ ਹੈ, ਸਾਨੂੰ, ਕੋਈ ਤਰੀਕਾ ਨਹੀਂ ਨਿਕਲਣ ਦਾ ਕਿਉਂਕਿ 'ਮੈਂ' ਜਿਹੜੀ ਹੈ ਉਹ ਮਰਦੀ ਨਹੀਂ ਹੈ, ਨਾ ਮਰਨ ਕਰਕੇ ਇਹ ਕਰਮ ਚਿੰਬੜੀ ਜਾਂਦੇ ਨੇ। ਮੂੰਹ ਨਾਲ ਕਹੇ ਤੋਂ ਨਹੀਂ ਹਟਦੀ ਜੇ ਕਹੀਏ ਕਿ ਦਾਸ ਹਾਂ, ਮੈਂ ਦਾਸ ਹਾਂ ਤੇ ਕਹੇ ਜੀ ਇਹ ਸਰੀਰ ਹੈ ਇਹ ਤਾਂ ਗੱਲਾਂ-ਬਾਤਾਂ ਨੇ। ਆਪਣੇ-ਆਪ ਨੂੰ ਸਰੀਰ ਹੀ ਸਮਝਦਾ ਹੈ ਕਿ ਮੈਂ ਸਰੀਰ ਹਾਂ, ਮੈਂ ਕੰਮ ਕਰਦਾ ਹਾਂ। ਫੇਰ ਸਰੀਰ ਦੇ ਜਿਹੜੇ ਸਬੰਧੀ ਨੇ ਉਨ੍ਹਾਂ ਨੂੰ ਕਹਿੰਦਾ ਹੈ ਕਿ ਮੇਰੇ ਸਬੰਧੀ ਨੇ। ਪਹਿਲਾਂ ਉਹ ਹੈ ਹੀ ਨਹੀਂ ਸਨ, ਕੁਝ ਸਮੇਂ ਬਾਅਦ ਉਹ ਫੇਰ ਨਹੀਂ ਰਹਿੰਦੇ। ਪਹਿਲਾਂ ਮਾਂ-ਬਾਪ ਸੀ, ਜਦੋਂ ਆਪ ਹੋ ਗਿਆ ਵੱਡਾ ਤਾਂ ਉਸ ਵੇਲੇ ਮਾਂ-ਬਾਪ ਕਿਥੇ ਚਲੇ ਗਏ, ਨਾ ਕਿਤੇ ਲੱਭੇ ਹੋਏ ਲੱਭਦੇ ਨੇ, ਨਾ ਕਿਤੇ ਦੱਸ ਪੈਂਦੀ ਹੈ, ਉਹ ਕਿਥੇ ਚਲੇ ਗਏ? ਉਨ੍ਹਾਂ ਨਾਲ ਸਬੰਧ ਕੋਈ ਨਹੀਂ। ਜੇ ਘਰ ਵਿਚ ਬੈਲ ਬਣ ਜਾਣ ਆ ਕੇ ਫੇਰ ਉਹ ਮੰਨਦਾ ਨਹੀਂ ਹੈ। ਜੇ ਉਸਨੂੰ ਕਹੋ ਕਿ ਤੇਰੇ ਮਾਂ ਬਾਪ ਨੇ ਇਹ, ਉਹ ਬਿਲਕੁਲ ਨਹੀਂ ਮੰਨਦਾ ਲੇਕਿਨ ਜਿੰਨਾ ਚਿਰ 'ਮੈਂ' ਦੇ ਨਾਲ ਸਬੰਧ ਹੈ ਉਨਾਂ ਚਿਰ ਮੰਨਦਾ ਹੈ,-- ਫੇਰ ਨਹੀਂ ਉਹ ਮੰਨਦਾ।

ਸੋ ਇਸ ਮੈਂ ਤੋਂ ਖਹਿੜਾ ਨਹੀਂ ਛੁਟਦਾ। ਮਹਾਰਾਜ ਕਹਿੰਦੇ ਇਹ ਮੂੰਹ ਨਾਲ ਤਾਂ ਕਹਿੰਦਾ ਹੈ ਕਿ ਵਾਹਿਗੁਰੂ ਹੀ ਹੈ ਇਥੇ ਹੋਰ ਕੋਈ ਹੋਇਆ ਹੀ ਨਹੀਂ ਲੇਕਿਨ ਰਹਿੰਦਾ 'ਮੈਂ' ਦੇ ਵਿਚ ਹੀ ਹੈ।

ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥

ਅੰਗ - 930

ਕਹਿੰਦੇ ਸਾਰੇ ਹੀ ਇਕ-ਇਕ ਨੇ ਪਰ ਹਉਮੈ ਤੇ ਗਰਭ ਦੇ ਵਿਚ ਵਿਆਪ ਕੇ ਕਹਿੰਦੇ ਨੇ -

ਅੰਤਰਿ ਬਾਹਰਿ ਏਕੁ ਪਛਾਣੈ .....॥

ਅੰਗ - 930

ਪਰ ਆਹ ਪਛਾਣ ਨਹੀਂ ਆਉਂਦੀ ਕਿ ਅੰਦਰ ਵੀ ਉਹੀ ਹੈ ਤੇ ਬਾਹਰ ਵੀ ਓਹੀ ਹੈ। ਦੱਸਣ ਵੇਲੇ ਤਾਂ ਆ ਜਾਏਗੀ ਕਿਸਨੂੰ ਪਰ ਪੱਕਾ ਵਿਸ਼ਵਾਸ਼ ਨਹੀਂ ਬੱਝਦਾ ਇਸ ਤੇ। ਕਹਿੰਦੇ ਜੇ ਆ ਜਾਵੇ ਤਾਂ -

.....ਇਉ ਘਰੁ ਮਹਲੁ ਸਿਞਾਪੈ॥

ਅੰਗ - 930

ਫੇਰ ਤਾਂ ਮਹਿਲ ਦਾ ਪਤਾ ਲਗ ਜਾਂਦਾ ਹੈ ਨਹੀਂ ਤਾਂ ਪਤਾ ਨਹੀਂ ਲਗਦਾ। ਸੋ ਇਹ ਮਹਾਰਾਜ ਕਹਿੰਦੇ ਕਰਦਾ ਹੈ, ਕਰਮ ਕਰਿਆ ਹੋਇਆ ਬੰਨ੍ਹ ਲਿਆ ਜਾਂਦਾ ਹੈ ਤੇ ਬੰਨ੍ਹਿਆ ਹੋਇਆ ਇਹ ਬਾਰ-ਬਾਰ ਜੰਮਦਾ ਰਹਿੰਦਾ ਹੈ। ਰਾਜਾ ਵੀ ਬਣਦਾ ਹੈ, ਭਿਖਾਰੀ ਵੀ ਬਣਦਾ ਹੈ, ਸੂਰਮਾ ਵੀ ਬਣਦਾ ਹੈ, ਡਰਪੋਕ ਵੀ ਬਣਦਾ ਹੈ, ਪਾਪੀ ਵੀ ਬਣ ਜਾਂਦਾ ਹੈ, ਪੁੰਨੀ ਵੀ ਬਣ ਜਾਂਦਾ ਹੈ, ਕਿਤੇ ਬਹੁਤ ਵੱਡਾ ਸਾਧੂ ਹੈ, ਕਿਤੇ ਬਹੁਤ ਮਾੜਾ ਆਦਮੀ ਹੈ। ਇਸ ਤਰ੍ਹਾਂ ਫਿਰਦੇ-ਫਿਰਦੇ ਦੀ ਕਿਤੇ ਕਿਸਮਤ ਜਾਗ ਪਏ, ਕੋਈ ਕਰਮ ਜਾਗ ਪਏ ਤਾਂ ਇਸ ਨੂੰ ਸਾਧੂ ਦੀ ਸੰਗਤ ਹੋ ਜਾਵੇ -

ਕਬਹੂ ਸਾਧਸੰਗਤਿ ਇਹੁ ਪਾਵੈ॥
ਉਸੁ ਅਸਥਾਨ ਤੇ ਬਹੁਰਿ ਨ ਆਵੈ॥ ਅੰਗ - 278

ਜਿਹੜੀ ਸਾਧੂ ਦੀ ਸੰਗਤ ਹੈ - ਸੰਤਾਂ ਨੂੰ ਮਿਲ ਲੈਣਾ, ਨੇੜੇ-ਨੇੜੇ ਰਹਿਣਾ ਇਹ ਸੰਗਤ ਨਹੀਂ ਹੁੰਦੀ। ਸੰਗਤ ਕਹਿੰਦੇ ਨੇ ਜੁੜ ਜਾਣਾ ਉਸ ਦੇ ਨਾਲ। ਸਭ ਕੁਝ ਉਸ ਦੇ ਹਵਾਲੇ ਕਰਕੇ ਬਾਕੀ ਕੁਝ ਨਾ ਰੱਖਣਾ ਆਪਣੇ ਪਾਸ, ਮੈਂ ਵੀ ਉਸ ਦੇ ਹਵਾਲੇ ਕਰ ਦੇਣੀ। ਸੰਗਤ ਕਹਿੰਦੇ ਨੇ ਜੁੜਨ ਨੂੰ, ਸੰਗ ਹੋ ਜਾਣਾ। ਉਸ ਦੇ ਬਚਨਾਂ ਨੂੰ ਐਉਂ ਮੰਨਣਾ ਕਿ ਹੋਰ ਕੋਈ ਗੱਲ ਨਹੀਂ ਹੈ ਜਿਹੜੀ ਅਸਲੀ ਹੈ ਉਹ ਇਹੀ ਹੈ। ਕਿੰਨਾ ਹੀ ਨੁਕਸਾਨ ਹੋ ਜਾਵੇ। ਉਹ ਹੰਗਤਾ ਤੇ ਮਮਤਾ ਉਸ ਦੇ ਹਵਾਲੇ ਕਰ ਦੇਣੀ, 'ਮੈਂ' ਤੇ 'ਮੇਰੀ' ਕੋਈ ਚੀਜ਼ ਨਾ ਕੋਲ ਰੱਖਣੀ ਫੇਰ ਕਹਿੰਦੇ ਉਥੋਂ ਨਹੀਂ ਗਿਰਦਾ ਕਿਉਂਕਿ ਉਹ ਦੇ ਦਿਤੀ ਜਿਹੜੀ ਚੀਜ਼ ਇਸ ਨੂੰ ਜੋੜਦੀ ਹੈ ਨਠਾਈ ਫਿਰਦੀ ਹੈ, ਉਹ ਸੰਤਾਂ ਨੂੰ ਦੇ ਦਿਤੀ -

ਅੰਤਰਿ ਹੋਇ ਗਿਆਨ ਪਰਗਾਸੁ॥ ਅੰਗ - 278

ਫੇਰ ਸੰਤਾਂ ਦੇ ਬਚਨ ਦੇ ਨਾਲ, ਸ਼ਬਦ ਦੇ ਨਾਲ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਜਿਹੜਾ ਸ਼ਬਦ ਹੁਣ ਆਇਆ ਤੇ ਤੁਸੀਂ ਸੁਣਿਆ ਹੈ। ਇਸ ਦਾ ਪ੍ਰਕਾਸ਼ ਹੁੰਦਾ ਹੈ ਅੰਦਰ। ਕੰਨਾਂ ਦੇ ਨਾਲ ਸੁਣੇ ਤੋਂ ਨਹੀਂ ਹੁੰਦਾ ਕਿਉਂਕਿ ਕੰਨ ਤਾਂ ਕੰਧ ਵਰਗੇ ਹੁੰਦੇ ਨੇ ਜਿਵੇਂ ਬੋਲ ਕੰਧ ਦੇ ਨਾਲ ਲਗ ਕੇ ਮੁੜ ਆਉਂਦੇ ਨੇ ਇਵੇਂ ਇਹ ਕੰਨਾਂ ਨਾਲ ਲੱਗ

ਕੇ ਮੁੜ ਆਉਂਦਾ ਹੈ ਅੰਦਰ ਨਹੀਂ ਜਾਂਦਾ ਜੇ ਅੰਦਰ ਜਾਂਦਾ ਹੋਵੇ ਤਾਂ ਇਕੋ ਦਿਨ ਵਿਚ ਉਧਾਰ ਹੋ ਜਾਵੇ ਸਾਡਾ। ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ –

ਉਸੁ ਅਸਥਾਨ ਕਾ ਨਹੀ ਬਿਨਾਸੁ॥
ਮਨ ਤਨ ਨਾਮਿ ਰਤੇ ਇਕ ਰੰਗਿ॥ ਅੰਗ - 278

ਇਸ ਦੇ ਜਿਹੜਾ ਮਨ ਤੇ ਤਨ ਨੇ ਇਹ ਫੇਰ ਨਾਮ ਦੇ ਪਿਆਰ ਵਿਚ ਰੰਗੇ ਜਾਂਦੇ ਨੇ ਤੇ ਹਰ ਵਕਤ ਵਾਹਿਗੁਰੂ ਦੀ ਹਜ਼ੂਰੀ ਵਿਚ ਰਹਿੰਦਾ ਹੈ।

ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥ ਅੰਗ - 278

ਇਹ ਜਿਹੜਾ ਸ਼ਬਦ ਹੈ ਇਸ ਦਾ ਸਿਧਾਂਤ ਹਰ ਵਕਤ ਇਸ ਦੇ ਸਾਮ੍ਹਣੇ ਰਹਿੰਦਾ ਹੈ। ਫੇਰ ਉਹ ਮੈਂ ਨਹੀਂ ਰਹਿੰਦਾ, 'ਮੈਂ' ਮਰ ਜਾਂਦੀ ਹੈ। ਇਹੀ ਸਾਮ੍ਹਣੇ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਫੇਰ ਇਹ ਸਦਾ ਹੀ ਪਾਰਬ੍ਰਹਮ ਦੇ ਨਾਲ ਰਹਿਣ ਲਗ ਜਾਂਦਾ ਹੈ। ਉਸ ਦੇ ਨਾਲ ਇਹ ਆਏਂ ਮਿਲ ਜਾਂਦਾ ਹੈ –

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਮਿਟਿ ਗਏ ਗਵਨ ਪਾਏ ਬਿਸ੍ਰਾਮ॥
ਨਾਨਕ ਪ੍ਰਭ ਕੈ ਸਦ ਕੁਰਬਾਨ॥ ਅੰਗ - 278

ਸੋ ਇਹ ਸਾਡਾ ਟੀਚਾ ਹੈ ਜਿਥੇ ਅਸੀਂ ਪਹੁੰਚਣਾ ਹੈ। ਇਕ ਜਨਮ ਵਿਚ ਪਹੁੰਚ ਜਾਈਏ, ਹਜ਼ਾਰ ਜਨਮ ਵਿਚ ਪਹੁੰਚ ਜਾਈਏ, ਲੱਖ ਵਿਚ ਪਹੁੰਚ ਜਾਈਏ। ਮਹਾਰਾਜ ਕਹਿੰਦੇ ਜਨਮ ਤਾਂ ਮਿਲ ਜਾਂਦਾ ਹੈ ਪਰ ਇਹ ਘੇਰਿਆ ਜਾਂਦਾ ਹੈ ਹਰ ਵਾਰੀ –

ਬੈਰ ਬਿਰੋਧ ਕਾਮ ਕ੍ਰੋਧ ਮੋਹ॥
ਝੂਠ ਬਿਕਾਰ ਮਹਾ ਲੋਭ ਧ੍ਰੋਹ॥
ਇਆਹੂ ਜੁਗਤਿ ਬਿਹਾਨੇ ਕਈ ਜਨਮ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥
ਅੰਗ - 268

ਬਹੁਤ ਜਨਮ ਇਸਨੂੰ ਮਿਲੇ ਨੇ ਇਕ ਵਾਰੀ ਤਾਂ ਨਹੀਂ ਆਇਆ, ਕਰੋੜਾਂ ਵਾਰੀ ਮਨੁੱਖ ਬਣਿਆ ਹੈ ਲੇਕਿਨ ਹਰ ਵਾਰੀ ਖੁੰਝ ਜਾਂਦਾ ਹੈ। ਇਹ ਕਰਮ ਕਰਦਾ ਹੈ, ਕਰਮਾਂ ਨਾਲ ਬੰਨ੍ਹਿਆ ਜਾਂਦਾ ਹੈ, ਮੁੜ ਕੇ ਭੋਗਣ ਨੂੰ ਫੇਰ ਤਿਆਰ ਹੋ ਜਾਂਦਾ ਹੈ ਪਰ ਹਉਂ ਨੂੰ ਨਹੀਂ ਛੱਡਦਾ। ਮਹਾਂਪੁਰਸ਼ ਕਹਿੰਦੇ ਇਹ ਤੂੰ ਛੱਡ ਦੇਹ, ਇਹ ਵਾਧੂ ਚੀਜ਼ ਹੈ। ਇਹ ਤੈਨੂੰ ਲਈ ਫਿਰਦੀ ਹੈ ਤੂੰ ਇਸ ਨੂੰ ਗੁਰੂ ਦੇ ਹਵਾਲੇ ਕਰ ਦੇਹ, ਹਵਾਲੇ ਕਰਕੇ ਦੇਖ ਤਾਂ ਸਹੀ ਬਾਕੀ ਕੀ ਬਚਦਾ ਹੈ?

ਇਸ ਸਰੀਰ ਵਿਚ ਦੋ ਰਹਿੰਦੇ ਨੇ ਇਕ ਤਾਂ ਵਾਹਿਗੁਰੂ ਜੀ ਨੇ ਇਕ ਜਿਹੜੀ ਉਸ ਦੀ ਸੱਤਾ ਹੈ ਉਸ ਦਾ ਪਰਛਾਵਾਂ ਪੈਂਦਾ ਹੈ। ਜਿਵੇਂ ਇਕ ਤਾਂ ਸੂਰਜ ਹੋਵੇ ਤੇ ਇਕ ਸ਼ੀਸ਼ੇ ਦੇ ਵਿਚੀਂ ਸੂਰਜ ਦੀਆਂ ਕਿਰਨਾਂ ਅੱਗੇ ਲੰਘਦੀਆਂ ਨੇ। ਅੱਗੇ ਲੰਘ ਕੇ ਅੱਗ ਬਣ ਜਾਂਦੀਆਂ ਨੇ। ਜੇ ਕੱਪੜਾ ਹੋਵੇ ਹੇਠਾਂ ਤਾਂ ਉਸ ਨੂੰ ਇਹ (ਸਾੜ) ਜਾਲ ਦਿੰਦੀਆਂ ਨੇ। ਇਸੇ ਤਰ੍ਹਾਂ ਜਦੋਂ ਹਉਮੈ ਵਿਚ ਪ੍ਰਕਾਸ਼ ਪੈਂਦਾ ਹੈ ਤਾਂ ਇਹ ਵੱਖਰਾ ਹੋ ਜਾਂਦਾ ਹੈ, ਵੱਖਰੀ ਸੋਝੀ ਆ ਜਾਂਦੀ ਹੈ ਤੇ ਮੈਂ ਬਣ ਜਾਂਦਾ ਹੈ ਪਰ ਹੈ ਕੁਝ ਵੀ ਨਹੀਂ ਇਹ। ਕੇਵਲ ਇਹ ਹਉਮੈ ਦੇ ਉਤੇ ਵਾਹਿਗੁਰੂ ਦੀ ਸ਼ਕਤੀ ਪੈ ਰਹੀ ਹੈ ਉਸ ਤੋਂ ਬਾਅਦ ਜਿਹੜੀ ਇਸ ਦੇ ਅੰਦਰ ਜਾਗਰਤ ਹੈ ਉਹ 'ਮੈਂ' ਬਣ ਕੇ ਫਿਰ ਰਹੀ ਹੈ। ਉਸ ਨੂੰ ਇਹ ਛੱਡਦਾ ਨਹੀਂ ਤੇ ਅਸਲੀ ਨੂੰ ਇਹ ਪਛਾਣਦਾ ਨਹੀਂ ਹੈ।

ਗੁਰੂ ਚੌਥੇ ਪਾਤਸ਼ਾਹ ਮਹਾਰਾਜ ਜੀ ਨੇ ਜਿਹੜਾ ਫੁਰਮਾਨ ਕੀਤਾ ਹੈ ਕਿ ਇਥੇ ਆਪੇ ਹੀ ਹੈ ਉਹ ਹਰ ਥਾਂ ਦੇ ਉਤੇ। ਜੋ ਕੁਝ ਵੀ ਨਜ਼ਰ ਆਉਂਦਾ ਹੈ ਉਹ ਆਪਣੀ ਖੇਡ ਆਪ ਕਰਦਾ ਹੈ। ਜੇ ਇਹ ਸਾਰੀ ਸਮਝ ਵਿਚ ਆ ਜਾਵੇ, ਵਰਤੋਂ ਵਿਚ ਆ ਜਾਵੇ, ਮੰਨ ਲਈਏ ਏਸ ਨੂੰ ਫੇਰ ਕੀ ਹੁੰਦਾ ਹੈ? ਕਹਿੰਦੇ –

ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥
ਅੰਗ - 397

ਉਹ ਸਰੀਰ ਫੇਰ ਵਾਹਿਗੁਰੂ ਹੀ ਹੋਇਆ ਕਰਦਾ ਹੈ ਇਸੇ ਕਰਕੇ ਵਿਚੋਂ ਫੁਰਮਾਨ ਆਉਂਦਾ ਹੈ –

ਸੰਤ ਅਨੰਤਹਿ ਅੰਤਰੁ ਨਾਹੀ॥ ਅੰਗ - 486

ਵਾਹਿਗੁਰੂ ਤੇ ਸਾਧੂਆਂ ਵਿਚ ਕੋਈ ਫਰਕ ਨਹੀਂ ਹੁੰਦਾ ਕਿਉਂਕਿ ਜਿਸਨੂੰ ਸਾਧੂ ਕਹਿੰਦੇ ਨੇ ਉਹ ਹੁੰਦਾ ਹੀ ਨਹੀਂ, ਉਹ ਵਿਚੋਂ ਖਤਮ ਹੋਇਆ ਹੁੰਦਾ ਹੈ ਤੇ ਉਹ ਪ੍ਰਮੇਸ਼ਰ ਹੀ ਹੁੰਦਾ ਹੈ। ਸੋ ਇਸ ਦੀ ਪ੍ਰਾਪਤੀ ਸਾਨੂੰ ਸਤਿਸੰਗ ਤੋਂ ਹੁੰਦੀ ਹੈ। ਬਾਰ-ਬਾਰ ਸੰਗਤ ਮਿਲੀ ਜਾਵੇ ਤੇ ਹਿੰਮਤ ਕਰੀਏ, ਬਾਣੀ ਸੁਣੀਏ, ਪੁੰਨ ਕਰਮ ਬਣਨਗੇ, ਪੁੰਨ ਕਰਮਾਂ ਦਾ ਫਲ ਸਾਨੂੰ ਗੁਰੂ ਮਿਲੇਗਾ। ਜਦੋਂ ਹੋਰ ਪੁੰਨ ਕਰਮ ਕਰਕੇ ਗੁਰੂ ਨੂੰ ਅਰਪਣ ਕਰਾਂਗੇ। ਹਰ ਰੋਜ਼ ਸਿੱਖ ਅਰਦਾਸ ਕਰਦਾ ਹੈ ਪਰ ਸਾਨੂੰ ਪਤਾ ਨਹੀਂ ਕਿ ਅਸੀਂ ਪਤਾ ਨਹੀਂ ਕਿ ਅਸੀਂ ਕੀ ਅਰਦਾਸ ਕਰਦੇ ਹਾਂ। ਅਸੀਂ ਕਹਿੰਦੇ ਹਾਂ 'ਸੱਚੇ ਪਾਤਸ਼ਾਹ! ਅੰਮ੍ਰਿਤ ਵੇਲੇ ਤੋਂ ਜੋ ਵੀ ਸ਼ੁਭ ਕਰਮ ਕਰੇ ਨੇ, ਤੇਰੀ ਬਾਣੀ ਹੈ ਇਸ ਨੂੰ ਸੋਧ ਕੇ ਆਪਣੇ ਖਜ਼ਾਨੇ ਵਿਚ ਪਾ ਲੈ, ਦਾਖਲ ਕਰ ਲੈ। ਖਜ਼ਾਨੇ ਦਾ ਮਤਲਬ ਹੁੰਦਾ ਹੈ ਕਿ ਮੈਂ ਨਹੀਂ ਰੱਖਣਾ ਇਸ ਦਾ ਫਲ ਤੂੰ ਹੀ ਰੱਖ ਲੈ, ਤੇਰੇ ਹੀ ਅਰਪਨ ਕਰ ਦਿਤਾ ਹੈ। ਜੇ ਤਾਂ ਇਸ ਨੂੰ ਇਸ ਦੀ ਸੋਝੀ ਹੋਵੇ ਤੇ ਸੋਝੀ ਨਾਲ ਕਹੇ ਫੇਰ ਤਾਂ ਕਰਮਾਂ ਤੋਂ ਬਚ ਜਾਂਦਾ ਹੈ ਜੇ ਸੋਝੀ ਨਾਲ ਨਹੀਂ ਕਹਿੰਦਾ ਫੇਰ ਕਰਮ ਏਸ ਨੂੰ ਬੰਨ੍ਹ ਲੈਂਦੇ ਨੇ।

ਸੋ ਇਸ ਕਰਕੇ ਸੰਗਤ ਵਿਚ ਆਉਂਦੇ ਹੋ, ਵਾਹਿਗੁਰੂ ਦੀ ਕ੍ਰਿਪਾ ਹੈ ਕਿ ਅੰਮ੍ਰਿਤ ਵੇਲੇ ਜਾਗਦੇ ਹਾਂ। ਹੌਲੀ-ਹੌਲੀ

ਚਲੇ ਚੱਲੋ, ਆਹਿਸਤਾ-ਆਹਿਸਤਾ ਜੀਵਨ ਬਦਲਦਾ ਜਾਏਗਾ ਤੇ ਮਹਾਰਾਜ ਜੀ ਦੀ ਕ੍ਰਿਪਾ ਹੋ ਜਾਏਗੀ।

ਦੂਸਰੀ ਮੇਰੀ ਇਕ ਬੇਨਤੀ ਹੈ ਕਿ ਜੋਂ ਅਸੀਂ ਦੇਗ ਵਰਤਾਉਂਦੇ ਹਾਂ। ਬਹੁਤ ਚੀਜ਼ਾਂ ਨੂੰ ਸਾਡੇ ਹੱਥ ਲੱਗੇ ਹੋਏ ਹੁੰਦੇ ਨੇ। ਜੇ ਸਾਬਣ ਨਾਲ ਹੱਥ ਧੋ ਕੇ ਦੇਖੋ ਤਾਂ ਮੈਲ ਲਹਿ ਜਾਂਦੀ ਹੈ ਥੋੜ੍ਹੀ ਦੇਰ ਬਾਅਦ ਹੀ ਤੇ ਅਸੀਂ ਕੀ ਕਰਦੇ ਹਾਂ ਹੱਥ ਜਦੋਂ ਧੋਣ ਲਗਦੇ ਹਾਂ, ਚੁਲ੍ਹੀ ਕੁ ਪਾਣੀ ਲੈ ਕੇ ਜਿਹੜੀ ਮੈਲ ਲੱਗੀ ਹੋਈ ਹੁੰਦੀ ਹੈ ਉਹ ਉਗਲ ਆਉਂਦੀ ਹੈ ਸਾਡੇ ਹੱਥਾਂ ਤੇ ਪਾਣੀ ਨਾਲ ਉਹ ਅਸੀਂ ਪ੍ਰਸ਼ਾਦ ਵਿਚ ਪਾ ਦਿੰਦੇ ਹਾਂ ਤੇ ਉਹ ਸਾਡੇ ਅੰਦਰ ਪ੍ਰਸ਼ਾਦ ਨਾਲ ਲੱਗ ਕੇ ਜਾਂਦੀ ਹੈ। ਇਹ ਵਿਗਿਆਨਕ ਖੋਜ ਹੋਈ ਹੋਈ ਹੈ, ਅੱਜਕੱਲ੍ਹ ਇਹ ਕੋਈ ਲੁਕਵੀਂ-ਛਿਪਵੀਂ ਗੱਲ ਨਹੀਂ ਹੈ।

ਇਕ ਪ੍ਰੇਮੀ ਚੜ੍ਹਾਈ ਕਰ ਗਿਆ ਉਸ ਦੀ ਤਫਤੀਜ਼ ਹੋਈ ਕਿ ਇਸ ਦੀ ਮੌਤ ਹੋਈ ਕਿਵੇਂ? ਅਖੀਰ ਪਤਾ ਲੱਗ ਗਿਆ ਕਿ ਜਿਹੜਾ ਰਸੋਈਆ ਸੀ ਉਸ ਨੇ ਨਹੁੰ ਨਹੀਂ ਸੀ ਕੱਟੇ ਹੋਏ ਤੇ ਕੰਨਾਂ ਦੀ ਮੈਲ ਲੱਗੀ ਹੋਈ ਸੀ ਨਹੁੰਆਂ ਨੂੰ, ਉਹ ਜ਼ਹਿਰ ਸੀ, ਉਸ ਦੇ ਨਾਲ ਉਹ ਚੜ੍ਹਾਈ ਕਰ ਗਿਆ।

ਸੋ ਨਹੁੰਆਂ ਦੇ ਵਿਚ ਮੈਲ ਹੁੰਦੀ ਹੈ ਦਿਨ ਭਰ ਦੀ, ਕੰਮ ਕਰਦੇ ਹਾਂ ਉਹ ਨਾਲ ਲੱਗੀ ਰਹਿੰਦੀ ਹੈ। ਇਕ ਤਾਂ ਦੇਗ ਵਰਤਾਉਣ ਵਾਲੇ ਜਿਹੜੇ ਪ੍ਰੇਮੀ ਨੇ ਉਨ੍ਹਾਂ ਦੇ ਹੱਥ ਬਿਲਕੁਲ ਸੁੱਚੇ ਹੋਣੇ ਚਾਹੀਦੇ ਨੇ। ਹੱਥਾਂ ਨੂੰ ਧੋ ਕੇ ਖੁਲ੍ਹੇ ਪਾਣੀ ਵਿਚ ਚੰਗੀ ਤਰ੍ਹਾਂ ਪੂੰਝਣੇ ਚਾਹੀਦੇ ਹਨ। ਦੂਸਰਾ ਇਹ ਕਿ ਨਹੁੰ ਆਦਿ ਵੱਡੇ ਨਹੀਂ ਹੋਣੇ ਚਾਹੀਦੇ ਇਨ੍ਹਾਂ ਨੂੰ ਸਾਫ ਕਰਕੇ ਰੱਖੋ ਜੇ ਸੇਵਾ ਕਰਨੀ ਹੈ ਤਾਂ ਐਵੇਂ ਹੀ ਨਾ ਕਿਸੇ ਨੂੰ ਕੋਈ ਬਿਮਾਰੀ ਹੋ ਜਾਵੇ ਤੇ ਬਹੁਤ ਸਾਰੇ ਬੰਦਿਆਂ ਨੂੰ ਨਹੁੰਆਂ ਦੇ ਨਾਲ ਬਿਮਾਰੀ ਅੱਗੇ ਚਲੇ ਜਾਂਦੀ ਹੈ। ਸੋ ਇਸ ਕਰਕੇ ਇਸ ਦੇ ਵਿਚ ਪੂਰੀ ਸੋਧ ਰੱਖਿਆ ਕਰੋ। ਇਹ ਨਹੀਂ ਕਿ ਚੁਲੀ ਵਿਚ ਪਾਣੀ ਲੈ ਲਿਆ, ਮਾੜਾ ਜਿਹਾ ਮਲਿਆ, ਮੈਲ ਉਗਲ ਆਈ ਤੇ ਉਹ ਫੇਰ ਦੇ ਦਿੰਦੇ ਨੇ।

ਅੰਗਰੇਜ਼ ਨਹੀਂ ਲੈਂਦੇ ਪ੍ਰਸਾਦ ਉਹ ਕਹਿੰਦੇ ਇਹ ਹੱਥ ਲਾ ਕੇ ਦਿੰਦੇ ਨੇ। ਉਨ੍ਹਾਂ ਦੇਸ਼ਾਂ ਨੂੰ ਅਸੀਂ ਮਾੜੇ ਕਹਿੰਦੇ ਹਾਂ ਉਹ ਮਾੜੇ ਨਹੀਂ, ਸਫਾਈ ਉਨ੍ਹਾਂ ਵਿਚ ਬਹੁਤ ਹੈ। ਉਹ ਜਦੋਂ ਵੀ ਖਾਣ ਵਾਲੀ ਕੋਈ ਚੀਜ਼ ਲੈਣਗੇ ਤਾਂ ਉਹ ਹੱਥ ਨਹੀਂ ਲਾਉਣਗੇ ਉਹ ਕਾਂਟੇ, ਛੁਰੀਆਂ ਨਾਲ ਖਾਂਦੇ ਨੇ ਕਿਉਂਕਿ ਹੱਥਾਂ ਦੇ ਵਿਚ ਬਹੁਤ ਚੀਜ਼ ਲੱਗੀ ਰਹਿ ਜਾਂਦੀ ਹੈ। ਇਕ ਆਦਮੀ ਸਪਰੇਅ ਕਰਦਾ ਹੈ ਇਕ ਕੀਟਨਾਸ਼ਕ ਦਵਾਈ ਨੂੰ ਹੱਥ ਲਗ ਗਿਆ। ਜਦੋਂ ਤੱਕ ਉਹ 20-25 ਵਾਰ ਨਹੀਂ ਧੋਂਦਾ ਉਦੋਂ ਤੱਕ ਉਸ ਦਾ ਅਸਰ ਨਿਕਲਦਾ ਨਹੀਂ ਹੈ, ਜ਼ਹਿਰ ਅੰਦਰ ਨੂੰ ਜਾਣੀ ਸ਼ੁਰੂ ਹੋ ਜਾਂਦੀ ਹੈ। ਸੋ ਇਸ ਕਰਕੇ ਸਾਧ-ਸੰਗਤ ਜੀ! ਇਸ ਦੀ ਸਾਵਧਾਨੀ ਵਰਤਿਆ ਕਰੋ। ਸਭ ਕਿਸਮ ਦੇ ਸੰਗਤ ਵਿਚ ਬੰਦੇ ਹੁੰਦੇ ਨੇ, ਸਫਾਈ ਪਸੰਦ ਵੀ ਹੁੰਦੇ ਨੇ। ਤਰਕ ਕਰੇ ਤਾਂ ਫੇਰ ਚੰਗੀ ਚੀਜ਼ ਨਹੀਂ ਹੁੰਦੀ। ਸੋ ਆਪੇ ਹੀ ਜਿਹੜੇ ਸਾਫ-ਸੁਥਰੇ ਬੰਦੇ ਨੇ ਉਹ ਪ੍ਰਸ਼ਾਦ ਵਰਤਾਉਣ। ਦੂਸਰਾ ਇਹ ਹੈ ਕਿ ਪ੍ਰਸ਼ਾਦ ਦਿੰਦੇ ਕਦੇ ਨਹੀਂ ਬੋਲਣਾ। ਜਦੋਂ ਬੋਲਦਾ ਹੈ ਤਾਂ ਆਦਮੀ ਦਾ ਥੁੱਕ ਗਿਰਦਾ ਹੈ। ਸੋ ਇਨ੍ਹਾਂ ਚੀਜ਼ਾਂ ਦਾ ਖੁਦ ਧਿਆਨ ਰੱਖਿਆ ਕਰੋ, ਪ੍ਰਸ਼ਾਦ ਬੜੀ ਸੋਧ ਨਾਲ ਵੰਡਿਆ ਕਰੋ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

(ਪੰਨਾ 16 ਦੀ ਬਾਕੀ)

ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥੩੮॥

ਜਪੁਜੀ ਦੀਆਂ ੩੮ ਪਉੜੀਆਂ ਏਥੇ ਸਮਾਪਤ ਹੁੰਦੀਆਂ ਹਨ। ਅਗਲੇ ਅਖੀਰਲੇ ਸਲੋਕ ਵਿਚ 'ਜਪੁ' ਦਾ ਸਿਧਾਂਤ ਦੱਸਿਆ ਹੈ ਜਿਵੇਂ ਪ੍ਰਾਣ ਸਰੀਰਾਂ ਦਾ ਸਹਾਰਾ ਹਨ ਤਿਵੇਂ ਗੁਰੂ ਜੀਵਾਂ ਦਾ ਆਤਮਕ ਜੀਵਨ ਹੈ। ਪਾਣੀ ਪਿਤਾ ਸਮਾਨ ਹੈ ਜੋ ਪਾਲਨਾ ਕਰਦਾ ਹੈ, ਧਰਤੀ ਸਭ ਦੀ ਵੱਡੀ ਮਾਂ ਹੈ। ਦਿਨ ਅਤੇ ਰਾਤ ਦੋਵੇਂ ਖਿਡਾਵਾ ਤੇ ਖਿਡਾਵੀ ਹਨ, ਸਾਰਾ ਸੰਸਾਰ ਦਿਨ ਨੂੰ ਕਾਰ-ਵਿਹਾਰ ਵਿਚ ਤੇ ਰਾਤ ਨੂੰ ਸੌਣ ਦੀ ਖੇਡ ਖੇਡਦਾ ਹੈ। ਧਰਮਰਾਜ ਅਕਾਲ ਪੁਰਖ ਦੀ ਹਜ਼ੂਰੀ ਵਿਚ ਜੀਵਾਂ ਦੀ ਇਸ ਖੇਡ ਦੇ ਚੰਗੇ ਤੇ ਮੰਦੇ ਕੰਮਾਂ ਦੀ ਵਿਚਾਰ ਕਰਦਾ ਹੈ। ਆਪੋ ਆਪਣੇ ਇਨ੍ਹਾਂ ਕੀਤੇ ਹੋਏ ਕਰਮਾਂ ਅਨੁਸਾਰ ਕਈ ਜੀਵ ਅਕਾਲ ਪੁਰਖ ਦੇ ਨੇੜੇ ਹੋ ਜਾਂਦੇ ਹਨ ਅਤੇ ਕਈ ਅਕਾਲ ਪੁਰਖ ਤੋਂ ਦੂਰ ਰਹਿ ਜਾਂਦੇ ਹਨ। ਜਿਨ੍ਹਾਂ ਮਨੁੱਖਾਂ ਦੇ ਨਾਮ ਜਪਿਆ ਹੈ, ਉਹ ਆਪਣੀ ਮਿਹਨਤ ਸਫਲੀ ਕਰ ਗਏ ਹਨ। ਅਕਾਲ ਪੁਰਖ ਦੇ ਦਰ ਤੇ ਅਜਿਹੇ ਪ੍ਰਾਣੀ ਉਜਲਾ ਮੁੱਖ ਲੈ ਕੇ ਜਾਂਦੇ ਹਨ ਅਤੇ ਹੋਰ ਭੀ ਕਈ ਜੀਵ ਉਨ੍ਹਾਂ ਦੀ ਸੰਗਤ ਵਿਚ ਰਹਿ ਕੇ ਮਾਇਆ ਦੇ ਬੰਧਨਾਂ ਤੋਂ ਆਜ਼ਾਦ, ਮੁਕਤ ਹੋ ਜਾਂਦੇ ਹਨ-

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ ਅੰਗ - 9

ਗੁਰੂ ਅਮਰਦਾਸ ਜੀ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ।

ਸ਼ਾਨ .....।

ਸਤਿਨਾਮ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥
ਪੰਨਾ - 256

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥
ਪੰਨਾ - 289

ਤੂੰ ਵਿਸਰਹਿ ਤਾਂ ਸਭੁ ਕੋ ਲਾਗੂ
ਚੀਤਿ ਆਵਹਿ ਤਾਂ ਸੇਵਾ॥
ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ॥
ਚੀਤਿ ਆਵੈ ਤਾਂ ਸਦਾ ਦਇਆਲਾ
ਲੋਗਨ ਕਿਆ ਵੇਚਾਰੇ॥
ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਹਾਰੇ॥
ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ॥
ਜਿਸੁ ਜਨ ਊਪਰਿ ਤੇਰੀ ਕਿਰਪਾ
ਤਿਸ ਕਉ ਬਿਪੁ ਨ ਕੋਊ ਭਾਖੈ॥
ਓਹੁ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ॥
ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ॥
ਅੰਗ - 383

ਓਹੁ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ॥
ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ॥
ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡ ਸਭੁ ਤੇਰਾ॥
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥
ਅੰਗ - 383

ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,
ਸੇਵਾ ਕਰਕੇ ਮਾਣ ਪਾਈਦੈ - 2, 2.

ਸਾਧਸੰਗਤ ਜੀ! ਗੱਜ ਕੇ ਬੋਲਣਾ -ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋ। ਪਿਛਲੇ ਕਈ ਦਿਨਾਂ ਤੋਂ ਇਕ ਵਿਚਾਰ ਚੱਲ ਰਹੀ ਹੈ ਕਿ ਨਾਮ ਜਪਣ ਦੇ ਨਾਲ ਦੁੱਖਾਂ ਦਾ ਖਾਤਮਾ ਹੁੰਦਾ ਹੈ। ਸੇਵਾ ਕਰਨ ਨਾਲ ਇਥੇ ਵੀ ਮਾਣ ਤੇ ਦਰਗਾਹ ਵਿਚ ਵੀ ਮਾਣ, ਵੱਡੀ ਤੋਂ ਵੱਡੀ ਪਦਵੀ ਪ੍ਰਾਪਤ ਹੁੰਦੀ ਹੈ। ਦੋਹਾਂ ਚੀਜ਼ਾਂ ਦੀਆਂ ਵਿਧੀਆਂ ਹਨ। ਨਾਮ ਜਪਣ ਦੀ ਵੀ ਵਿਧੀ ਹੈ ਜਿਸ ਦੇ ਬਾਰੇ ਬਹੁਤ ਖੋਲ੍ਹ ਕੇ ਵਿਸਥਾਰ ਨਾਲ ਚਾਰ ਦਿਨਾਂ ਤੋਂ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਨਾਮ ਕਿਸ ਤਰ੍ਹਾਂ ਦੁਖਾਂ ਦਾ ਖਾਤਮਾ ਕਰਦਾ ਹੈ। ਨਾਮ ਨਾ ਪ੍ਰਾਪਤ ਕਰਨ ਵਾਲੇ ਬੰਦੇ ਦੀ ਜ਼ਿੰਦਗੀ ਪਸ਼ੂਆਂ ਤੋਂ ਵੀ ਹੇਠਾਂ ਦੱਸੀ ਹੈ। ਨਾਮ ਕਿਥੋਂ ਮਿਲਦਾ ਹੈ? ਗੁਰੂ ਕੌਣ ਹੈ? ਪੂਰਾ ਗੁਰੂ, ਸਮਰੱਥ ਗੁਰੂ ਕੀ ਹੈ? ਜਦੋਂ ਨਾਮ ਮਿਲ ਜਾਂਦਾ ਹੈ ਤਾਂ ਨਾਮ ਜਪਣ ਵਾਲੇ ਦੀ ਅੰਦਰਲੀ ਅਵਸਥਾ ਕੀ ਹੁੰਦੀ ਹੈ? ਕਿਥੇ ਸਾਡੀ ਮੰਜ਼ਲ ਹੈ?

ਸਹਜ ਸਮਾਧਿ ਲਗੀ ਲਿਵ ਅੰਤਰਿ
ਸੋ ਰਸੁ ਸੋਈ ਜਾਣੈ ਜੀਉ॥ *ਅੰਗ - 106*

ਅਨਹਤ ਸੁੰਨਿ ਰਤੇ ਸੇ ਕੈਸੇ॥
ਜਿਸ ਤੇ ਉਪਜੇ ਤਿਸ ਹੀ ਜੈਸੇ॥ *ਅੰਗ - 943*

ਨਾਮ ਜਪਣ ਨਾਲ ਆਦਮੀ ਜੀਵ ਤੋਂ ਤਰੱਕੀ ਕਰਦਾ-ਕਰਦਾ ਆਤਮਾ ਤੇ ਫੇਰ ਪ੍ਰਮਾਤਮਾ ਦੀ ਜੋਤ ਵਿਚ ਸਮਾਅ ਕੇ ਉਸ ਦਾ ਹੀ ਰੂਪ ਹੋ ਜਾਇਆ ਕਰਦਾ ਹੈ ਤੇ ਉਸ ਦੀ ਪਦਵੀ ਬਹੁਤ ਉਚੀ ਹੋ ਜਾਂਦੀ ਹੈ। ਮਹਾਰਾਜ ਜੀ ਨੇ ਏਸ ਤਰ੍ਹਾਂ ਫੁਰਮਾਨ ਕੀਤਾ ਹੈ -

ਧਾਰਨਾ - ਸਾਈਂ ਹੀ ਵਰਗੇ ਨੇ,
ਵਿਸਰੇ ਨਾ ਨਾਮ ਜਿਨ੍ਹਾਂ ਨੂੰ - 2, 2.

ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ *ਅੰਗ - 397*

ਨਾਮ ਜਪਣ ਦੇ ਨਾਲ ਚੌਰਾਸੀ ਵਿਚ ਘੁੰਮਣ ਵਾਲਾ ਜੀਵ-ਆਤਮਾ ਹੌਲੀ-ਹੌਲੀ ਤਰੱਕੀ ਕਰਦਾ-ਕਰਦਾ ਆਪਣੇ ਸੋਮੇ ਵਿਚ ਜਾ ਕੇ ਸਮਾਅ ਜਾਇਆ ਕਰਦਾ ਹੈ -

ਜਾ ਕੇ ਸੰਗ ਤੇ ਬੀਛੁਰਾ ਤਾ ਹੀ ਕੇ ਸੰਗਿ ਲਾਗੁ॥
ਅੰਗ - 1371

ਜੋ ਇਹ ਮੰਜ਼ਲ-ਏ-ਮਕਸੂਦ ਹੈ ਆਦਮੀ ਦੀ ਕਿ ਜਿਸ ਥਾਂ ਤੋਂ ਇਹ ਵਿਛੜਿਆ ਹੈ ਪ੍ਰਮੇਸ਼ਰ ਦੇ ਨਾਲੋਂ ਉਸੇ ਥਾਂ ਤੇ ਪਹੁੰਚ ਜਾਣਾ। ਕਾਲ-ਚੱਕਰ ਨੂੰ ਕੱਟ ਕੇ ਅਕਾਲ-ਮੰਡਲ ਵਿਚ ਪ੍ਰਵੇਸ਼ ਕਰ ਜਾਣਾ। ਉਸ ਦੀ ਜੋਤ ਦੇ ਨਾਲ ਰਲ ਕੇ ਇਕ-ਮਿਕ ਹੋ ਜਾਣਾ। ਬੇਨਤੀ ਕੀਤੀ ਗਈ ਸੀ ਕਿ ਨਾਮ ਜਦੋਂ ਜਗਿਆਸੂ ਜਪਦਾ ਹੈ ਤਾਂ ਉਸ ਨੂੰ ਕਿਨ੍ਹਾਂ-ਕਿਨ੍ਹਾਂ ਮੰਜ਼ਲਾਂ ਵਿਚ ਤਰੱਕੀ ਕਰਨੀ ਪੈਂਦੀ ਹੈ।

ਪਹਿਲਾਂ ਆਮ ਸਾਧਾਰਨ ਬੰਦੇ ਵਾਸਤੇ ਪੰਜ ਬਾਣੀਆਂ ਦਾ ਪਾਠ, ਮੂਲਮੰਤਰ ਦੇ ਪਾਠ ਕਿਉਂਕਿ ਮਨ ਬਹੁਤ ਫੈਲਿਆ

ਹੋਇਆ ਹੈ ਸਾਡਾ, ਉਸਨੂੰ ਹੌਲੀ-ਹੌਲੀ ਅਸੀਂ ਅੰਦਰ ਇਕ ਬਿੰਦੂ ਤੇ ਲੈ ਕੇ ਜਾਣਾ ਹੈ, ਕੇਂਦਰ ਵਿਚ ਲੈ ਕੇ ਜਾਣਾ ਹੈ। ਸਾਡਾ ਕੇਂਦਰ ਬਿੰਦੂ ਆਪਣਾ ਆਪਾ ਹੈ ਉਥੇ ਅਸੀਂ ਏਸ ਨੂੰ ਇਕੱਠਾ ਕਰਨਾ ਹੈ। ਜਿਵੇਂ ਨਵੇਂ-ਨਵੇਂ ਕਿਸੇ ਘੋੜੇ ਨੂੰ ਸਿਖਲਾਈ ਦਿੰਦੇ ਨੇ, ਪਹਿਲਾਂ ਵੱਡੇ ਚੱਕਰ ਵਿਚ ਪਾਉਂਦੇ ਨੇ ਕਿਸੇ ਟਿੱਬੇ ਦੇ ਉਤੇ, ਫੇਰ ਚੱਕਰ ਛੋਟਾ ਕਰਦੇ ਜਾਂਦੇ ਨੇ ਅਖੀਰ ਬਿਲਕੁਲ ਕਿੱਲੇ ਦੇ ਦੁਆਲੇ ਘੁਮਾਉਣਾ ਸ਼ੁਰੂ ਕਰ ਦਿੰਦੇ ਨੇ, ਫੇਰ ਉਹ ਮਾਹਿਰ ਹੋ ਜਾਂਦਾ ਹੈ। ਇਸੇ ਤਰ੍ਹਾਂ ਜਿਹੜਾ ਮਨ ਹੈ ਇਹ ਕਰੋੜਾਂ-ਖਰਬਾਂ ਸਾਲਾਂ ਦਾ ਬਾਹਰ ਭਟਕਦਾ ਫਿਰਦਾ ਹੈ। ਇਹ ਆਪਣੇ ਸੋਮੇ ਵੱਲ ਨਹੀਂ ਜਾਣਾ ਚਾਹੁੰਦਾ। ਸਾਰਾ ਹੀ ਕੰਮ ਸਾਡਾ ਮਨ ਨਾਲ ਹੈ -

ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥
ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥ ਅੰਗ - 342

ਜਿੰਨਾ ਚਿਰ ਆਦਮੀ ਦਾ ਮਨ ਕਾਇਮ ਹੈ ਓਨੀਂ ਦੇਰ ਤੱਕ ਪ੍ਰਮੇਸ਼ਰ ਨਾਲ ਇਸ ਦਾ ਮਿਲਾਪ ਨਹੀਂ ਹੋ ਸਕਿਆ ਕਰਦਾ, ਓਨੀ ਦੇਰ ਵਿਚ ਇਹ ਮਾਇਆ ਦੇ ਚੱਕਰ ਵਿਚ ਘੁੰਮਣ ਵਾਲਾ ਜੀਵ ਹੈ। ਚਾਹੇ ਕੁਝ ਵੀ ਕਰਦਾ ਹੈ, ਕਿਹੋ ਜਿਹੇ ਹੀ ਕੱਪੜੇ ਨੇ, ਕਿਹੋ ਜਿਹਾ ਹੀ ਬੰਦਾ ਹੈ, ਨਹੀਂ ਲੰਘ ਸਕਿਆ ਕਰਦਾ, ਮਾਇਆ ਦਾ ਅਸਰ ਉਸ ਦੇ ਉਤੇ ਪਿਆ ਹੋਇਆ ਹੈ, ਕਾਲ-ਮੰਡਲ ਵਿਚ ਘੁੰਮਣ ਕਰਕੇ ਕਾਲ ਦੀ ਵਲਗਣ ਵਿਚ ਹੀ ਉਹ ਰਹੇਗਾ। ਸੋ ਹੌਲੀ-ਹੌਲੀ ਜਦੋਂ ਸਾਡਾ ਮਨ ਮਨ ਜਾਂਦਾ ਹੈ, ਫੇਰ ਅਸੀਂ ਰਸਨਾ ਨਾਲ ਨਾਮ ਜਪਦੇ ਹਾਂ। ਰਸਨਾ ਨਾਲ ਨਾਮ ਜਪਦੇ-ਜਪਦੇ ਰਸ ਆਉਣਾ ਸ਼ੁਰੂ ਹੋ ਜਾਇਆ ਕਰਦਾ ਹੈ, ਬਹੁਤ ਰਸ ਆਉਂਦਾ ਹੈ। ਮਨ ਟਿਕਣਾ ਸ਼ੁਰੂ ਹੋ ਜਾਂਦਾ ਹੈ। ਫੇਰ ਸ੍ਵਾਸ ਨਾਲ ਨਾਮ ਜਪਦੇ ਹਾਂ, ਸ੍ਵਾਸ ਦੀ ਧੁਨੀ ਨਾਲ ਨਾਮ ਜਪਦੇ ਹਾਂ। ਚਾਰ ਬਾਣੀਆਂ ਨੇ - ਬੈਖਰੀ, ਮਧਮਾ, ਪਸੰਤੀ ਤੇ ਪਰਾ ਬਾਣੀ। ਸ੍ਵਾਸ ਦੇ ਨਾਲ ਥਾਂ-ਥਾਂ ਹਿਰਦੇ ਦੇ ਅੰਦਰ, ਨਾਭੀ ਦੇ ਅੰਦਰ, ਆਗਿਆ-ਚੱਕਰ ਦੇ ਅੰਦਰ, ਦਸਵੇਂ ਦੁਆਰ ਦੇ ਅੰਦਰ। ਆਗਿਆ-ਚੱਕਰ ਵਿਚ ਅਸੀਂ ਅਨਹਦ-ਸ਼ਬਦ ਦੀ ਮਦਦ ਦੇ ਨਾਲ ਨਾਮ ਜਪਦੇ ਹਾਂ। ਇਥੇ ਪਹੁੰਚ ਕੇ ਸਾਨੂੰ ਇਕ ਧੁਨੀ ਸੁਣਨੀ ਸ਼ੁਰੂ ਹੋ ਜਾਂਦੀ ਹੈ, ਥੋੜ੍ਹਾ ਪ੍ਰਕਾਸ਼ ਹੋਣਾ ਸ਼ੁਰੂ ਹੋ ਜਾਂਦਾ ਹੈ, ਅੰਦਰ ਕੁਛ ਟਿਕਾਓ ਆ ਜਾਂਦਾ ਹੈ। ਜੇ ਪ੍ਰਕਾਸ਼ ਤੇ ਧੁਨੀ ਲਗਾਤਾਰ ਤਿੰਨ ਘੰਟੇ ਸਥਿਰ ਰਹਿਣ ਤਾਂ ਰਿਧੀਆਂ-ਸਿਧੀਆਂ ਦਾ ਪ੍ਰਕਾਸ਼ ਹੋ ਜਾਂਦਾ ਹੈ। ਇਥੇ ਆਦਮੀ ਨੂੰ ਭੁੱਲਣ ਦਾ ਖਤਰਾ ਹੈ, ਜੇ ਗੁਰੂ ਪੂਰਾ ਹੋਵੇ ਤਾਂ ਉਸ ਨੂੰ ਉਪਰ ਲੈ ਜਾਂਦਾ ਹੈ ਤੇ ਤ੍ਰਿਕੁਟੀ ਵਿਚੋਂ ਲੰਘ ਕੇ ਦਸਵੇਂ-ਦੁਆਰ ਦਾ ਨਾਮ ਪ੍ਰਾਪਤ ਹੋ ਜਾਂਦਾ ਹੈ, ਬਿਬੇਕ ਮੰਡਲ ਵਿਚ ਪਹੁੰਚ ਜਾਂਦਾ ਹੈ ਜਿਥੇ ਜਾ ਕੇ ਇਸਨੂੰ ਜੀਵ-ਆਤਮਾ ਤੇ ਪਰਮਾਤਮਾ ਦਾ ਗਿਆਨ ਹੋ ਕੇ ਜੀਵ ਆਤਮਾ ਦਾ ਪਤਾ ਲਗ ਜਾਂਦਾ ਹੈ ਕਿ ਇਹ ਇਕ ਵਾਧੂ ਚੀਜ਼ ਹੈ, ਝੂਠੀ ਚੀਜ਼ ਹੈ ਤੇ ਆਪਣੇ ਅਸਲੇ ਆਤਮਾ ਦਾ ਪਤਾ ਲੱਗਣ ਤੋਂ ਬਾਅਦ ਪ੍ਰਮੇਸ਼ਰ ਇਸ ਨੂੰ ਆਪਣੀ ਜੋਤ ਵਿਚ ਰਲਾ ਲਿਆ ਕਰਦਾ ਹੈ। ਸੋ ਇਹ ਸਾਡੀ ਮੰਜ਼ਲ ਹੈ ਜੋ ਨਾਮ ਦੁਆਰਾ ਪ੍ਰਗਟ ਹੁੰਦੀ ਹੈ ਪਰ ਇਸ ਵਾਸਤੇ ਜੀਵਨ ਢਾਲਣਾ ਪੈਂਦਾ ਹੈ। ਜਿਸ ਦੇ ਬਾਰੇ ਕੱਲ੍ਹ ਬੇਨਤੀ ਕੀਤੀ ਗਈ ਸੀ ਕਿ ਨਾਮ ਵਾਸਤੇ ਕਿੰਨੀਆਂ ਚੀਜ਼ਾਂ ਜ਼ਰੂਰੀ ਨੇ। ਉਹ ਸਭ ਬੜੇ ਵਿਸਥਾਰ ਨਾਲ ਖੋਲ੍ਹ-ਖੋਲ੍ਹ ਕੇ ਦੱਸੀਆਂ ਸਨ। ਸਭ ਤੋਂ ਵੱਡੀ ਜੋ ਸੇਵਾ ਹੈ - ਗੁਰੂ ਦੀ ਸੇਵਾ, ਜਨਤਾ ਦੀ ਸੇਵਾ, ਵਾਹਿਗੁਰੂ ਦੀ ਸੇਵਾ ਹੋਰ ਬੇਅੰਤ ਕਿਸਮ ਦੀ ਸੇਵਾ ਹੈ ਤੇ ਇਹ ਸਹਾਇਕ ਹੁੰਦੀ ਹੈ। ਇਸ ਤਰ੍ਹਾਂ ਸਮਝ ਲਓ ਕਿ ਕਿਸੇ ਨੇ ਸਫਰ ਕਰਨਾ ਹੈ। ਇਕ ਤਾਂ ਪੈਦਲ ਤੁਰਿਆ ਜਾਂਦਾ ਹੈ, ਦੂਜਾ ਕਿਸੇ ਤੇਜ਼ ਗੱਡੀ ਵਿਚ ਬੈਠ ਕੇ ਜਾਂ ਹਵਾਈ ਜਹਾਜ਼ ਵਿਚ ਬੈਠ ਕੇ ਜਾਂਦਾ ਹੈ। ਸੋ ਸੇਵਾ vehicle (ਮਾਧਿਅਮ) ਹੈ। ਨਾਮ ਤੋਂ ਬਗੈਰ ਇਕੱਲੀ ਸੇਵਾ ਫਲੀਭੂਤ ਨਹੀਂ ਹੁੰਦੀ ਕਿਉਂਕਿ ਨਾਮ ਤੋਂ ਬਗੈਰ ਮਨ ਦੀਆਂ ਰੁਚੀਆਂ ਉਸੇ ਤਰ੍ਹਾਂ ਰਹਿੰਦੀਆਂ ਹਨ - ਓਹੀ ਕ੍ਰੋਧ, ਓਹੀ ਲੋਭ, ਓਹੀ ਮੋਹ, ਓਹੀ ਕਾਮ, ਓਹੀ ਅਹੰਕਾਰ, ਓਹੀ ਵਿਸ਼ੇ, ਓਹੀ ਵਾਸ਼ਨਾ। ਕੇਵਲ ਨਾਮ ਜੋ ਹੈ .....

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥
ਅੰਗ - 560

ਉਹ ਇਸ ਹਉਮੈ ਦੇ ਘੇਰੇ ਨੂੰ ਤੋੜ ਕੇ ਸੇਵਾ ਦੀ ਮਦਦ ਨਾਲ ਕਾਲ-ਮੰਡਲ ਵਿਚੋਂ ਅਕਾਲ-ਮੰਡਲ 'ਚ ਪਹੁੰਚ ਜਾਂਦਾ ਹੈ, ਕਾਲ ਦੇ ਚੱਕਰ ਨੂੰ ਪਾਰ ਕਰ ਜਾਂਦਾ ਹੈ। ਸੋ ਇਸ ਕਰਕੇ ਸੇਵਾ ਤੇ ਸਿਮਰਨ ਬਹੁਤ ਹੀ ਜ਼ਰੂਰੀ ਨੇ। ਸੇਵਾ ਅਨੇਕ ਕਿਸਮ ਦੀ ਹੈ ਮਹਾਰਾਜ ਜੀ ਫੁਰਮਾਉਂਦੇ ਨੇ ਕਿ-

ਪੈਰੀ ਪੈ ਪਾਖਾਕ ਹੋਇ ਛਡਿ ਮਣੀ ਮਨੂਰੀ।
ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ।
ਤ੍ਰਪੜ ਝਾੜਿ ਵਿਛਾਇਦਾ ਚੁਲਿ ਝੋਕਿ ਨ ਝੂਰੀ।
ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ।
ਭਾਈ ਗੁਰਦਾਸ ਜੀ ਦੀ ਵਾਰ 27/19

ਮੁਰਦਾ ਕੋਈ ਅੰਗ ਨਹੀਂ ਹਿਲਾਉਂਦਾ। ਇਸੇ ਤਰ੍ਹਾਂ ਜੋ ਸੇਵਕ ਮੁਰਦਾ ਹੈ ਉਹ ਆਪਣੇ ਮਨ ਦੀ ਕੋਈ ਇੱਛਾ ਨਹੀਂ ਰੱਖਦਾ। ਜੋ ਗੁਰੂ ਦਾ ਹੁਕਮ ਹੈ ਉਸ ਦੇ ਮੁਤਾਬਿਕ ਕਰਦਾ ਹੈ, ਆਪਣਾ ਆਪ ਗੁਆ ਦਿਆ ਕਰਦਾ ਹੈ। ਜਦੋਂ ਸੇਵਾ ਪ੍ਰਵਾਨ ਹੋ ਜਾਂਦੀ ਹੈ ਫੇਰ -

ਚੰਦਨੁ ਹੋਵੈ ਸਿੰਮਲਹੁ ਫਲੁ ਵਾਸੁ ਹਜੂਰੀ।
ਭਾਈ ਗੁਰਦਾਸ ਜੀ ਦੀ ਵਾਰ 27/19

ਜਿਹੜਾ ਸਿੰਬਲ ਰੁੱਖ ਕਿਸੇ ਵੀ ਕੰਮ ਦਾ ਨਹੀਂ ਹੈ -

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈ ਤਤੁ॥

ਅੰਗ - 470

ਓਹੀ ਸਿੰਬਲ ਚੰਦਨ ਦੀ ਵਾਸ਼ਨਾ ਲੈ ਕੇ ਚੰਦਨ ਦਾ ਰੂਪ ਹੋ ਜਾਂਦਾ ਹੈ -

..... ਫਲੁ ਵਾਸੁ ਹਜੂਰੀ।
ਪੀਰ ਮੁਰੀਦਾ ਪਿਰਹੜੀ ਗੁਰਮੁਖਿ ਮਤਿ ਪੂਰੀ॥

ਭਾਈ ਗੁਰਦਾਸ ਜੀ ਦੀ ਵਾਰ 27/19

ਸੋ ਇਸ ਤਰ੍ਹਾਂ ਨਾਮ ਜਪਣਾ ਤੇ ਸੇਵਾ ਕਰਨਾ। ਗੁਰੂ ਅਮਰਦਾਸ ਮਹਾਰਾਜ ਜੀ ਦਾ ਆਪਾਂ ਜ਼ਿਕਰ ਕਰਦੇ ਸੀ। ਉਦੋਂ ਅਜੇ ਗੁਰਿਆਈ ਨਹੀਂ ਸੀ ਪ੍ਰਾਪਤ ਹੋਈ, ਅਜੇ ਸਾਧਨਾ ਦੀ ਅਵਸਥਾ ਵਿਚ ਸੀ। ਪਹਿਲਾਂ ਜਗਿਆਸਾ ਹੁੰਦੀ ਹੈ ਫੇਰ ਸਾਧਨਾ ਹੁੰਦੀ ਹੈ, ਫੇਰ ਸਿੱਧ ਹੋਇਆ ਕਰਦੀ ਹੈ, ਫੇਰ ਪ੍ਰਾਪਤੀ ਹੋਇਆ ਕਰਦੀ ਹੈ। ਚਾਰ ਮੰਜ਼ਲਾਂ ਵਿਚੋਂ ਲੰਘਣਾ ਪੈਂਦਾ ਹੈ ਸਾਨੂੰ। ਸੋ ਅਜੇ ਆਪ ਸਾਧਕ ਅਵਸਥਾ ਵਿਚ ਸਨ ਤੇ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਅਜੇ ਕੁਠਾਲੀ 'ਚ ਪਾ ਕੇ ਪੂਰੀ ਤਰ੍ਹਾਂ ਖੋਟ ਕੱਢ ਰਹੇ ਸਨ। ਸੋ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ ਆਪ ਨੂੰ ਨਾਮ ਦੀ ਦਾਤ ਦੇ ਦਿਤੀ। ਨਾਮ ਦੀ ਦਾਤ ਪ੍ਰਾਪਤ ਹੁੰਦੇ ਹੀ ਇਕ ਦਮ ਬਿਰਤੀ ਚੜ੍ਹ ਗਈ। ਐਨੀ ਲਗਨ ਲੱਗੀ ਕਿ ਆਪ ਇਕਾਂਤ ਹੋ ਕੇ ਬੈਠ ਜਾਂਦੇ ਨੇ। ਦੋ-ਚਾਰ ਦਿਨਾਂ ਤੋਂ ਬਾਅਦ ਆਪ ਨੇ ਸ੍ਰੀ ਮਾਨ ਜੀ ਨੂੰ ਪੁੱਛਿਆ ਕਿ ਗੁਰੂ ਘਰ ਵਿਚ ਮੈਂ ਦੇਖਦਾ ਹਾਂ ਕਿ ਇਹ ਤਪ ਆਦਿ ਤਾਂ ਕਰਦੇ ਨਹੀਂ, ਇਹ ਤਾਂ ਬੜੇ ਸਹਿਜ ਨਾਲ ਤੁਰੇ ਫਿਰਦੇ ਨੇ, ਨਾ ਕੋਈ ਧੂਣੀਆਂ ਤਾਪਦਾ ਹੈ, ਨਾ ਕੋਈ ਜਲ ਧਾਰੇ ਕਰਦਾ ਹੈ, ਨਾ ਕੋਈ ਇਕ ਲੱਤ ਦੇ ਭਾਰ ਖੜ੍ਹਾ ਹੈ, ਨਾ ਕੋਈ ਬਾਹਾਂ ਉਪਰ ਨੂੰ ਕਰਕੇ ਖੜ੍ਹਾ ਹੈ, ਨਾ ਕੋਈ ਪੁੱਠਾ ਲਟਕ ਰਿਹਾ ਹੈ ਕਿਉਂਕਿ ਇਹ ਸਾਰੇ ਤਪ ਨੇ।

ਤਾਂ ਸ੍ਰੀ ਮਾਨ ਜੀ ਨੇ ਕਿਹਾ ਕਿ ਬਾਬਾ ਜੀ! ਗੁਰੂ ਘਰ ਦੇ ਅੰਦਰ ਜੋ ਤਪ ਹੈ ਉਹ ਸਾਰੇ ਤਪਾਂ ਦਾ ਸ਼੍ਰੋਮਣੀ ਤਪ ਹੈ, ਨਿਰਾਰਥਕ ਤਪ ਨਹੀਂ ਹੈ, ਇਹ ਸਰੀਰ ਵਾਹਿਗੁਰੂ ਜੀ ਨੇ ਬਹੁਤ ਵਧੀਆ ਮਸ਼ੀਨ ਬਣਾਈ ਹੈ ਇਸ ਦੇ ਅੰਦਰ ਪ੍ਰਮੇਸ਼ਰ ਦਾ ਵਾਸਾ ਹੈ। ਬਾਹਰੋਂ ਅਸੀਂ ਕਿਤੋਂ ਨਹੀਂ ਟੋਲਣਾ, ਸਰੀਰ ਨੂੰ ਦੁੱਖ ਦੇ ਕੇ ਮਨ ਨਹੀਂ ਮਰਿਆ ਕਰਦਾ।

ਇਹ ਮਨ ਉਸੇ ਤਰ੍ਹਾਂ ਦੇ ਨਾਲ ਰਹਿ ਜਾਂਦਾ ਹੈ, ਤਪ ਕਰਨ ਦੇ ਨਾਲ ਕ੍ਰੋਧ ਵਧ ਜਾਇਆ ਕਰਦਾ ਹੈ, ਵਰ-ਸਰਾਪ ਦੇਣ ਦੀ ਸ਼ਕਤੀ ਹੋ ਆਉਂਦੀ ਹੈ ਪਰ ਪਰਮ-ਪਦ ਦੀ ਪ੍ਰਾਪਤੀ ਨਹੀਂ ਹੁੰਦੀ। ਪਰਮ-ਸ਼ਾਂਤੀ ਦੀ ਪ੍ਰਾਪਤੀ ਗੁਰੂ ਤੋਂ ਬਗੈਰ ਨਹੀਂ ਹੋਇਆ ਕਰਦੀ। ਗੁਰੂ ਕੋਲ ਗਿਆਨ ਦਾ ਭੰਡਾਰਾ ਹੁੰਦਾ ਹੈ ਤੇ ਜਦੋਂ ਤੱਕ ਗੁਰੂ ਆਪਣੇ ਮੁਖਾਰਬਿੰਦ ਤੋਂ ਗਿਆਨ ਨਹੀਂ ਦਿੰਦਾ ਓਨੀ ਦੇਰ ਤੱਕ ਇਸ ਦੇ ਛੌੜ ਨਹੀਂ ਕੱਟਿਆ ਕਰਦੇ। ਪੰਜ ਕਿਸਮ ਦੇ ਭਰਮ ਇਸ ਦੇ ਓਵੇਂ-ਜਿਵੇਂ ਪਏ ਰਹਿੰਦੇ ਨੇ। ਸੋ ਮਿਸਾਲ ਦੇ ਤੌਰ ਤੇ ਦੇਖ ਲਓ ਕਿ ਇਕ ਤਪੀਆ ਹੈ, ਜੇਠ ਦਾ ਮਹੀਨਾ ਹੈ, ਉਸ ਦੇ ਚਾਰ ਧੂਣੀਆਂ ਲਾਈਆਂ ਹੋਈਆਂ ਹਨ, ਉਤੇ ਸੂਰਜ ਤਪ ਰਿਹਾ ਹੈ, ਹੇਠਾਂ ਧਰਤੀ ਗਰਮ ਹੈ ਤੇ ਉਤੇ ਚੌਂਕੜਾ ਮਾਰੀ ਬੈਠਾ ਹੈ। ਸਾਨੂੰ ਲੱਗੇਗਾ ਕਿ ਇਹ ਤਾਂ ਬੜ ਤਪ ਕਰ ਰਿਹਾ ਹੈ ਪਰ ਇਹ ਨਿਰਾਰਥਕ ਤਪ ਹੈ। ਇਸ ਦੇ ਮੁਕਾਬਲੇ ਤੇ ਲੋਹ ਗਰਮ ਹੈ, ਸੰਗਤ ਨੇ ਪ੍ਰਸ਼ਾਦਾ ਛਕਣਾ ਹੈ ਤੇ ਲੋਹ ਕੋਲ ਬੈਠਾ ਕੋਈ ਭਾਈ, ਕੋਈ ਬੀਬੀ ਪ੍ਰਸ਼ਾਦੇ ਲਾਹ ਰਹੀ ਹੈ। ਪ੍ਰਸ਼ਾਦੇ ਛਕ ਕੇ ਆਤਮਾ ਨੇ ਪ੍ਰਸੰਨ ਹੋਣਾ ਹੈ। ਕਿੰਨਾ ਵੱਡਾ ਫਲ ਹੋਏਗਾ? ਹਜ਼ਾਰਾਂ ਗੁਣਾਂ ਵੱਧ ਫਲ ਹੋਇਆ ਕਰਦਾ ਹੈ ਲੰਗਰ ਦੀ ਸੇਵਾ ਕਰਨ ਵਾਲੇ ਦਾ। ਜਲ ਢੋਂਦਾ ਹੈ, ਹੁਣ ਤਾਂ ਜਲ ਢੋਣ ਦਾ ਸਵਾਲ ਹੀ ਨਹੀਂ ਕਿਉਂਕਿ ਹੁਣ ਨਲਕੇ ਲੱਗ ਗਏ, ਪਹਿਲੇ ਜ਼ਮਾਨਿਆਂ ਵਿਚ ਖੂਹਾਂ ਤੋਂ, ਦੂਰ-ਦੂਰ ਤੋਂ ਜਾ ਕੇ ਜਲ ਲਿਆਇਆ ਕਰਦੇ ਸਨ। ਸੋ ਉਹ ਛਿੜਕਦਾ ਹੈ, ਗਰਦ ਨਹੀਂ ਉਡਦੀ, ਇਸ਼ਨਾਨ ਕਰਾਉਂਦਾ ਹੈ ਬਹੁਤ ਵੱਡਾ ਫਲ ਹੈ।

ਸੋ ਸ੍ਰੀ ਮਾਨ ਜੀ ਕਹਿਣ ਲੱਗੇ, ਬਾਬਾ ਅਮਰਦਾਸ ਜੀ! ਗੁਰੂ ਘਰ ਦੇ ਅੰਦਰ ਤਪ ਨਹੀਂ ਸੇਵਾ ਪ੍ਰਧਾਨ ਹੈ। ਜੁਗਤੀ ਦੇ ਨਾਲ ਸੇਵਾ ਕੀਤੀ ਜਾਵੇ ਤਾਂ ਇਸ ਦਾ ਬਹੁਤਾ ਫਲ ਹੁੰਦਾ ਹੈ, ਜੁਗਤੀ ਤੋਂ ਵਿਹੂਣੀ ਕੀਤੀ ਜਾਵੇ ਤਾਂ ਫਲ ਬਿਲਕੁਲ ਹੀ ਨਹੀਂ ਹੁੰਦਾ, ਘਟ ਜਾਂਦਾ ਹੈ। ਪੂਰੇ ਭਾਗ ਹੋਣ, ਮਸਤਕ ਵਿਚ ਲਿਖਿਆ ਹੋਵੇ ਉਹ ਸੇਵਾ ਕਰ ਸਕਦਾ ਹੈ, ਪੂਰੀ ਵਿਧੀ ਦੇ ਨਾਲ। ਦਿਖਾਵੇ ਦੀ ਸੇਵਾ, ਹਉਮੈ ਦੀ ਸੇਵਾ ਥਾਂ ਨਹੀਂ ਪਿਆ ਕਰਦੀ ਪੂਰੇ ਭਾਗ ਹੋਣ ਤਾਂ ਜਾ ਕੇ ਗੁਰੂ ਦੀ ਸੇਵਾ ਪ੍ਰਾਪਤ ਹੁੰਦੀ ਹੈ। ਏਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਪੂਰਿਆਂ ਭਾਗਾਂ ਨਾਲ,
ਮਿਲਦੀ ਸੇਵਾ ਸਾਧੂਆਂ ਦੀ - 2, 2.
ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ॥
ਤਾ ਕੀ ਪੂਰਨ ਆਸ ਜਿਨ੍ ਸਾਧਸੰਗੁ ਪਾਇਆ॥
ਸਾਧਸੰਗਿ ਹਰਿ ਕੈ ਰੰਗਿ ਗੋਬਿੰਦ ਸਿਮਰਣ ਲਾਗਿਆ॥
ਭਰਮੁ ਮੋਹੁ ਵਿਕਾਰੁ ਦੂਜਾ ਸਗਲ ਤਿਨਹਿ ਤਿਆਗਿਆ॥
ਮਨਿ ਸਾਂਤਿ ਸਹਜੁ ਸੁਭਾਉ ਫੂਟਾ ਅਨਦ ਮੰਗਲ ਗੁਣ ਗਾਇਆ॥
ਨਾਨਕੁ ਵਖਾਣੈ ਗੁਰ ਬਚਨਿ ਜਾਣੈ

ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ॥

ਅੰਗ - 457

ਜਿੰਨੀ ਦੇਰ ਤੱਕ ਮਸਤਕ ਵਿਚ ਭਾਗ ਨਹੀਂ ਬਣਦੇ ਓਨੀ ਦੇਰ ਤੱਕ ਸੇਵਾ ਨਹੀਂ ਮਿਲਿਆ ਕਰਦੀ। ਜੇ ਸੇਵਾ ਦਾ ਫਲ ਲੈਣਾ ਹੈ ਤਾਂ ਉਸ ਦੀ ਵਿਧੀ ਹੋਇਆ ਕਰਦੀ ਹੈ। ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

ਧਾਰਨਾ - ਜੇ ਤੂੰ ਫਲ ਸੇਵਾ ਦਾ ਲੈਣੈ,
ਸੇਵਾ ਕਰਕੇ ਮਾਣ ਨਾ ਕਰੀਂ - 2, 2

ਕਦੇ ਖੁਸ਼ੀ ਵਿਚ ਆ ਗਿਆ, ਪ੍ਰਸੰਨ ਹੋ ਗਿਆ, ਕਦੇ ਗ਼ਮੀ ਵਿਚ ਆ ਗਿਆ, ਰੋਸ ਵਿਚ ਆ ਗਿਆ। ਸੇਵਾ ਦਾ ਅਭਿਮਾਨ ਕਰਦਾ ਹੈ ਕਿ ਮੈਂ ਗੁਰਦੁਆਰਾ ਬਣਾ ਰਿਹਾ ਹੈ। ਮੈਂ ਆਹ ਸੇਵਾ ਕਰ ਰਿਹਾ ਹਾਂ, ਦਿਖਾਵਾ ਵੀ ਕਰ ਰਿਹਾ ਹੈ ਕਿਉਂਕਿ ਲਹਿਰੀ ਵਿਚ ਹੈ ਮਨ –

ਸਬਦੈ ਸਾਦੁ ਨ ਆਵਈ .....॥

ਅੰਗ - 1247

ਉਸ ਦਾ ਨਤੀਜਾ ਕੀ ਹੋਏਗਾ? ਮਹਾਰਾਜ ਜੀ ਕਹਿੰਦੇ ਸ਼ਬਦ ਦਾ ਰਸ ਉਸਨੂੰ ਆਉਣਾ ਹੀ ਨਹੀਂ –

..... ਨਾਮਿ ਨ ਲਗੈ ਪਿਆਰੁ॥

ਅੰਗ - 1247

ਨਾ ਹਿਰਦੇ ਵਿਚ ਪਿਆਰ ਆਉਣਾ ਹੈ, ਨਾ ਪ੍ਰਮੇਸ਼ਰ ਦੇ ਨਾਲ ਪਿਆਰ ਪੈਣਾ ਹੈ।

ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰੁ॥

ਅੰਗ - 1247

ਉਸ ਦੀ ਸੇਵਾ ਥਾਂ ਨਹੀਂ ਪਿਆ ਕਰਦੀ, ਸਿਰਫ ਖੱਪਣਾ ਉਸ ਦੇ ਪੱਲੇ ਰਹਿ ਜਾਂਦਾ ਹੈ, ਝੁੰਜਲਾਹਟ ਹੁੰਦੀ ਹੈ, ਬਲੱਡ ਪਰੈਸ਼ਰ ਹੋ ਜਾਂਦਾ ਹੈ।

ਇਕ ਵਾਰੀ ਇਕ ਪਰਿਵਾਰ ਨੇ ਬਹੁਤ ਸੇਵਾ ਕਰਕੇ ਗੁਰਦੁਆਰਾ ਸਾਹਿਬ ਖੜ੍ਹਾ ਕੀਤਾ। ਜਦੋਂ ਗੁਰਦੁਆਰਾ ਬਣ ਗਿਆ ਤੇ ਸੰਗਤਾਂ ਆਉਣ ਲਗ ਗਈਆਂ। ਦੂਸਰੀ ਪਾਰਟੀ ਜਿਹੜੀ ਚੁੱਪ ਕਰ ਬੈਠੀ ਦੇਖਦੀ ਸੀ, ਉਨ੍ਹਾਂ ਨੇ ਆ ਕੇ ਚੋਣਾਂ ਵਿਚ ਗੁਰਦੁਆਰੇ ਤੇ ਕਬਜ਼ਾ ਕਰ ਲਿਆ, ਉਹ ਕਬਜ਼ਾ ਮੰਗਦੇ ਨੇ, ਉਹ ਦਿੰਦੇ ਨਹੀਂ, ਕਹਿੰਦੇ, ਅਸੀਂ ਬਣਾਇਆ ਹੈ। ਅਖੀਰ ਨੌਬਤ ਪੁਲਿਸ ਤੱਕ ਆ ਗਈ। ਦੋਵੇਂ ਧਿਰਾਂ ਪੁਲਿਸ ਫੜ ਕੇ ਲੈ ਗਈ। ਜਦੋਂ ਸਾਨੂੰ ਮਿਲੇ ਆ ਕੇ ਤਾਂ ਕਹਿੰਦੇ ਅਸੀਂ ਹੱਥਾਂ ਨਾਲ ਚੂਨਾ ਪੀਂਹਦੇ ਹੁੰਦੇ ਸੀ, ਸਾਰੀ ਸੇਵਾ ਆਪ ਹੱਥਾਂ ਨਾਲ ਕੀਤੀ ਤੇ ਹੁਣ ਸਾਨੂੰ ਏਸ ਤਰ੍ਹਾਂ ਕੀਤਾ।

ਮੈਂ ਕਿਹਾ, "ਭਾਈ! ਠੀਕ ਹੈ, ਸੇਵਾ ਦਾ ਜਜ਼ਬਾ ਸੀ ਪਰ ਉਸ ਦੇ ਵਿਚ ਨੁਕਸ ਸੀ ਤੁਸੀਂ ਸੇਵਾ ਕਰਕੇ ਆਪਣਾ-ਆਪ ਜਣਾਉਂਦੇ ਸੀ। ਇਹ ਨਹੀਂ ਸੀ ਕਹਿੰਦੇ ਕਿ ਹੇ ਗੁਰੂ ਮਹਾਰਾਜ! ਆਪ ਦੀ ਬਹੁਤ ਵੱਡੀ ਕ੍ਰਿਪਾ ਹੈ ਕਿ ਸਾਡੇ ਵਰਗੇ ਬੰਦਿਆਂ ਨੂੰ ਵੀ ਤੁਸੀਂ ਸੇਵਾ ਵਿਚ ਲਾ ਲਿਆ। ਤੁਹਾਡੇ ਵਿਚ ਕੀ ਤਾਕਤ ਹੈ ਕਿ ਤੁਸੀਂ ਗੁਰੂ ਦੀ ਸੇਵਾ ਕਰ ਦਿਓ। ਹਉਮੈ ਦੇ ਅਧੀਨ ਤੁਸੀਂ ਸੇਵਾ ਕਰ ਰਹੇ ਸੀ। ਜੇ ਸੇਵਾ ਥਾਂ ਪੈਂਦੀ ਤਾਂ ਤੁਹਾਨੂੰ ਰਸ ਆ ਜਾਣਾ ਸੀ, ਤੁਹਾਡੇ ਅੰਦਰ ਬਾਣੀ ਦਾ ਪਿਆਰ ਜਾਗਣਾ ਸੀ ਪਰ ਕਿਉਂਕਿ ਸੇਵਾ ਹਉਮੈ ਦੇ ਅਧੀਨ ਹੋ ਰਹੀ ਸੀ ਸੋ ਉਸ ਦਾ ਫਲ ਖਪਣਾ ਤੁਹਾਡੇ ਪੱਲੇ ਪੈ ਗਿਆ।

ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰੁ॥

ਅੰਗ - 1247

ਜਿੰਨਾ ਚਿਰ ਮਰਜ਼ੀ ਕਰੀ ਜਾਹ ਦਸ ਸਾਲ, ਵੀਹ ਸਾਲ ਕਰੀ ਜਾਹ, ਉਹ ਗੱਲ ਤਾਂ ਬਣਦੀ ਨਹੀਂ ਜੋ ਸੇਵਾ ਕਰਨ ਵਾਲਿਆਂ ਦੀ ਬਣ ਜਾਇਆ ਕਰਦੀ ਹੈ। ਇਕ ਮਹਾਂਪੁਰਸ਼ ਸਨ। ਉਨ੍ਹਾਂ ਕੋਲ ਬਹੁਤ ਦੁਨੀਆਂ ਆ ਕੇ ਰੂਹਾਨੀ ਸੇਧ ਲਿਆ ਕਰਦੀ ਸੀ ਤੇ ਉਥੇ ਨੇੜੇ ਦਾ ਹੀ ਇਕ ਚੌਧਰੀ ਸੀ, ਵੀਹ-ਵੀਹ ਪਿੰਡਾਂ ਦਾ। ਉਸ ਦੇ ਮਨ ਵਿਚ ਵੀ ਆਉਂਦਾ ਸੀ ਕਿ ਮੈਂ ਵੀ ਸੰਤਾਂ ਦੇ ਬਚਨ ਸੁਣਾ। ਸੋ ਜਦੋਂ ਕਦੇ ਜਾਣਾ ਤਾਂ ਉਸ ਨੇ ਜਾ ਕੇ ਬਹੁਤਾ ਸਤਿਕਾਰ ਨਾ ਕਰਨਾ ਮਹਾਤਮਾ ਦਾ, ਆਪਣੀ ਹਉਮੈ ਵਿਚ ਰੱਖਣੀ। ਜਿਸ ਤਰ੍ਹਾਂ ਗੁਰੂ ਅੰਗਦ ਦੇਵ ਮਹਾਰਾਜ ਜੀ ਪਾਸ ਚੌਧਰੀ ਆਇਆ ਤਾਂ ਮਹਾਰਾਜ ਜੀ ਨੇ ਉਸ ਦੇ ਵਾਸਤੇ ਦੂਸਰਾ ਮੰਜਾ ਡੁਹਾ ਦਿਤਾ ਪਰ ਉਸ ਦੇ ਵਿਚ ਐਡਾ ਅਭਿਮਾਨ ਕਿ ਗੁਰੂ ਮਹਾਰਾਜ ਜੀ ਦੇ ਸਿਰ੍ਹਾਣੇ ਆ ਕੇ ਬਹਿ ਗਿਆ। ਸਾਰੇ ਸਿੱਖ-ਸੇਵਕ ਬੜੇ ਘਬਰਾ ਗਏ ਇਸ ਗੱਲ ਤੇ ਕਿ ਆਹ ਇਕ ਜੀਵ ਹੰਕਾਰ ਦਾ ਬੰਨ੍ਹਿਆ ਹੋਇਆ ਗੁਰੂ ਮਹਾਰਾਜ ਜੀ ਦੇ ਸਿਰ੍ਹਾਣੇ ਆ ਕੇ ਬਹਿ ਗਿਆ।

ਮਹਾਰਾਜ ਜੀ ਕਹਿੰਦੇ, "ਨਾਹ! ਕੁਝ ਨਹੀਂ ਇਸ ਨੂੰ ਕਹਿਣਾ।"

ਆਪ ਸ਼ਾਂਤ ਰਹੇ। ਸੋ ਇਸੇ ਤਰ੍ਹਾਂ ਉਹ ਵੀ ਜਦੋਂ ਸੰਤਾਂ ਕੋਲ ਜਾਇਆ ਕਰਦਾ ਸੀ ਤਾਂ ਆਪਣੀ ਚੌਧਰ ਦੀ ਆਕੜ ਵਿਚ ਜਾਇਆ ਕਰਦਾ ਸੀ ਕਿ ਮੈਂ ਪੈਸੇ ਵਾਲਾ ਹਾਂ। ਇਕ ਦਿਨ ਸੰਤਾਂ ਨੂੰ ਕਹਿਣ ਲੱਗਿਆ ਕਿ ਮਹਾਰਾਜ! ਮੇਰਾ ਵੀ ਜੀਅ ਕਰਦਾ ਹੈ ਕਿ ਮੈਂ ਤੁਹਾਥੋਂ ਦੀਕਸ਼ਾ ਲੈ ਕੇ ਤੁਹਾਡੇ ਆਸ਼ਰਮ ਵਿਚ ਸੇਵਾ ਕਰਾਂ ਤੇ ਮੈਨੂੰ ਵੀ ਗਿਆਨ ਦੀ ਸੋਝੀ ਹੋਵੇ, ਪ੍ਰਾਪਤੀ ਹੋਵੇ ਤੇ ਮੇਰਾ ਵੀ ਜਨਮ ਮਰਨ ਕੱਟਿਆ ਜਾਵੇ। ਨਾਲੇ ਕਹਿਣ ਲੱਗਿਆ ਸੰਤ ਜੀ! ਜੇ ਤੁਸੀਂ ਮੈਨੂੰ ਸੇਵਕ ਬਣਾ ਲਿਆ ਤਾਂ ਤੁਹਾਨੂੰ ਪਤਾ ਹੈ ਕਿ ਮੈਂ ਵੀਹ-

ਪੱਚੀ ਪਿੰਡਾਂ ਦਾ ਚੌਧਰੀ ਹਾਂ ਤੇ ਇਸ ਰਾਜ ਦੇ ਜੋ ਵੱਡੇ-ਵੱਡੇ ਅਫਸਰ ਨੇ ਉਹ ਵੀ ਸਾਰੇ ਮੇਰੇ ਵਾਕਫ ਨੇ, ਮੇਰੇ ਘਰ ਆਉਂਦੇ ਨੇ। ਫੇਰ ਦੇਖ ਲਓ ਜਦੋਂ ਮੈਂ ਤੁਹਾਡਾ ਸੇਵਕ ਬਣ ਗਿਆ ਤਾਂ ਉਹ ਤੁਹਾਡੇ ਆਸ਼ਰਮ ਵਿਚ ਆਇਆ ਕਰਨਗੇ, ਤੁਹਾਡੀ ਮਹਿਮਾ ਵਧ ਜਾਏਗੀ। ਇਸ ਤਰ੍ਹਾਂ ਮਹਾਂਪੁਰਸ਼ਾਂ ਨੂੰ ਅਭਿਮਾਨ ਦੇ ਸ਼ਬਦ ਕਹਿਣੇ ਸ਼ੁਰੂ ਕਰੇ। ਮਹਾਤਮਾ ਨੇ ਦੇਖ ਲਿਆ ਕਿ ਅਭਿਮਾਨੀ ਪੁਰਸ਼ ਹੈ ਇਸ ਦਾ ਤਾਂ ਬਣਨਾ ਕੁਝ ਨਹੀਂ, ਤਾਂ ਉਸ ਨੂੰ ਕਹਿਣ ਲੱਗੇ ਕਿ ਨਹੀਂ ਚੌਧਰੀ ਸਾਹਿਬ! ਤੁਸੀਂ ਘਰ ਹੀ ਸਾਰਾ ਕੰਮ ਕਰੋ ਤੇ ਪਾਠ ਕਰਿਆ ਕਰੋ।

ਕਹਿੰਦਾ, "ਨਹੀਂ ਜੀ! ਮੈਂ ਤਾਂ ਸੇਵਾ ਕਰਨੀ ਹੈ। ਮੈਂ ਸੰਨਿਆਸ ਲੈਣਾ ਹੈ।"

ਕਹਿੰਦੇ, "ਸੰਨਿਆਸ ਲੈ ਕੇ ਕੀ ਕਰੇਂਗਾ? ਕੁਝ ਵੀ ਨਹੀਂ ਹੈ ਇਸ ਦੇ ਵਿਚ। ਹਾਂ ਇਕੋ ਹੀ ਚੀਜ਼ ਹੈ ਕਿ ਲੋਕ ਮੱਥੇ ਟੇਕਣ ਲਗ ਜਾਣਗੇ। ਬਾਕੀ ਗ੍ਰਿਹਸਥੀ ਦਾ ਤੇ ਸੰਨਿਆਸੀ ਦਾ ਫਰਕ ਨਹੀਂ ਹੋਇਆ ਕਰਦਾ, ਫਰਕ ਕੇਵਲ ਮਨ ਦਾ ਪਿਆ ਕਰਦਾ ਹੈ। ਜੇ ਗ੍ਰਿਹਸਥੀ ਦਾ ਮਨ ਉਚਾ ਹੈ.....

ਸੋ ਗਿਰਹੀ ਜੋ ਨਿਗ੍ਰਹੁ ਕਰੈ॥
ਜਪੁ ਤਪੁ ਸੰਜਮੁ ਭੀਖਿਆ ਕਰੈ॥
ਪੁੰਨ ਦਾਨ ਕਾ ਕਰੇ ਸਰੀਰੁ॥
ਸੋ ਗਿਰਹੀ ਗੰਗਾ ਕਾ ਨੀਰੁ॥ *ਅੰਗ - 952*

ਜਦੋਂ ਗੰਗਾ ਦੇ ਨੀਰ ਵਰਗਾ ਪਵਿੱਤਰ ਹੋ ਗਿਆ -

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥
ਅੰਗ - 1367

ਸੋ ਏਸ ਤਰ੍ਹਾਂ ਨਾਲ ਬਹੁਤ ਸਮਝਾਇਆ। ਉਹ ਬਾਰ-ਬਾਰ ਹੱਠ ਕਰੇ ਕਿ ਨਹੀਂ ਮਹਾਰਾਜ! ਮੈਂ ਤੁਹਾਨੂੰ ਪਹਿਲਾਂ ਵੀ ਕਿਹਾ ਹੈ ਜੇ ਮੈਨੂੰ ਚੇਲਾ ਬਣਾ ਲਓ ਤੁਸੀਂ, ਤਾਂ ਤੁਹਾਡੀ ਮਹਿਮਾ ਵਧ ਜਾਵੇਗੀ।

ਸੰਤਾਂ ਨੂੰ ਸਾਧ ਸੰਗਤ ਜੀ! ਮਹਿਮਾ ਦੀ ਲੋੜ ਨਹੀਂ ਹੋਇਆ ਕਰਦੀ, ਉਹ ਬਿਲਕੁਲ ਨਹੀਂ ਚਾਹੁੰਦੇ ਕਿਉਂਕਿ ਇਹ ਫਾਲਤੂ ਚੀਜ਼ ਹੈ। ਉਹ ਆਪਣੇ ਪਿਆਰ ਵਿਚ ਰਹਿੰਦੇ ਨੇ, ਬਾਕੀ ਚੀਜ਼ਾਂ ਦੀ ਉਨ੍ਹਾਂ ਨੂੰ ਨਹੀਂ ਪਰਵਾਹ ਹੁੰਦੀ, ਮਹਾਰਾਜ ਜੀ ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

ਧਾਰਨਾ - ਰੰਗ ਹਸਦੇ ਤੇ ਰੰਗ ਰੋਂਦੇ,
ਪਰਵਾਹ ਨਾ ਕਿਸੇ ਦੀ ਰਖਦੇ ਸਾਧੂ।

ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥
ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥
ਅੰਗ - 473

ਪਿਆਰ ਵਿਚ ਆ ਕੇ ਹਸਦੇ ਨੇ, ਵਾਹਿਗੁਰੂ ਦੇ ਪਿਆਰ ਵਿਚ ਆ ਕੇ ਵੈਰਾਗ ਕਰਦੇ ਨੇ। ਕਿਸੇ ਦੀ ਪਰਵਾਹ ਨਹੀਂ, ਸਿਵਾਏ ਵਾਹਿਗੁਰੂ ਤੋਂ। ਜਿਹੜਾ ਸੰਤ ਆਪਣੇ ਚੇਲਿਆਂ ਦੀਆਂ ਮਿੰਨਤਾਂ ਕਰਦਾ ਹੈ, ਉਹ ਸੰਤ ਨਹੀਂ ਹੈ, ਦੁਨੀਆਂਦਾਰ ਹੈ, ਗਰਜ਼ ਵਾਲਾ ਬੰਦਾ ਹੈ। ਉਸ ਦੇ ਮਨ ਵਿਚ ਗਰਜ਼ ਹੈ ਕਿ ਮੇਰੇ ਕੋਲੋਂ ਟੁੱਟ ਕੇ ਹੋਰ ਪਾਸੇ ਨਾ ਚਲੇ ਜਾਣ। ਉਸ ਨੂੰ ਇਹ ਨਹੀਂ ਕਰਨਾ ਚਾਹੀਦਾ। ਜਿਹੜਾ ਪ੍ਰਮੇਸ਼ਰ ਦਾ ਪਿਆਰਾ ਹੈ ਉਹ ਕਿਸੇ ਦੀ ਮਿੰਨਤ ਤੇ ਖੁਸ਼ਾਮਦ ਨਹੀਂ ਕਰਦਾ। ਉਹ ਤਾਂ ਆਪਣੇ ਪ੍ਰਮੇਸ਼ਰ ਦੀ ਯਾਦ ਵਿਚ ਤੇ ਉਸ ਦੇ ਪਿਆਰ ਵਿਚ ਮਸਤ ਰਹਿੰਦਾ ਹੈ।

ਭਾਰਤਵਰਸ਼ ਵਿਚ ਤੇਈ ਸੌ ਸਾਲ ਪਹਿਲਾਂ ਯੂਨਾਨ ਦਾ ਬਾਦਸ਼ਾਹ ਸਿਕੰਦਰ ਬਹੁਤ ਵੱਡੀ ਫੌਜ ਲੈ ਕੇ ਚੜ੍ਹਿਆ। ਸਾਰੀ ਦੁਨੀਆਂ ਨੂੰ ਫਤਹਿ ਕਰਦਾ ਹੋਇਆ ਜਦੋਂ ਭਾਰਤ ਵਰਸ਼ ਵਿਚ ਆਇਆ ਤਾਂ ਇਥੇ ਜਿਹਲਮ ਦੇ ਕੰਢੇ ਉਸ ਨੂੰ ਬਹੁਤ ਦੇਰ ਰੁਕਣਾ ਪਿਆ। ਕਈ ਮਹੀਨੇ ਤੋਂ ਬਾਅਦ ਉਸ ਨੇ ਦਰਿਆ ਪਾਰ ਕਰਿਆ ਤੇ ਲੜਾਈ ਹੋਈ ਲਾਹੌਰ ਦੇ ਨੇੜੇ ਰਾਜੇ ਪੋਰਸ ਦੇ ਨਾਲ। ਪੋਰਸ ਦੀ ਤੀਹ ਹਜ਼ਾਰ ਫੌਜ, ਦੋ ਲੱਖ ਬੰਦੇ ਦੇ ਸਾਮ੍ਹਣੇ ਹਾਰ ਗਈ ਤੇ ਅਖੀਰ ਪੋਰਸ ਨਾਲ ਉਸ ਦਾ ਸਮਝੌਤਾ ਹੋ ਗਿਆ। ਸਿਕੰਦਰ ਦੇ ਨਾਲ ਇਕ ਸਾਧੂ ਸੀ ਤੇ ਉਸ ਦੇ ਮਨ ਵਿਚ ਖਿਆਲ ਸੀ ਕਿ ਮੈਂ ਭਾਰਤ ਵਰਸ਼ ਦੇ ਸਾਧੂ ਦੇਖਣੇ ਚਾਹੁੰਦਾ ਹਾਂ ਕਿ ਇਥੋਂ ਦੇ ਸਾਧੂ ਕਿਹੋ ਜਿਹੇ ਨੇ ਤਾਂ ਉਸ ਨੇ ਰਾਜਾ ਪੋਰਸ ਨੂੰ ਕਿਹਾ ਕਿ ਮੈਨੂੰ ਕਿਸੇ ਮਹਾਤਮਾ ਦੇ ਦਰਸ਼ਨ ਤਾਂ ਕਰਾਓ, ਜਿਹੜਾ ਪੂਰਨ ਮਹਾਤਮਾ ਹੋਵੇ। ਉਹ ਕਹਿਣ ਲੱਗੇ ਕੋਈ ਗੱਲ ਨਹੀਂ, ਕੱਲ੍ਹ ਨੂੰ ਚੱਲਾਂਗੇ। ਸਮਾਂ ਬੰਨ੍ਹ ਲਿਆ ਦੂਸਰੇ ਦਿਨ। ਦੋਵੇਂ ਜਾਂਦੇ ਨੇ ਘੋੜਿਆਂ ਤੇ ਸਵਾਰ ਹੋ ਕੇ। ਕਹਿੰਦੇ ਹੋਰ ਕਿਸੇ ਨੂੰ ਨਹੀਂ ਲੈਣਾ, ਆਪਾਂ ਹੀ ਚਲਦੇ ਹਾਂ। ਜਾਂਦੇ-ਜਾਂਦੇ ਰਾਵੀ ਦੇ ਕੰਢੇ-ਕੰਢੇ ਝਾੜੀਆਂ ਆ ਗਈਆਂ ਤੇ ਅੱਗੇ ਸੰਘਣਾ ਜੰਗਲ ਆ ਗਿਆ ਤਾਂ ਸਿਕੰਦਰ ਕਹਿਣ ਲੱਗਿਆ ਕਿ ਕਿਥੇ ਕੁ ਨੇ ਸੰਤ? ਕੋਈ ਸੜਕ ਨਹੀਂ ਜਾਂਦੀ?

ਪੋਰਸ ਕਹਿੰਦਾ, 'ਨਹੀਂ! ਸੜਕ ਨਹੀਂ ਜਾਂਦੀ, ਸੰਤ ਤਾਂ ਇਹੋ ਜਿਹੀਆਂ ਥਾਵਾਂ ਤੇ ਹੀ ਰਹਿੰਦੇ ਨੇ ਕਿਉਂਕਿ ਇਹ ਇਕਾਂਤ ਪਸੰਦ ਹੁੰਦੇ ਨੇ। ਆਪਣੇ ਸ੍ਵੈ-ਸਰੂਪ ਦੇ ਅਨੰਦ ਵਿਚ ਉਹ ਰਹਿੰਦੇ ਨੇ। ਉਨ੍ਹਾਂ ਦੇ ਬੈਠਣ ਦੀ ਬਰਕਤ ਹੀ ਬਹੁਤ ਹੁੰਦੀ ਹੈ।

ਸੋ ਚੁੱਪ ਕਰਕੇ ਚਲਦਾ ਗਿਆ। ਫੇਰ ਇਸ ਦੇ ਮਨ ਵਿਚ ਆਇਆ ਕਿ ਮੈਂ ਦੁਨੀਆਂ ਦਾ ਜੇਤੂ ਹਾਂ ਤੇ ਮੇਰਾ

ਤਾਂ ਸਤਿਕਾਰ ਹੀ ਕੋਈ ਨਹੀਂ ਹੋ ਰਿਹਾ, ਮੈਂ ਤਾਂ ਐਵੇਂ ਹੀ ਮਾਮੂਲੀ ਆਦਮੀ ਵਾਂਗ ਤੁਰਿਆ ਜਾ ਰਿਹਾ ਹਾਂ।

ਕਹਿੰਦਾ, "ਕਿੱਡੀ ਕੁ ਦੂਰ ਹੈ?"

ਪੋਰਸ ਕਹਿੰਦਾ, "ਉਹ ਸਾਮ੍ਹਣੇ ਝੌਂਪੜੀ ਹੈ, ਉਸ ਦੇ ਵਿਚ ਰਹਿੰਦੇ ਨੇ ਸੰਤ।"

ਕਹਿੰਦਾ, "ਇਥੇ ਮੇਰੇ ਸੁਆਗਤ ਲਈ ਕੁਝ ਵੀ ਨਹੀਂ ਕਰਿਆ, ਕੋਈ ਹਾਰ, ਕੋਈ ਫੁੱਲ ਆਦਿ। ਇਤੇ ਤਾਂ ਕੁਝ ਵੀ ਨਜ਼ਰ ਨਹੀਂ ਆਉਂਦਾ।"

ਪੋਰਸ ਕਹਿਣ ਲੱਗਿਆ, "ਬਾਦਸ਼ਾਹ! ਮਹਾਤਮਾ ਦੀ ਗੱਲ ਹੋਰ ਹੁੰਦੀ ਹੈ, ਉਨ੍ਹਾਂ ਨੂੰ ਗਰਜ਼ ਨਹੀਂ ਕਿਸੇ ਨਾਲ ਵੀ ਹੋਇਆ ਕਰਦੀ। ਸੰਸਾਰੀ ਬੰਦਿਆਂ ਨੂੰ ਗਰਜ਼ ਹੁੰਦੀ ਹੈ। ਉਹ ਸਭ ਅਡੰਬਰ ਕਰਦੇ ਨੇ। ਐਨਾ ਹੀ ਫਰਕ ਹੁੰਦਾ ਹੈ ਉਨ੍ਹਾਂ ਦਾ ਸੰਸਾਰੀਆਂ ਨਾਲੋਂ। ਉਹ ਨਿਰਚਾਹ ਹੁੰਦੇ ਨੇ, ਵਾਸ਼ਨਾ ਰਹਿਤ ਹੁੰਦੇ ਨੇ। ਕੋਈ ਵਾਸ਼ਨਾ ਉਨ੍ਹਾਂ ਦੇ ਮਨ ਵਿਚ ਨਹੀਂ ਹੁੰਦੀ।

ਸੰਤ ਸਾਮ੍ਹਣੇ ਬੈਠੇ ਧੁੱਪ ਸੇਕਦੇ ਸਨ, ਪੋਹ ਦਾ ਮਹੀਨਾ ਸੀ। ਉਸ ਵੇਲੇ ਇਸ ਦੇ ਮਨ ਵਿਚ ਬੜੀ ਨਾਰਾਜ਼ਗੀ ਹੋਈ, ਸੰਤਾਂ ਨੇ ਨਿਗ੍ਹਾ ਭਰ ਕੇ ਦੇਖਿਆ। ਇਸ ਨੇ ਕਿਹਾ ਕਿ ਇਕ ਨੰਗਾ-ਧੜੰਗਾ ਫਕੀਰ ਬੈਠਾ ਹੈ ਤੇ ਮੈਂ ਬਾਦਸ਼ਾਹ ਹਾਂ, ਨਿਸ਼ਾਨੀ ਹੈ ਮੇਰੇ ਵਸਤਰਾਂ-ਸਸ਼ਤਰਾਂ ਦੀ ਕਿ ਕੋਈ ਬਾਦਸ਼ਾਹ ਆ ਰਿਹਾ ਹੈ ਤੇ ਇਹ ਮੇਰੇ ਆਦਰ ਵਾਸਤੇ ਕਿਉਂ ਨਹੀਂ ਖੜ੍ਹਾ ਹੋਇਆ, ਗੁੱਸਾ ਖਾ ਗਿਆ ਤੇ ਤਲਵਾਰ ਕੱਢ ਕੇ ਸੰਤਾਂ ਵਲ ਨੂੰ ਚੱਲਿਆ। ਮਹਾਤਮਾ ਪੂਰੇ ਸੀ ਇਕੋ ਦ੍ਰਿਸ਼ਟੀ ਕੀਤੀ, ਉਥੇ ਹੀ ਰੋਕ ਦਿਤਾ। ਨਾ ਅੱਗੇ ਹੁੰਦਾ ਹੈ ਨਾ ਪਿਛੇ, ਨਾ ਬਾਂਹ ਹਿਲਦੀ ਹੈ, ਤਲਵਾਰ ਕੱਢੀ ਹੋਈ ਉਪਰ ਨੂੰ ਉਲ੍ਹਾਰੀ ਹੋਈ ਓਵੇਂ ਹੀ ਖੜ੍ਹੀ ਹੈ।

ਮਹਾਤਮਾ ਕਹਿਣ ਲੱਗੇ, "ਕੀ ਗੱਲ? ਆਹ ਤਲਵਾਰ ਤੇਰੀ ਰੱਜੀ ਨਹੀਂ ਅਜੇ ਲੱਖਾਂ ਬੰਦਿਆਂ ਦਾ ਖੂਨ ਪੀ ਕੇ? ਕਿੰਨੀਆਂ ਬੀਬੀਆਂ ਤੂੰ ਵਿਧਵਾ ਕਰ ਦਿਤੀਆਂ, ਕਿੰਨੀਆਂ ਭੈਣਾਂ ਦੇ ਭਰਾ ਖੋਹ ਲਏ, ਕਿੰਨੀਆਂ ਮਾਵਾਂ ਦੇ ਪੁੱਤਰ ਖੋਹ ਲਏ। ਤੇਰੀ ਤਲਵਾਰ ਅਜੇ ਵੀ ਨਹੀਂ ਰੱਜੀ, ਆ! ਫੇਰ ਮੇਰੇ ਖੂਨ ਨਾਲ ਰਜਾ ਲੈ ਜੇ ਤੈਥੋਂ ਰਜਾ ਹੁੰਦੀ ਹੈ।

ਹਿਲਦਾ ਨਹੀਂ ਸਿਕੰਦਰ। ਪੋਰਸ ਨੇ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਕਿ ਇਹ ਤਾਂ ਆਪ ਦੇ ਦਰਸ਼ਨ ਕਰਨ ਆਇਆ ਸੀ।

ਮਹਾਤਮਾ ਕਹਿੰਦੇ, "ਫੇਰ ਤਲਵਾਰਾਂ ਕੱਢ ਕੇ ਦਰਸ਼ਨ ਕਰਨ ਆਈਦਾ ਹੈ।"

ਸੰਤਾਂ ਨੂੰ ਜਦੋਂ ਮਿਲਣਾ ਹੋਵੇ ਤਾਂ ਸਤਿਕਾਰ ਨਾਲ ਜਾਣਾ ਚਾਹੀਦਾ ਹੈ ਜਿਸ ਨੇ ਕੁਝ ਲੈਣਾ ਹੈ। ਬੇਪਰਵਾਹ ਹੁੰਦੇ ਨੇ ਮਹਾਤਮਾ ਸਾਧ-ਸੰਗਤ ਜੀ!

ਪਟਿਆਲੇ ਬਾਬਾ ਜੱਸਾ ਸਿੰਘ ਜੀ, ਬੀਬੀ ਦਾ ਸਰੀਰ ਸੀ ਤੇ ਨਾਉਂ ਜੱਸਾ ਸਿੰਘ ਰੱਖਿਆ ਹੋਇਆ ਸੀ। ਆਪ ਬਹਤ ਬੇਪਰਵਾਹ ਸਨ। ਮਹਾਰਾਜਾ ਨਰਿੰਦਰ ਸਿੰਘ ਪਟਿਆਲੇ ਵਾਲਾ ਉਨ੍ਹਾਂ ਕੋਲ ਆਇਆ ਕਰਦੇ ਸਨ। ਇਕ ਵਾਰੀ ਮਹਾਰਾਜ ਵਲਾਇਤ ਤੋਂ ਰੇਸ਼ਮੀ ਦੁਸ਼ਾਲੇ ਤੇ ਰੇਸ਼ਮ ਦੇ ਕੱਪੜੇ ਖਰੀਦ ਲਿਆਏ ਤੇ ਮਨ ਵਿਚ ਆਇਆ ਕਿ ਬਾਬਾ ਜੀ ਨੂੰ ਦੇਈਏ। ਸੋ ਮਹਾਰਾਜ ਤੇ ਉਸ ਦੇ ਸੇਵਕ ਆਦਿ ਘੋੜਿਆਂ ਤੇ ਸਵਾਰ ਹੋ ਕੇ ਆਏ। ਨੇੜੇ ਆ ਕੇ ਵਸਤਰ ਬਾਬਾ ਜੀ ਨੂੰ ਭੇਂਟ ਕਰ ਦਿਤੇ ਤੇ ਕਹਿਣ ਲੱਗਿਆ ਕਿ ਮਹਾਰਾਜ ਵਲਾਇਤ ਤੋਂ ਲੈ ਕੇ ਆਇਆ ਹਾਂ, ਬਹੁਤ ਸੋਹਣੀ ਚੀਜ਼ ਹੈ। ਇਹ ਵਸਤਰ ਤੁਸੀਂ ਪਹਿਨ ਲਿਓ। ਉਹ ਕਹਿੰਦੇ, "ਉਥੇ ਰੱਖ ਦੇ, ਸਾਮ੍ਹਣੇ।"

ਦੂਰ ਰਖਾ ਦਿਤੇ, ਉਸ ਡੇਰੇ ਵਿਚ ਕੁੱਤੇ ਬਹੁਤ ਹੁੰਦੇ ਸੀ, ਸ਼ਾਇਦ ਹੁਣ ਵੀ ਹੋਣ। ਉਦੋਂ ਚਾਰ-ਪੰਜ ਸੌ ਕੁੱਤਾ ਰਿਹਾ ਕਰਦਾ ਸੀ। ਰਾਤ ਨੂੰ ਕੁੱਤਿਆਂ ਨੂੰ ਗਲੀਚਿਆਂ ਦਾ ਕੱਪੜਾ ਲੱਗਿਆ ਸੋਹਣਾ ਉਨ੍ਹਾਂ ਨੇ ਖਿੱਚ-ਖਿੱਚ ਕੇ ਪਾੜ ਦਿਤਾ। ਕੱਪੜੇ ਦੇ ਟੁੱਕੜੇ-ਟੁੱਕੜੇ ਹੋ ਕੇ ਉਡਣੇ ਸ਼ੁਰੂ ਹੋ ਗਏ। ਹਵਾ ਤੇਜ਼ ਚਲਦੀ ਸੀ ਨੇੜੇ ਜਿਹੜੀ ਵਾੜ ਲਈ ਤਾਰ ਗੱਡੀ ਹੋਈ ਸੀ ਉਸ ਦੇ ਵਿਚ ਫਸ ਗਏ, ਹੋਰ ਦੂਰ ਤੱਕ ਜਾ ਪਹੁੰਚੇ। ਦੂਜੇ ਦਿਨ ਮਹਾਰਾਜ ਆਇਆ ਕਿ ਫੇਰ ਸੰਤਾਂ ਨਾ ਗੱਲ ਕਰੀਏ। ਮਨ ਵਿਚ ਇਹ ਸੀ ਕਿ ਜਿਹੋ-ਜਿਹੇ ਮੈਂ ਲੈ ਕੇ ਆਇਆ ਹਾਂ ਇਹੋ-ਜਿਹੇ ਵਸਤਰ ਕੋਈ ਨਹੀਂ ਲਿਆ ਸਕਦਾ। ਜਦੋਂ ਤੁਰੇ ਆਉਂਦੇ ਨੇ ਤਾਂ ਸੇਵਕ ਨੂੰ ਕਹਿਣ ਲੱਗੇ ਕਿ ਇਹ ਤਾਂ ਐਉਂ ਲਗਦਾ ਹੈ ਜਿਵੇਂ ਸਾਡੇ ਦਿਤੇ ਹੋਏ ਕੱਪੜੇ ਫਾੜੇ ਹੋਣ। ਕੀ ਗੱਲ ਸੰਤਾਂ ਨੂੰ ਪਤਾ ਨਹੀਂ ਸੀ ਕਿ ਐਨੇ ਕੀਮਤੀ ਕੱਪੜੇ ਅਸੀਂ ਲੈ ਕੇ ਆਏ ਹਾਂ? ਥੋੜ੍ਹਾ ਮਨ ਵਿਚ ਰੋਸ ਕਰਿਆ। ਮਹਾਤਮਾ ਦੇ ਪਾਸ ਚਲੇ ਗਏ।

ਮਹਾਤਮਾ ਕਹਿੰਦੇ, "ਆਓ ਰਾਜਨ ਆਓ! ਤੁਹਾਡੇ ਦਿਤੇ ਵਸਤਰ ਬਹੁਤ ਵਧੀਆ ਸਨ, ਬੜੇ ਮਜ਼ਬੂਤ ਸਨ ਸਾਡੇ ਸਾਰੇ ਕੂਕਰ ਥੱਕ ਗਏ ਰਾਤ ਪਾੜਦੇ-ਪਾੜਦੇ ਤੇ ਹੁਣ ਤੁਸੀਂ ਇਨ੍ਹਾਂ ਨੂੰ ਖੁੱਲ੍ਹਾ ਪ੍ਰਸ਼ਾਦ ਬਣਾ ਕੇ ਛਕਾਓ।"

ਕਿੱਡੀ ਬੇਪਰਵਾਹੀ ਹੈ, ਕੋਈ ਪਰਵਾਹ ਨਾ ਕੀਤੀ।

ਮਹਾਰਾਜ ਨਾਭਾ ਹੀਰਾ ਸਿੰਘ ਦੇ ਮਨ ਵਿਚ ਇਹ ਸੀ ਕਿ ਹਰੇਕ ਸੰਤ ਦੀ ਪਰਖ ਕਰਨੀ ਤੇ ਉਸ ਦੇ ਮਨ ਵਿਚ ਆਇਆ ਕਿ ਮੈਂ ਇਨ੍ਹਾਂ ਨੂੰ ਵੀ ਪਰਖਾਂ ਕਿ ਇਹ

ਪੂਰੇ ਨੇ ਜਾਂ ਅਧੂਰੇ? ਬੜੇ ਅਭਿਮਾਨ ਦੇ ਨਾਲ ਨਾਭੇ ਤੋਂ ਚੱਲ ਕੇ ਡੇਰੇ ਵਿਚ ਪਹੁੰਚਦਾ ਹੈ। ਬਾਬਾ ਜੀ ਪਹਿਲਾਂ ਹੀ ਉਠ ਕੇ ਮੱਕੀਆਂ ਦੇ ਖੇਤਾਂ ਵਿਚ ਚਲੇ ਗਏ। ਜਿੰਨਾ ਚਿਰ ਬੈਠਾ ਰਿਹਾ ਆਪ ਆਏ ਹੀ ਨਾ, ਦੂਜੀ ਵਾਰੀ ਫੇਰ ਆਇਆ, ਨੌਂ ਵਾਰੀ ਆਇਆ, ਸਾਧਸੰਗਤ ਜੀ!

ਦਸਵੀਂ ਵਾਰੀ ਉਸ ਨੇ ਪੁਛਿਆ ਕਿ ਬਾਬਾ ਜੀ ਤਾਂ ਮਿਲਦੇ ਹੀ ਨਹੀਂ। ਤਾਂ ਵਜ਼ੀਰ ਕਹਿਣ ਲੱਗਿਆ ਕਿ ਮਹਾਰਾਜ! ਸੰਤਾਂ ਦੇ ਅਰਦਾਸ ਕਰਕੇ ਚੱਲੋ, ਫੇਰ ਮਿਲ ਜਾਣਗੇ। ਨਿਮਰਤਾ ਦੇ ਨਾਲ ਚੱਲੋ, ਤੁਸੀਂ ਪ੍ਰੀਖਿਆ ਲੈਣ ਜਾਂਦੇ ਹੋ। ਅਰਦਾਸ ਕਰਕੇ ਚੱਲੇ ਤੇ ਬਾਬਾ ਜੀ ਕਹਿਣ ਲੱਗੇ ਭਾਈ! ਇਥੋਂ ਅੱਠ ਤਸਲੇ ਗਾਰੇ ਦੇ ਫੜਾਓ ਸਾਨੂੰ, ਮਨ੍ਹੇ ਤੇ ਬੈਠੇ ਸਨ, ਅੱਠ ਫੁੱਟ ਉਚਾ ਮਨ੍ਹਾ ਸੀ। ਮਨ੍ਹੇ ਤੇ ਤਸਲੇ ਗਾਰੇ ਦੇ ਭਰਾ ਕੇ ਰੱਖ ਲਏ। ਜਦੋਂ ਮਹਾਰਾਜਾ ਨਾਭਾ ਆਇਆ ਤਾਂ ਆਪ ਨੇ ਇਕ ਤਸਲਾ ਪਾ ਦਿਤਾ। ਜਦੋਂ ਸਿਰ ਤੇ ਗਾਰਾ ਪਿਆ ਕੱਪੜੇ ਸਾਰੇ ਖਰਾਬ ਹੋ ਗਏ। ਜਿੰਨੇ ਵੀ ਉਸ ਦੇ ਨਾਲ ਸੀ ਅੰਗ ਰਖਿਆਕ ਉਹ ਘਬਰਾ ਗਏ ਸਾਰੇ। ਮਹਾਰਾਜਾ ਸਿਆਣਾ ਸੀ, ਚੁੱਪ ਕਰਕੇ ਖੜ੍ਹਾ ਰਿਹਾ, ਕਹਿੰਦਾ ਪਾਸੇ ਹਟ ਜਾਓ। ਅੱਠੇ ਤਸਲੇ ਹੌਲੀ-ਹੌਲੀ ਕਰਕੇ ਉਤੇ ਪਾ ਦਿਤੇ। ਕਹਿੰਦੇ, "ਤੈਨੂੰ ਅਜੇ ਸ਼ਾਂਤੀ ਨਹੀਂ ਆਈ?"

ਕਹਿੰਦਾ, "ਮਹਾਰਾਜ! ਸ਼ਾਂਤੀ ਕਾਹਦੀ ਤੁਸੀਂ ਤਾਂ ਕੇਸਰ ਹੀ ਕੇਸਰ ਵਰ੍ਹਾ ਦਿਤਾ ਮੇਰੇ ਤੇ।"

ਸੋ ਇਸ ਤਰ੍ਹਾਂ ਬੇਪਰਵਾਹ ਹੋਇਆ ਕਰਦੇ ਨੇ, ਪਰਵਾਹ ਨਹੀਂ ਕਿਸੇ ਦੀ ਰਖਦੇ। ਸੋ ਸਿਕੰਦਰ ਸੰਤਾਂ ਦੇ ਕੋਲ ਗਿਆ ਸੰਤ ਕਹਿਣ ਲੱਗੇ ਕਿ ਕਿਹੜੀ ਗੱਲ ਤੋਂ ਤੂੰ ਤਲਵਾਰ ਕੱਢੀ ਹੈ ਸਿਕੰਦਰ?

ਕਹਿੰਦਾ, "ਮੈਂ ਸਾਰੀ ਦੁਨੀਆਂ ਨੂੰ ਜਿੱਤਣ ਤੋਂ ਬਾਅਦ ਤੁਹਾਡੇ ਪਾਸ ਆਇਆ ਤੇ ਤੁਹਾਨੂੰ ਮੇਰਾ ਪਤਾ ਨਹੀਂ ਸੀ? ਤੁਸੀਂ ਮੇਰਾ ਸਤਿਕਾਰ ਨਹੀਂ ਕੀਤਾ ਤੇ ਨਾ ਖੜ੍ਹੇ ਹੋਏ ਮੇਰੇ ਆਉਣ ਤੇ।"

ਉਹ ਕਹਿੰਦੇ, " ਇਕ ਗੱਲ ਦੱਸ, ਜੇ ਤੇਰਾ ਗੁਲਾਮ ਆਵੇ ਤਾਂ ਖੜ੍ਹਾ ਹੁੰਦਾ ਹੈ?"

ਕਹਿੰਦਾ, "ਨਹੀਂ।"

ਕਹਿੰਦੇ, "ਜੇ ਗੁਲਾਮ ਦਾ ਵੀ ਗੁਲਾਮ ਆਵੇ ਫੇਰ ਖੜ੍ਹਾ ਹੁੰਦਾ ਹੈ?"

ਕਹਿੰਦਾ, "ਨਹੀਂ।"

ਮਹਾਤਮਾ ਕਹਿੰਦੇ, "ਜੇ ਉਸ ਦਾ ਵੀ ਗੁਲਾਮ ਆਵੇ?"

ਕਹਿੰਦਾ, "ਸੰਤ ਜੀ! ਸੁਆਲ ਹੀ ਨਹੀਂ ਪੈਦਾ ਹੁੰਦਾ।"

ਕਹਿਣ ਲੱਗੇ, "ਫੇਰ ਮੈਂ ਤੇਰੇ ਵਾਸਤੇ ਕਿਵੇਂ ਖੜ੍ਹਾ ਹੁੰਦਾ? ਤੂੰ ਮੈਨੂੰ ਵਿਚਾਰ ਕੇ ਦੱਸ ਕਿ ਦੁਨੀਆਂ ਨੂੰ ਤੂੰ ਕਿਉਂ ਮਾਰਦਾ ਫਿਰਦਾ ਹੈਂ? ਕਿਹੜੀ ਚੀਜ਼ ਹੈ ਜਿਹੜੀ ਤੈਨੂੰ ਲਈ ਫਿਰਦੀ ਹੈ, ਸੋਚ! ਤੇਰੇ ਮਨ ਤੇ ਸਵਾਰ ਹੈ ਉਹ ਚੀਜ਼।"

ਜਦੋਂ ਨਾ ਕੁਝ ਪਤਾ ਲੱਗਿਆ ਤਾਂ ਕਹਿਣ ਲੱਗੇ ਕਿ ਅਸੀਂ ਦੱਸ ਦਿੰਦੇ ਹਾਂ ਤੇਰੇ ਅੰਦਰ ਹਿਰਸ ਹੈ ਕਿ ਮੈਂ ਸਾਰੀ ਦੁਨੀਆਂ ਤੇ ਰਾਜ ਕਰ ਲਵਾਂ। ਰਾਜ ਨੂੰ ਖਾ ਲਏਗਾ? ਤਿੰਨ ਚੀਜ਼ਾਂ ਦੀ ਲੋੜ ਹੋਇਆ ਕਰਦੀ ਹੈ - ਕੁੱਲੀ, ਗੁੱਲੀ, ਜੁੱਲੀ, ਬਾਕੀ ਤਾਂ -

ਤੀਨਿ ਸੇਰ ਕਾ ਦਿਹਾੜੀ ਮਿਹਮਾਨੁ॥
ਅਵਰ ਵਸਤੁ ਤੁਝ ਪਾਹਿ ਅਮਾਨ॥ ਅੰਗ - 374

ਬਾਕੀ ਤਾਂ ਅਮਾਨਤ ਹੈ ਤੇਰੇ ਕੋਲ ਪ੍ਰੇਮੀਆ! ਕਿਉਂ ਦੁਨੀਆਂ ਨੂੰ ਤੰਗ ਕਰਦਾ ਫਿਰਦਾ ਹੈਂ? ਲੋਕਾਂ ਦੀ ਸੁਤੰਤਰਤਾ ਖੋਂਹਦਾ ਫਿਰਦਾ ਹੈਂ। ਤੇਰੇ ਅੰਦਰ ਹਿਰਸ ਹੈ, ਹਿਰਸ ਨੇ ਤੇਰੇ ਮਨ ਨੂੰ ਗੁਲਾਮ ਕਰ ਲਿਆ, ਤੇਰੇ ਮਨ ਨੇ ਤੇਰੇ ਸਰੀਰ ਨੂੰ ਗੁਲਾਮ ਕਰ ਲਿਆ।

ਕਹਿੰਦੇ, "ਓਹ ਦੇਖ ਸਾਡੇ ਜੋੜੇ ਉਨ੍ਹਾਂ ਦੇ ਤੱਲੇ ਹਿਰਸ ਦੱਬਿਆ ਹੋਇਆ ਹੈ, ਹਿਰਸ ਦੇ ਥੱਲੇ ਸਾਡਾ ਮਨ ਤੇ ਉਸ ਦੇ ਥੱਲੇ ਸਾਡਾ ਸਰੀਰ ਹੈ। ਕਿੰਨਾ ਫਰਕ ਹੈ, ਤੂੰ ਸਾਡੇ ਗੁਲਾਮਾਂ ਦੇ ਗੁਲਾਮਾਂ ਦੇ ਗੁਲਾਮਾਂ ਦਾ ਗੁਲਾਮ ਹੈ ਤੇ ਮੈਂ ਤੇਰੇ ਆਏ ਤੋਂ ਕਿਵੇਂ ਖੜ੍ਹਾ ਹੋ ਜਾਂਦਾ?"

ਗੱਲ ਸਮਝ ਵਿਚ ਆ ਗਈ। ਜੀਅ ਕਰਿਆ ਕਿ ਮਹਾਤਮਾ ਦੀ ਸੇਵਾ ਕਰਾਂ। ਕਹਿਣ ਲੱਗਿਆ ਕਿ ਮਹਾਂਪੁਰਸ਼ੋਂ! ਮੈਂ ਇਹ ਚਾਹੁੰਦਾ ਹਾਂ ਕਿ ਤੁਹਾਡੇ ਵਾਸਤੇ ਮੈਂ ਇਥੇ ਬਾਗ-ਬਗੀਚੇ ਬਣਾ ਦਿਆਂ, ਛੇਤਰ ਲਾ ਦਿਆਂ, ਸੜਕਾਂ ਕਢਾ ਦਿਆਂ, ਸੰਸਾਰ ਤੁਹਾਡੇ ਦਰਸ਼ਨ ਕਰਨ ਆਏਗਾ।

ਕਹਿੰਦੇ, "ਨਾਂਹ! ਸਾਨੂੰ ਲੋੜ ਨਹੀਂ ਏਸ ਚੀਜ਼ ਦੀ ਅਸੀਂ ਕੀ ਕਰਨਾ ਹੈ ਮੱਖੀਆਂ ਨੂੰ? ਸੰਸਾਰ ਤਾਂ ਸਾਰਾ ਗਰਜ਼ ਦਾ ਬੰਨ੍ਹਿਆ ਹੋਇਆ ਹੈ, ਐਵੇਂ ਸਾਡਾ ਸਮਾਂ ਬਰਬਾਦ ਕਰੇਗਾ।"

ਕਹਿੰਦਾ, "ਮਹਾਰਾਜ! ਮੈਂ ਤਾਂ ਕੁਝ ਦੇ ਕੇ ਜਾਣਾ ਹੈ ਤੁਹਾਨੂੰ ਜ਼ਰੂਰ। ਮੇਰੇ ਮਨ ਵਿਚ ਆਇਆ ਹੈ ਕਿ ਮੈਂ ਜ਼ਰੂਰ ਭੇਟਾ ਕਰਾਂ।"

ਮਹਾਤਮਾ ਕਹਿਣ ਲੱਗੇ, "ਜੇ ਭੇਟਾ ਕਰਨਾ ਹੈ ਆਹ ਛਾਂ ਪੈਂਦੀ ਹੈ ਤੇਰੀ ਸਾਡੇ ਉਤੇ, ਸੂਰਜ ਦੇ ਸਾਮ੍ਹਣੇ ਤੂੰ ਖੜ੍ਹਾ ਹੈਂ, ਪਾਸੇ ਹਟ ਜਾਹ; ਧੁੱਪ ਦੀ ਲੋੜ ਹੈ, ਧੁੱਪ ਛੱਡ ਦੇ।"

ਸੋ ਇਹ ਬੇਪਰਵਾਹੀ ਹੋਇਆ ਕਰਦੀ ਹੈ ਸੰਤਾਂ ਦੀ

ਸਾਧ-ਸੰਗਤ ਜੀ! ਜਿਹੜਾ ਸਾਧੂ ਅਮੀਰ ਬੰਦਿਆਂ ਦੇ ਪਿਛੇ ਘੁੰਮਦਾ ਹੈ, ਸਿੱਧੇ-ਪੁੱਠੇ ਤਰੀਕੇ ਦੇ ਨਾਲ ਉਸ ਦੀ ਖੁਸ਼ਾਮਦ ਕਰਦਾ ਹੈ, ਉਸ ਨੂੰ ਨਹੀਂ ਪਤਾ ਕਿ ਸਾਧੂ ਕੀ ਹੁੰਦਾ ਹੈ? ਉਹ ਤਾਂ ਦੁਨੀਆਦਾਰ ਹੈ।

ਗੁਰੂ ਨਾਨਕ ਪਾਤਸ਼ਾਹ ਜਦੋਂ ਬਾਬਰ ਨੂੰ ਮਿਲਦੇ ਨੇ ਤਾਂ ਕਹਿੰਦੇ -

ਤੁਝ ਸੇ ਮਾਗੈ ਸੋ ਅਹਿਮਕ ਫਕੀਰ॥

ਐ ਬਾਬਰ! ਤੈਥੋਂ ਮੈਂ ਮੰਗਾਂ? ਤੈਥੋਂ ਮੰਗਣ ਵਾਲਾ ਤਾਂ ਅਹਿਮਕ ਹੈ।

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥

ਅੰਗ - 2

ਸੋ ਉਹ ਚੌਧਰੀ ਸੰਤਾਂ ਨੂੰ ਹਰ ਵਕਤ ਕਹਿੰਦਾ ਹੈ ਕਿ ਮਹਾਰਾਜ! ਜੇ ਤੁਸੀਂ ਮੈਨੂੰ ਚੇਲਾ ਬਣਾ ਲਓ ਤਾਂ ਤੁਹਾਡੀ ਬਹੁਤ ਮਹਿਮਾ ਵਧ ਜਾਏਗੀ। ਸੰਤ ਟਾਲੀ ਜਾਂਦੇ ਨੇ, ਅਖੀਰ ਜਦੋਂ ਨਾ ਹੀ ਹਟਿਆ ਤਾਂ ਸੰਤਾਂ ਨੇ ਸੋਚਿਆ ਕਿ ਇਹ ਬੰਦਾ ਸਾਨੂੰ ਫੇਰ ਤੰਗ ਕਰੇਗਾ, ਹੁਣੇ ਹੀ ਗੱਲ ਮੁਕਾ ਦੇਈਏ। ਉਨ੍ਹਾਂ ਕੋਲ ਪਾਰਸ ਸੀ।

ਕਹਿੰਦੇ, ''ਚੌਧਰੀ ਸਾਹਿਬ! ਆਹ ਲੋਹੇ ਦੀ ਸਲਾਖ ਲਿਆਓ।''

ਸਰੀਆ ਲੈ ਆਂਦਾ ਛੋਟਾ ਜਿਹਾ। ਉਨ੍ਹਾਂ ਨੇ ਪਾਰਸ ਕੱਢਿਆ ਤੇ ਉਸ ਦੇ ਨਾਲ ਲਾ ਦਿਤਾ। ਕਹਿੰਦੇ ਕਿ ਦੇਖੋ ਲੋਹੇ ਦਾ ਕੀ ਬਣ ਗਿਆ?

ਕਹਿੰਦਾ, ''ਮਹਾਰਾਜ! ਇਹ ਤਾਂ ਬਿਲਕੁਲ ਸੋਨਾ ਬਣ ਗਿਆ।''

ਮਹਾਤਮਾ ਕਹਿੰਦੇ, ''ਬਜ਼ਾਰ ਵਿਚ ਜਾ ਤੇ ਪਤਾ ਕਰ ਆਓ।'' ਜਾ ਕੇ ਪੁੱਛ ਆਇਆ।

ਕਹਿੰਦਾ, "ਮਹਾਰਾਜ! ਇਹ ਤਾਂ ਬਿਲਕੁਲ ਸ਼ੁੱਧ ਸੋਨਾ ਬਣ ਗਿਆ।''

ਕਹਿੰਦੇ, "ਆਪਾਂ ਨੂੰ ਲੋੜ ਨਹੀਂ ਅਜੇ। ਇੰਵ ਕਰ ਉਹ ਪੇਟੀ ਦੇ ਵਿਚ ਇਕ ਗਾਗਰ ਪਈ ਹੈ ਲੋਹੇ ਦੀ ਲੈ ਕੇ ਆ।''

ਗਾਗਰ ਲਿਆਉਂਦਾ ਹੈ ਤੇ ਸੰਤਾਂ ਨੇ ਕਿਹਾ ਕਿ ਆਹ! ਪਾਰਸ ਇਸ ਦੇ ਵਿਚ ਰੱਖ ਲੈ। ਜਦੋਂ ਕਿਤੇ ਲੋੜ ਪਈ ਤਾਂ ਆਪਾਂ ਲੋਹੇ ਦਾ ਸੋਨਾ ਬਣਾ ਲਵਾਂਗੇ। ਫੇਰ ਕੋਈ ਭੰਡਾਰਾ ਕਰ ਦੇਵਾਂਗੇ। ਪੇਟੀ ਵਿਚ ਰੱਖ ਕੇ ਤਾਲਾ ਲਾ ਦਿਤਾ ਤੇ ਚਾਬੀਆਂ ਸੰਭਾਲ ਲਈਆਂ। ਜਦੋਂ ਬਾਰ੍ਹਾਂ ਸਾਲ ਲੰਘ ਗਏ ਸੇਵਾ ਕਰਦੇ-ਕਰਦੇ ਨੂੰ ਤੇ ਕਥਾ ਰੋਜ਼ ਸੁਣਦਾ ਹੈ ਕਿ ਸੇਵਾ ਕਰਨ ਵਾਲੇ ਦਾ ਮਨ ਸ਼ਾਂਤ ਹੋ ਜਾਂਦਾ ਹੈ ਤੇ ਉਹ ਪ੍ਰਮੇਸ਼ਰ ਦਾ ਹੀ ਸਰੂਪ ਬਣ ਜਾਂਦਾ ਹੈ, ਨਾਮ ਦੀ ਲਿਵ ਲਗ ਜਾਂਦੀ ਹੈ, ਉਚੀ ਤੋਂ ਉਚੀ ਅਵਸਥਾ ਉਸ ਨੂੰ ਪ੍ਰਾਪਤ ਹੋ ਜਾਂਦੀ ਹੈ। ਕਹਿੰਦਾ ਮੈਨੂੰ ਤਾਂ ਕੁਝ ਨਹੀਂ ਹੋਇਆ।

ਇਕ ਦਿਨ ਸੰਤਾਂ ਨੂੰ ਕਹਿਣ ਲੱਗਿਆ, "ਸੰਤ ਜੀ! ਮੈਂ ਦੇਖੋ ਬੜੀ ਸੇਵਾ ਕਰੀ ਹੈ।''

ਸੰਤ ਮੁਸਕਰਾ ਪਏ, ਕਹਿੰਦੇ, "ਪ੍ਰੇਮੀਆਂ! ਤੂੰ ਸੇਵਾ ਤਾਂ ਜ਼ਰੂਰ ਕਰਦਾ ਸੀ, ਜਦੋਂ ਬਰਤਨ ਮਾਂਜਦਾ ਸੀ ਤਾਂ ਕੀ ਕਹਿੰਦਾ ਸੀ?''

ਕਹਿੰਦਾ, "ਮਹਾਰਾਜ! ਮੈਂ ਉਨ੍ਹਾਂ ਨੂੰ ਦਸਦਾ ਹੁੰਦਾ ਕਿ ਮੈਂ ਐਡਾ ਚੌਧਰੀ ਹੋ ਕੇ ਸੇਵਾ ਕਰਦਾ ਹਾਂ। ਤੁਹਾਡੇ ਤੋਂ ਨਹੀਂ ਕਰ ਹੁੰਦੀ? ਤੁਸੀਂ ਮਾੜੇ-ਮਾੜੇ ਬੰਦੇ ਇਥੇ ਇਕੱਠੇ ਹੋਏ ਹੋ ਰੋਟੀਆਂ ਖਾਣ। ਮੈਂ ਦੇਖੋ ਕਿੱਡਾ ਰਾਜ-ਭਾਗ ਛੱਡ ਕੇ ਸੇਵਾ ਕਰਨ ਲੱਗਿਆ ਹਾਂ।''

ਕੋਈ ਸੇਵਾ ਕਰੇ, ਹਮੇਸ਼ਾਂ ਆਪਣੇ-ਆਪ ਨੂੰ ਜਣਾਉਂਦਾ ਰਹਿੰਦਾ ਸੀ। ਕਹਿੰਦੇ ਫੇਰ ਕਰ। ਉਹ ਗਾਗਰ ਲੈ ਕੇ ਆ ਜਿਹੜੀ ਆਪਾਂ ਨੇ ਰੱਖੀ ਸੀ, ਪਾਰਸ ਰੱਖਿਆ ਸੀ ਉਸ ਦੇ ਵਿਚ, ਦੇਖ ਤਾਂ ਸੋਨਾ ਬਣ ਗਿਆ। ਉਸ ਵੇਲੇ ਜਾ ਕੇ ਪੇਟੀ ਖੋਲ੍ਹੀ ਤੇ ਗਾਗਰ ਜਦੋਂ ਕੱਢੀ ਤਾਂ ਓਵੇਂ-ਜਿਵੇਂ ਲੋਹੇ ਦੀ ਪਈ ਸੀ।

ਉਹ ਉਥੋਂ ਹੀ ਬੋਲਣ ਲੱਗ ਗਿਆ ਕਹਿੰਦਾ, "ਸੰਤ ਜੀ! ਤੁਹਾਡਾ ਪਾਰਸ ਵੀ ਝੂਠਾ ਤੇ ਤੁਸੀਂ ਵੀ ਝੂਠੇ।''

ਕਹਿੰਦੇ, "ਪ੍ਰੇਮੀਆਂ! ਇਥੇ ਆ ਜਾਹ, ਕਾਹਨੂੰ ਐਵੇਂ ਹੀ ਉਚੀ-ਉਚੀ ਬੋਲੀ ਜਾਂਦਾ ਹੈਂ?''

ਕਹਿੰਦਾ, "ਮੈਂ ਤਾਂ ਬਾਰ੍ਹਾਂ ਸਾਲ ਬਰਬਾਦ ਕਰ ਲਏ। ਮੈਨੂੰ ਤਾਂ ਕੋਈ ਫਰਕ ਨਹੀਂ ਪਿਆ, ਮੈਂ ਤਾਂ ਓਹੋ-ਜਿਹਾ ਹੀ ਹਾਂ ਤੇ ਮੈਨੂੰ ਲਗਦਾ ਹੈ ਕਿ ਤੁਸੀਂ ਬਿਲਕੁਲ ਝੂਠੇ ਸੰਤ ਹੋ, ਤੁਹਾਡੇ ਵਿਚ ਕੋਈ ਅਸਰ ਨਹੀਂ ਹੈ। ਕੋਲ ਆ ਗਿਆ।

ਸੰਤ ਕਹਿਣ ਲੱਗੇ ਕਿ ਦੇਖ ਪਾਰਸ ਨੂੰ ਧਿਆਨ ਨਾਲ, ਇਸ ਦੇ ਉਪਰ ਤਾਂ ਨਹੀਂ ਕੁਝ ਚੜ੍ਹਿਆ ਹੋਇਆ? ਜਦੋਂ ਦੇਖਿਆ ਤਾਂ ਕਹਿਣ ਲੱਗਿਆ ਕਿ ਮਹਾਰਾਜ! ਇਕ ਪਤਲਾ ਜਿਹਾ ਕਾਗਜ਼ ਹੈ।

ਕਹਿੰਦੇ, "ਇਸ ਨੂੰ ਨਹੂੰਆਂ ਨਾਲ ਖੁਰਚ ਕੇ ਲਾਹ ਦੇ।'' ਉਸ ਨੇ ਖੁਰਚ ਕੇ ਲਾਹ ਦਿਤਾ। ਉਹ ਕਹਿੰਦੇ ਕਿ ਹੁਣ ਲਾ ਇਸ ਨੂੰ ਗਾਗਰ ਨਾਲ। ਜਿਸ ਵਕਤ ਲਾਇਆ ਤਾਂ ਗਾਗਰ ਸੋਨੇ ਦੀ ਬਣ ਗਈ।

(ਬਾਕੀ ਪੰਨਾ 37 ਤੇ)

ਪੰਨਾ 28 ਦੀ ਬਾਕੀ)

ਕਹਿੰਦਾ, ''ਪਾਰਸ ਤਾਂ ਤੁਹਾਡਾ ਠੀਕ ਹੈ ਪਰ ਮਹਾਰਾਜ! ਤੁਸੀਂ ਨਹੀਂ ਠੀਕ।''

ਕਹਿੰਦੇ, "ਪ੍ਰੇਮੀਆਂ! ਜਿਹੜੇ ਸਤਿਪੁਰਸ਼ਾਂ ਦੇ ਬਚਨ ਹੁੰਦੇ ਨੇ ਉਹ ਤਾਂ ਬਚਨ ਯਥਾਰਥ ਹੀ ਹੁੰਦੇ ਹਨ ਪਰ ਜਗਿਆਸੂਆਂ ਵਿਚ ਨੁਕਸ ਹੁੰਦਾ ਹੈ। ਤੇਰੇ ਉਤੇ ਪਰਦਾ ਚੜ੍ਹਿਆ ਹੋਇਆ ਹੈ ਹਉਮੈਂ ਦਾ, ਅਭਿਮਾਨ ਦਾ। ਤੂੰ ਸੇਵਾ ਜ਼ਰੂਰ ਕਰਦਾ ਹੈਂ, ਸੇਵਾ ਕਰਨ ਦਾ ਤੇਰੇ ਵਿਚ ਮਾਣ ਹੈ ਕਿ ਮੈਂ ਚੌਧਰੀ ਹਾਂ। ਲੋਕ ਮੇਰੇ ਵਾਕਫ ਨੇ, ਮੇਰੇ ਕਰਕੇ ਸੰਤਾਂ ਕੋਲ ਬਹੁਤ ਸੇਵਕ ਆਉਣ ਲੱਗ ਗਏ। ਜਦੋਂ ਤੱਕ ਇਹ ਮਾਣ ਹੈ ਓਨੀ ਦੇਰ ਤੱਕ ਨਹੀਂ ਕੁਝ ਬਣਦਾ।"

ਸੋ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ -

ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ॥
ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ॥
ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰ॥
ਅੰਗ - 1247

ਖਪ-ਖਪ ਕੇ ਖੁਆਰ ਹੁੰਦਾ ਹੈ, ਏਸ ਤਰ੍ਹਾਂ ਪੜ੍ਹ ਲਓ -

ਧਾਰਨਾ - ਜੇ ਤੂੰ ਫਲ ਸੇਵਾ ਦਾ ਲੈਣਾ,
ਸੇਵਾ ਕਰਕੇ ਮਾਣ ਨਾ ਕਰੀਂ - 2, 2.
ਸੇਵਾ ਥਾਇ ਨ ਪਵਈ ਤਿਸ ਕੀ
ਖਪਿ ਖਪਿ ਹੋਇ ਖੁਆਰ॥ ਅੰਗ - 1247

ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥ ਅੰਗ - 51

ਜਿਹੜਾ ਮਾਣ ਤੇ ਅਪਮਾਨ ਵਿਚ ਹੈ ਕਹਿੰਦੇ ਕਦੇ ਗੁੱਸੇ ਹੋ ਗਿਆ, ਕਦੇ ਰਾਜ਼ੀ ਹੋ ਗਿਆ, ਕਦੇ ਖੁਸ਼ ਹੋ ਗਿਆ। ਕਿਸੇ ਨੇ ਕੋਈ ਗੱਲ ਕਹਿ ਦਿਤੀ, ਉਦਾਸ ਹੋ ਗਿਆ। ਕਿਸੇ ਨੇ ਵਡਿਆਈ ਕਰ ਦਿਤੀ ਤਾਂ ਬੜਾ ਮਾਣ ਹੋ ਗਿਆ, ਕਹਿੰਦੇ ਉਹ ਸੇਵਕ ਨਹੀਂ ਹੋਇਆ ਕਰਦਾ -

ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ॥ਅੰਗ - 51

ਕਰੋੜਾਂ ਵਿਚ ਇਕ-ਅੱਧਾ ਸੇਵਕ ਹੋਇਆ ਕਰਦਾ ਹੈ ਬਾਕੀ ਤਾਂ ਸਾਰੀ ਦੁਨੀਆਂ ਵਿਹਾਰ ਦੀ ਹੁੰਦੀ ਹੈ। ਸੋ ਇਸ ਤਰ੍ਹਾਂ -

ਸੇਵਾ ਥਾਇ ਨ ਪਵਈ ਤਿਸ ਕੀ
ਖਪਿ ਖਪਿ ਹੋਇ ਖੁਆਰ॥ ਅੰਗ - 1247

ਸੇਵਾ ਤਾਂ ਕਰਦਾ ਹੈ ਪਰ ਮਾਣ ਨਹੀਂ ਛੱਡਦਾ ਸੇਵਾ ਦਾ ਕਹਿੰਦੇ, ਉਹ ਖਪ ਕੇ ਖੁਆਰ ਹੁੰਦਾ ਹੈ।

ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ॥
ਅੰਗ - 1247

ਏਸ ਤਰ੍ਹਾਂ ਮਹਾਰਾਜ ਜੀ ਫੁਰਮਾਨ ਕਰਦੇ ਨੇ -

ਧਾਰਨਾ - ਜੋ ਸਿਰ ਧਰੇ ਉਤਾਰ,
ਸੇਵਕ ਸੋਈ ਪਿਆਰਾ ਗੁਰਾਂ ਨੂੰ - 2, 2.

ਜੋ ਹੰਕਾਰ ਰੂਪੀ ਸਿਰ ਨੂੰ ਲਾਹ ਕੇ ਰੱਖ ਦੇਵੇ, ਉਹ ਗੁਰੂ ਨੂੰ ਪਿਆਰਾ ਹੋਇਆ ਕਰਦਾ ਹੈ।

ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ॥
ਅੰਗ - 1247

ਹਰ ਵਕਤ ਗੁਰੂ ਦੀ ਖੁਸ਼ੀ ਦੇ ਵਿਚ ਰਾਜ਼ੀ ਰਹੇ, ਜੋ ਕੁਝ ਚਾਹੁੰਦੇ ਨੇ ਉਸੇ ਤਰ੍ਹਾਂ ਨਾਲ ਕਰੇ ਤੇ ਸ਼ਬਦ ਹਿਰਦੇ ਵਿਚ ਧਾਰਨ ਕਰਕੇ ਰੱਖੇ।

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥
ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥
ਅੰਗ - 314

ਸਾਰੇ ਪਾਪਾਂ ਦਾ ਖਾਤਮਾ ਉਸੇ ਵੇਲੇ ਹੋ ਜਾਂਦਾ ਹੈ ਜਦੋਂ ਗੁਰੂ ਦਾ ਮਨ ਮੰਨ ਗਿਆ। ਸੋ ਇਸ ਤਰ੍ਹਾਂ ਦੇ ਨਾਲ ਸੇਵਾ ਦੀ ਵਿਧੀ ਹੈ। ਅਭਿਮਾਨ ਰਹਿਤ ਹੋ ਕੇ ਸੇਵਾ ਕਰਨੀ। ਜਿਸ ਨੇ ਵੀ ਕੀਤੀ ਹੈ ਓਹੀ ਪਰਵਾਣ ਪਿਆ ਹੈ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜਦੋਂ ਤਰਨ-ਤਾਰਨ ਦੀਆਂ ਬਾਹੀਆਂ ਪੱਕੀਆਂ ਕਰ ਰਹੇ ਨੇ ਤਾਂ ਬਹੁਤ ਸਾਰੇ ਆਵੇ ਲਾਏ ਹੋਏ ਨੇ ਤਾਂ ਮਹਾਰਾਜ ਜੀ ਦਾ ਇਕ ਸੇਵਕ ਜਿਹੜਾ ਅਜੇ ਤੱਕ ਵੀ ਗੁਰਸਿੱਖੀ ਵਿਚ ਨਹੀਂ ਆਇਆ। ਆਪ ਨੇ ਦੇਖਿਆ ਕਿ ਰੂਹ ਤਾਂ ਬਹੁਤ ਉਚੀ ਆਈ ਹੋਈ ਹੈ ਪਰ ਅਜੇ ਭਟਕੀ ਹੋਈ ਹੈ। ਉਸ ਵੇਲੇ ਇਕ ਗੁਰਸਿੱਖ ਨੂੰ ਭੇਜਿਆ ਕਿ ਫਫੜਾ ਪਿੰਡ ਹੈ, ਮਾਨਸਾ ਦੇ ਕੋਲ, ਉਥੇ ਜਾਓ, ਉਥੇ ਬਹਿਲੋ ਨਾਮ ਦਾ ਇਕ ਸਰਵਰੀਆ ਰਹਿੰਦਾ ਹੈ। ਉਸ ਨੂੰ ਇਹ ਗੱਲ ਕਹਿਓ ਕਿ ਤੁਹਾਨੂੰ ਗੁਰੂ ਮਹਾਰਾਜ ਜੀ ਨੇ ਬੁਲਾਇਆ ਹੈ ਕਿਉਂਕਿ ਤੁਹਾਡਾ ਤੇ ਉਨ੍ਹਾਂ ਦਾ ਪਿਛਲੇ ਜਨਮ ਦਾ ਵੀ ਸਬੰਧ ਹੈ ਤੇ ਉਹ ਤੁਹਾਨੂੰ ਚੰਗੀ ਤਰ੍ਹਾਂ ਜਾਣਦੇ ਨੇ। ਸੋ ਗੁਰਸਿੱਖ ਚਲਿਆ ਗਿਆ ਤੇ ਜਾ ਕੇ ਸੁਨੇਹਾ ਦਿਤਾ। ਉਹ ਕਹਿੰਦਾ ਕਿ ਦੇਖ ਪ੍ਰੇਮੀਆ! ਅਸੀਂ ਤਾਂ ਹਾਂ ਸਰਵਰੀਏ, ਸਰਵਰ ਪੀਰ ਨੂੰ ਮੰਨਦੇ ਹਾਂ ਅਸੀਂ ਨਿਗਾਹੇ ਵਾਲੇ ਨੂੰ। ਸਾਡਾ ਤੇ ਗੁਰੂ ਦਾ ਤਾਂ ਕੋਈ ਤੁਅੱਲਕ ਹੀ ਨਹੀਂ ਹੈ। ਗੁਰੂ ਨੂੰ ਭੁਲੇਖਾ ਲੱਗ ਗਿਆ, ਮੈਂ ਨਹੀਂ ਜਾਣਾ। ਗੁਰਸਿੱਖ ਵਾਪਸ ਅੰਮ੍ਰਿਤਸਰ ਆ ਗਿਆ। ਦੂਸਰੀ ਵਾਰ ਮਹਾਰਾਜ ਜੀ ਨੇ ਫੇਰ ਭੇਜਿਆ। ਫੇਰ ਏਹੀ ਸੰਦੇਸਾ ਦਿਤਾ ਕਿ ਬਹਿਲੋ ਤੈਨੂੰ ਚੰਗੀ ਤਰ੍ਹਾਂ ਗੁਰੂ ਮਹਾਰਾਜ ਜੀ ਜਾਣਦੇ ਨੇ, ਤੇਰਾ ਜਨਮਾਂ-ਜਨਮਾਂ ਦਾ ਸਬੰਧ ਹੈ ਗੁਰੂ ਘਰ ਨਾਲ, ਤੂੰ ਭਟਕ ਗਿਆ ਹੈਂ।

ਉਹ ਕਹਿੰਦਾ, "ਨਾ ਭਾਈ! ਮੈਂ ਹਾਂ ਇਲਾਕੇ ਦਾ ਚੌਧਰੀ, ਮੁਖੀ ਹਾਂ ਸਰਵਰੀਆ ਦਾ, ਸੰਗ ਲੈ ਕੇ ਮੈਂ ਜਾਂਦਾ ਹਾਂ ਤੇ ਮੈਂ ਤਾਂ ਨਹੀਂ ਗੁਰੂ ਦੇ ਕੋਲ ਜਾਣਾ।"

ਮਹਾਰਾਜ ਜੀ ਨੇ ਫੇਰ ਕ੍ਰਿਪਾ ਕੀਤੀ। ਤੀਸਰੀ ਵਾਰੀ ਫੇਰ ਭੇਜਿਆ ਕਿ ਉਸ ਨੂੰ ਕਹੋ ਕਿ ਇਕ ਵਾਰੀ ਜ਼ਰੂਰ ਸਾਨੂੰ ਮਿਲ ਲਵੇ। ਸੋ ਉਹ ਕਹਿਣ ਲੱਗਿਆ ਕਿ ਚੰਗਾ! ਮੈਂ ਚਲਦਾ ਹਾਂ, ਮੈਂ ਤਾਂ ਜਾਣਦਾ ਨਹੀਂ। ਹੋ ਸਕਦਾ ਹੈ ਮੈਨੂੰ ਕਿਤੇ ਉਹ ਜਾਣਦੇ ਹੋਣ ਪਰ ਗੱਲ ਐਨੀ ਹੈ ਮੈਂ ਸਤਲੁਜ ਲੰਘਣਾ ਹੈ। ਜੇ ਤਾਂ ਮੇਰਾ ਪੀਰ ਆ ਗਿਆ ਫੇਰ ਤਾਂ ਨਹੀਂ ਮੈਂ ਜਾਣਾ ਗੁਰੂ ਕੋਲ, ਜੇ ਨਾ ਆਇਆ, ਫੇਰ ਮੈਂ ਚਲਾਂਗਾ। ਸੋ ਆਪਣੀ ਵਰਦੀ ਪਾ ਕੇ ਤੁਰ ਪਿਆ। ਜਦੋਂ ਸਤਲੁਜ ਵਿਚ ਦੀ ਲੰਘਣ ਲੱਗਿਆ ਤਾਂ ਕਹਿਣ ਲੱਗਿਆ ਕਿ ਪੀਰ ਜੀ! ਮੈਂ ਹੁਣ ਸਿੱਖਾਂ ਦੇ ਗੁਰੂ ਕੋਲ ਜਾ ਰਿਹਾ ਹਾਂ। ਜੇ ਤਾਂ ਤੇਰੇ ਵਿਚ ਹੈ ਤਾਕਤ ਤਾਂ ਸਤਲੁਜ ਦੇ ਅੱਧ ਤੱਕ ਮੈਨੂੰ ਰੋਕ ਦੇ ਜਾਂ ਬੇੜੀ ਘੁਮਾ ਜਾਂ ਕੋਈ ਕੌਤਕ ਦਿਖਾ। ਜੇ ਕੁਝ ਨਾ ਕੀਤਾ ਤੇ ਮੈਂ ਅੱਧ ਲੰਘ ਗਿਆ ਤਾਂ ਤੇਰੀ ਆਹ ਵਰਦੀ ਚਮੜੇ ਦੀ ਜਾਕਟ ਤੇ ਆਹ ਲੋਹਾ ਜਿਹੜਾ ਮੈਂ ਚੁਕਿਆ ਹੋਇਆ ਹੈ, ਇਹ ਮੈਂ ਸੁੱਟ ਦੇਣਾ ਹੈ ਦਰਿਆ ਵਿਚ। ਅੱਧ ਤੱਕ ਉਡੀਕੀ ਗਿਆ, ਅਵਾਜ਼ਾਂ ਮਾਰੀ ਗਿਆ ਉਸ ਨੂੰ। ਲੈ ਪੀਰ ਜੀ! ਮੈਂ ਅੱਧ ਲੰਘ ਚੱਲਿਆ, ਜੇ ਮੋੜਨਾ ਹੈ ਤਾਂ ਮੋੜ ਲੈ ਨਹੀਂ ਮੈਂ ਗਿਆ ਗੁਰੂ ਕੇ। ਉਸ ਵੇਲੇ ਜਦੋਂ ਕੁਝ ਨਾ ਹੋਇਆ ਤਾਂ ਉਸ ਨੇ ਜਾਕਟ ਤੇ ਉਹ ਲੋਹਾ ਚੁੱਕ ਕੇ ਦਰਿਆ ਵਿਚ ਮਾਰੇ। ਕਹਿਣ ਲੱਗਿਆ ਕਿ ਚੱਲ ਭਾਈ! ਹੁਣ ਤਾਂ ਆਪਾਂ ਗੁਰੂ ਕੇ ਹੀ ਹੋ ਗਏ। ਗੁਰੂ ਮਹਾਰਾਜ ਜੀ ਕੋਲ ਆ ਗਿਆ। ਮਹਾਰਾਜ ਜੀ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ; ਸਿੱਖੀ ਸਮਝ ਗਿਆ, ਸੇਵਾ ਵਿਚ ਲੱਗ ਗਿਆ। ਆਵੇ ਬਣ ਰਹੇ ਸੀ ਤਾਂ ਉਸ ਨੂੰ ਕਿਤੋਂ ਪਤਾ ਲੱਗਿਆ ਕਿ ਬਹੁਤ ਪੱਕੀ ਇੱਟ ਕਿਸ ਤਰੀਕੇ ਨਾਲ ਬਣ ਸਕਦੀ ਹੈ। ਕਿਸੇ ਨੇ ਦੱਸਿਆ ਕਿ ਜੇ ਵਿਸ਼ਟਾ ਪਵੇ ਆਵੇ ਵਿਚ ਤਾਂ ਉਸ ਦੇ ਨਾਲ ਇੱਟ ਬਹੁਤ ਵਧੀਆ ਬਣਦੀ ਹੈ। ਕਿਸੇ ਨੂੰ ਨਹੀਂ ਦੱਸਿਆ, ਕਿਸੇ ਦੀ ਨਹੀਂ ਸਲਾਹ ਲਈ। ਟੋਕਰੇ ਦੇ ਵਿਚ ਬੋਰੀਆਂ ਲਾ ਲਈਆਂ ਤੇ ਉਸੇ ਵੇਲੇ ਸਵੇਰੇ ਹੀ ਲੱਗ ਜਾਇਆ ਕਰੇ, ਸਾਮ ਤੱਕ ਲੱਭੀ ਜਾਇਆ ਕਰੇ, ਲਿਆ ਕੇ ਵਿਚ ਪਾ ਦਿਆ ਕਰੇ। ਜਦੋਂ ਆਵੇ ਖੁਲ੍ਹੇ ਤਾਂ ਗੁਰੂ ਮਹਾਰਾਜ ਜੀ ਦੇ ਇੱਟਾਂ ਪੇਸ਼ ਹੋਈਆਂ। ਮਹਾਰਾਜ ਜੀ ਇੱਟਾਂ ਖੜਕਾ ਕੇ ਦੇਖਦੇ ਹਨ ਕਿ ਇਹ ਫਲਾਣੇ ਆਵੇ ਦੀ ਹੈ, ਆਹ ਫਲਾਣੇ ਆਵੇ ਦੀ ਹੈ। ਜਦੋਂ ਭਾਈ ਬਹਿਲੋ ਦੀ ਵਾਰੀ ਆਈ ਤੇ ਜਦੋਂ ਇੱਟ ਖੜਕਾਈ ਤਾਂ ਟੱਲੀ ਵਾਂਗ ਬੋਲਦੀ ਹੈ।

ਮਹਾਰਾਜ ਜੀ ਕਹਿੰਦੇ, "ਪ੍ਰੇਮੀਓ! ਇਹ ਕਿਸ ਦੀ ਇੱਟ ਹੈ, ਇਹ ਕਿਸ ਦਾ ਆਵਾ ਹੈ?"

ਕਹਿੰਦੇ, "ਮਹਾਰਾਜ! ਇਹ ਭਾਈ ਬਹਿਲੋ ਦਾ ਆਵਾ ਹੈ।"

ਮਹਾਰਾਜ ਜੀ ਕਹਿੰਦੇ, "ਉਸ ਨੇ ਕਿਵੇਂ ਐਨੀ ਪਕਾ ਲਈ?"

ਕਹਿੰਦਾ, "ਸੱਚੇ ਪਾਤਸ਼ਾਹ! ਕੀ ਦੱਸੀਏ? ਉਹ ਤਾਂ ਨਿਰਵਾਣ ਸੇਵਕ ਹੈ। ਨਾ ਉਸਨੂੰ ਰੋਟੀ ਖਾਣ ਦਾ ਪਤਾ ਹੈ, ਨਾ ਪਾਣੀ ਪੀਣ ਦਾ, ਨਾ ਆਰਾਮ ਦਾ ਪਤਾ ਹੈ। ਉਸ ਨੂੰ ਤਾਂ ਇਕੋ ਲਗਨ ਲੱਗੀ ਹੋਈ ਹੈ ਕਿ ਮੇਰਾ ਆਵਾ ਐਨਾ ਸੋਹਣਾ ਪੱਕੇ ਕਿ ਮੇਰੇ ਤੇ ਗੁਰੂ ਮਹਾਰਾਜ ਜੀ ਪ੍ਰਸੰਨ ਹੋ ਜਾਣ।"

ਸੋ ਮਹਾਰਾਜ ਜੀ ਆਪ ਉਠ ਕੇ ਚਲੇ ਗਏ। ਜਦੋਂ ਉਥੇ ਪਹੁੰਚੇ ਤਾਂ ਟੋਕਰਾ ਚੁੱਕਿਆ ਹੋਇਆ ਹੈ, ਝਾੜੂ ਹੱਥ ਵਿਚ ਹੈ, ਸਾਰੀ ਕਿਰਿਆ ਦੇਖ ਲਈ। ਮਹਾਰਾਜ ਜੀ ਬੜੇ ਪ੍ਰਸੰਨ ਹੋਏ ਕਿ ਇਸ ਗੁਰਸਿੱਖ ਨੇ ਆਪਣਾ ਆਪਾ ਮਾਰ ਦਿਤਾ। ਉਸੇ ਵੇਲੇ ਕਿਹਾ ਕਿ ਸਾਡੇ ਕੋਲ ਲਿਆਓ ਏਸ ਨੂੰ ਇਸ਼ਨਾਨ ਕਰਾ ਕੇ। ਜਦੋਂ ਇਸ਼ਨਾਨ ਕਰਕੇ ਮਹਾਰਾਜ ਜੀ ਦੀ ਹਜ਼ੂਰੀ ਪਹੁੰਚਿਆ ਤਾਂ ਮਹਾਰਾਜ ਜੀ ਨੇ ਉਠ ਕੇ ਬੁੱਕਲ ਵਿਚ ਲੈ ਲਿਆ। ਕਹਿੰਦੇ, "ਗੁਰਸਿੱਖਾ! ਨਿਹਾਲ, ਨਿਹਾਲ, ਨਿਹਾਲ। ਭਾਈ ਬਹਿਲੋ, ਸਭ ਤੋਂ ਪਹਿਲੋ।"

ਸਾਰਿਆਂ ਤੋਂ ਪਹਿਲਾ ਦਰਜਾ ਦੇ ਦਿਤਾ। ਸੋ ਸੇਵਾ ਪ੍ਰਵਾਨ ਹੋ ਜਾਂਦੀ ਹੈ। ਬਾਕੀ ਜਿਹੜੇ ਸੇਵਾਦਾਰ ਨੇ ਬੇਅੰਤ ਸੇਵਾਦਾਰ ਤੁਹਾਨੂੰ ਮਿਲਣਗੇ ਪਰ ਸਾਰੇ ਸੇਵਾਦਾਰ ਨਹੀਂ ਹੁੰਦੇ।

ਧਾਰਨਾ - ਗੱਲਾਂ ਵਾਲੇ ਹੈਨ ਘਨੇਰੇ,
ਚਾਕਰ ਕੋਈ-ਕੋਈ ਹੈ -2, 2
ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥
ਅੰਗ - 474

ਗੱਲਾਂ ਵਾਲੇ ਕਿ ਮੈਂ ਆਹ ਕਰਿਆ, ਮੈਂ ਉਹ ਗੁਰਦੁਆਰਾ ਬਣਾਇਆ, ਮੈਂ ਫਲਾਣੇ ਥਾਂ ਸੇਵਾ ਕਰੀ। ਆਪਣੀ ਸੇਵਾ ਨੂੰ ਹੀ ਨਸ਼ਰ ਕਰਦੇ ਰਹਿਣਾ। ਮਹਾਰਾਜ ਜੀ ਕਹਿੰਦੇ –

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥
ਅੰਗ - 495

ਬਾਕੀ ਤਾਂ ਵਿਉਹਾਰ ਵਾਸਤੇ ਤੁਰਦੇ ਨੇ ਕਿ ਮੈਂ ਸੇਵਾ ਕਰਾਂ ਤਾਂ ਰਾਜ਼ੀ ਹੋ ਜਾਵਾਂ। ਸੱਚੇ ਪਾਤਸ਼ਾਹ! ਮੈਂ ਸਵਾ ਮਹੀਨਾ ਸਾਲ ਸੇਵਾ ਕਰਾਂਗਾ! ਮੇਰਾ ਆਹ ਦੁੱਖ ਠੀਕ ਹੋ ਜਾਵੇ, ਆਹ ਮੇਰੀ ਔਕੜ ਦੂਰ ਹੋ ਜਾਵੇ। ਇਹ ਤਾਂ ਸੌਦੇਬਾਜ਼ੀ ਕਰਦੇ ਨੇ, ਸੋ ਇਸ ਤਰ੍ਹਾਂ ਦੇ ਨਾਲ ਕੋਈ ਵਿਰਲਾ-ਵਿਰਲਾ ਸੇਵਕ ਹੋਇਆ ਕਰਦਾ ਹੈ।

ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੀ ਇੰਗਲੈਂਡ ਫੇਰੀ ਸਮੇਂ 14-2-97 ਨੂੰ ਸ. ਸੁਖਜਿੰਦਰ ਸਿੰਘ ਖਹਿਰਾ ਵਾਲਸਲ (K.T.C.E. 011) ਇੰਗਲੈਂਡ ਵਾਲਿਆਂ ਦੇ ਘਰ ਪੰਜਾਬੀ ਪਤ੍ਰਿਕਾ ਆਵਾਜ਼-ਏ-ਕੌਮ ਦੇ ਐਡੀਟਰ ਸਾਹਿਬਾਨ ਵਲੋਂ ਲਈ ਗਈ ਇੰਟਰਵਿਊ ਦਾ ਵੇਰਵਾ

ਪ੍ਰਸ਼ਨ – ਬਾਬਾ ਜੀ! ਆਪਣੇ ਜੀਵਨ ਬਾਰੇ ਕੁਝ ਜਾਣਕਾਰੀ ਦਿਓ ਅਤੇ ਇਹ ਵੀ ਦੱਸਣ ਦੀ ਕ੍ਰਿਪਾਲਤਾ ਕਰੋ ਕਿ ਖੇਤੀਬਾੜੀ ਕਰਦਿਆਂ ਅਧਿਆਤਮਕ ਲਗਨ ਕਿਵੇਂ ਅਤੇ ਕਦੋਂ ਲੱਗੀ? ਕਿੰਨਾਂ ਮਹਾਂਪੁਰਸ਼ਾਂ ਨੇ ਆਪ ਨੂੰ ਪਾਦ ਸੇਵਾ ਬਖਸ਼ ਕੇ ਕ੍ਰਿਤਾਰਥ ਕੀਤਾ?

ਉਤਰ ਬਾਬਾ ਜੀ – ਜਿਥੋਂ ਤੱਕ ਛੋਹ ਦਾ ਖਿਆਲ ਹੈ, ਲਗਨ ਕਿਥੋਂ ਲੱਗੀ? ਬਚਪਨ ਤੋਂ ਹੀ ਮੇਰੇ ਮਨ ਅੰਦਰ ਰੂਹਾਨੀ ਝੁਕਾਉ ਸੀ। ਕਈ ਐਸੀਆਂ ਕਥਾਵਾਂ ਨੇ ਛੋਟੀਆਂ-ਛੋਟੀਆਂ ਜਿਨ੍ਹਾਂ ਤੋਂ ਵੱਡੀ ਗੱਲ ਦਾ ਪਤਾ ਲਗ ਜਾਂਦਾ ਹੈ। ਤਿੰਨ ਸਾਲ ਦਾ ਸੀ ਮੈਂ, ਅੰਮ੍ਰਿਤ ਛਕਿਆ ਹੋਇਆ ਸੀ, ਖੇਲ੍ਹਦਾ ਸੀ, ਕ੍ਰਿਪਾਨ ਕੱਢੀ ਹੋਈ ਸੀ, ਮਿਆਨ ਟੁੱਟ ਗਿਆ। ਘਰਵਾਲਿਆਂ ਨੇ ਕਿਰਪਾਨ ਮੇਰੇ ਗਲ 'ਚੋਂ ਲਾਹ ਲਈ। ਮੇਰੇ ਦਿਲ ਵਿਚ ਹੋ ਗਿਆ ਕਿ ਮੇਰੀ ਕਿਰਪਾਨ ਲੈ ਲਈ, ਮੈਂ ਪ੍ਰਸ਼ਾਦਾ ਨਹੀਂ ਛਕਣਾ। ਬਹੁਤ ਜ਼ਿਆਦਾ ਜਦੋਂ ਘਰਦਿਆਂ ਨੇ ਦੇਖਿਆ ਕਿ ਇਹ ਤਾਂ ਹਟਦਾ ਨਹੀਂ ਹੈ ਤਾਂ ਉਸ ਵੇਲੇ ਉਨ੍ਹਾਂ ਨੇ ਹੋਰ ਕਿਰਪਾਨ ਲਿਆ ਕੇ ਮੇਰੇ ਗਲ ਵਿਚ ਪਾਈ ਤੇ ਫੇਰ ਮੈਂ ਪ੍ਰਸ਼ਾਦਾ ਛਕਿਆ।

ਸਕੂਲ ਦੇ ਵਿਚ ਦੂਸਰੀ ਜਮਾਤ ਦੇ ਵਿਚ ਪੜ੍ਹਦਾ ਸੀ, ਮਾਸਟਰ ਡਿਕਟੇਸ਼ਨ ਦੇ ਰਿਹਾ ਸੀ, ਉਹਦੇ ਵਿਚ ਤਮਾਕੂ ਦਾ ਅੱਖਰ ਆ ਗਿਆ। ਉਹ ਮੈਂ ਖਾਲੀ ਛੱਡ ਦਿਤਾ। ਜਦੋਂ ਮਾਸਟਰ ਜੀ ਨੇ ਕਾਪੀਆਂ ਦੇਖੀਆਂ ਤਾਂ ਉਸ ਵੇਲੇ ਉਸ ਨੇ ਕਿਹਾ ਕਿ ਇਹ ਕਿਹੜਾ ਅੱਖਰ ਖਾਲੀ ਛੱਡਿਆ ਹੈ? ਸੋ ਮੈਂ ਉਸ ਵੇਲੇ ਨਾਮ ਨਾ ਲਿਆ ਕਿਉਂਕਿ ਸਾਡੇ ਜੋ ਸੰਸਕਾਰ ਬਣ ਚੁੱਕੇ ਸੀ ਉਹ ਇਹ ਸੀ ਕਿ ਤਮਾਕੂ ਦਾ ਨਾਮ ਲੈਂਦੇ ਹੀ ਮੂੰਹ ਜੂਠਾ ਹੋ ਜਾਂਦਾ ਹੈ ਤੇ ਪਾਪ ਲਗਦਾ ਹੈ ਤੇ ਮੈਂ ਕਥਾ ਵੀ ਸੁਣੀ ਸੀ ਸੰਤਾਂ ਦੇ ਡੇਰੇ ਹਿੰਦੂ ਸੰਤਾਂ ਦੇ, ਉਹ ਕਹਿੰਦੇ ਸੀ ਕਿ ਗਾਇਤ੍ਰੀ ਦਾ ਪਾਠ ਕਰਨਾ ਪੈਂਦਾ ਹੈ, ਜੇ ਤਮਾਕੂ ਦਾ ਨਾਮ ਲਓ। ਜਦੋਂ ਮੈਂ ਨਾ ਦੱਸਿਆ ਤਾਂ ਉਹਨੇ ਬਾਰ-ਬਾਰ ਪੁੱਛਣ ਤੋਂ ਬਾਅਦ ਮੇਰੇ ਗੋਹਲਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ। ਮੁੰਡਿਆਂ ਨੇ ਕਿਹਾ ਮਾਸਟਰ ਜੀ, ਚਾਹੇ ਤੁਸੀਂ ਇਹਨੂੰ ਕਿੰਨਾ ਹੀ ਮਾਰ ਲਓ, ਇਹਨੇ ਨਾ ਤਮਾਕੂ ਲਿਖਣਾ ਹੈ, ਨਾ ਤਮਾਕੂ ਦਾ ਨਾਉ ਲੈਣਾ ਹੈ। ਸੋ ਐਸੇ ਜਿਹੜੇ ਖਿਆਲ ਸੀ ਉਹ ਪਿਛਲੇ ਜਨਮਾਂ ਦੇ ਸੰਸਕਾਰ ਸੀ। ਬਚਪਨ ਵਿਚ ਹੀ ਮੈਂ ਗੁਰਦਵਾਰੇ ਜਾਣ ਲਗ ਗਿਆ। ਬਾਪੂ ਜੀ ਸਾਡੇ ਜਥੇਦਾਰ ਸੀ ਗੁਰਦੁਆਰੇ ਦੇ, ਬਾਣੀ ਪੜ੍ਹਦੇ ਸੀ, ਘਰ ਵਿਚ ਸਾਰੇ ਬਾਣੀ ਪੜ੍ਹਦੇ ਸੀ। ਤਾਂ ਉਸ ਵੇਲੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਬੋਲਬਾਲਾ ਸੀ। ਜਦੋਂ ਮੈਂ ਥੋੜ੍ਹਾ ਜਿਹਾ ਵੱਡਾ ਹੋਇਆ ਤਾਂ ਉਸ ਵੇਲੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਬਾਰੇ, ਜੇਲ੍ਹ ਵਿਚ ਉਹ ਭੁੱਖੇ ਨੇ, ਕਿੰਨੇ ਦਿਨ ਦੀ ਉਨ੍ਹਾਂ ਨੇ ਭੁੱਖ ਹੜਤਾਲ ਕਰੀ ਹੋਈ ਹੈ। ਉਨ੍ਹਾਂ ਨੂੰ ਕਿੰਨੇ ਤਸੀਹੇ ਦਿਤੇ ਜਾਂਦੇ ਨੇ. ਉਹ ਅਸਰ ਇਹ ਹੁੰਦਾ ਸੀ ਕਿ ਅਸੀਂ ਜ਼ਮੀਨ ਤੇ ਪੈਣਾ ਸ਼ੁਰੂ ਕਰ ਦੇਣਾ, ਕੋਠਿਆਂ ਦੇ ਉਤੇ ਮੰਜੇ ਡਾਹੇ ਹੁੰਦੇ, ਮੰਜਿਆਂ ਤੋਂ ਉਤਰ ਕੇ ਹੇਠਾਂ ਕੱਪੜਾ ਵਿਛਾ ਕੇ ਥੱਲੇ ਪਏ ਰਹਿਣਾ। ਜੇ ਘਰਦਿਆਂ ਨੇ ਕਹਿਣਾ ਕਿ ਤੂੰ ਭੁੰਜੇ ਕਿਉਂ ਪਿਆ ਹੈਂ? ਮੈਂ ਕਹਿਣਾ ਕਿ ਉਹ ਜੇਲ੍ਹ ਦੇ ਵਿਚ ਭੁੰਜੇ ਸੌਂਦੇ ਨੇ। ਸੋ ਇਸ ਤਰ੍ਹਾਂ ਦਾ ਵਾਤਾਵਰਣ ਸੀ ਚਾਰੋਂ ਪਾਸੇ ਦਾ। ਜਦੋਂ ਭਾਈ ਰਣਧੀਰ ਸਿੰਘ ਜੀ ਆਏ ਮੈਂ ਉਨ੍ਹਾਂ ਕੋਲ ਗਿਆ, ਉਸ ਵੇਲੇ ਮੈਂ ਚੌਥੀ ਜਮਾਤ ਵਿਚ ਪੜ੍ਹਦਾ ਸੀ। ਬੜਾ ਪਿਆਰ ਕਰਿਆ ਉਨ੍ਹਾਂ ਨੇ। ਹੁੰਦੇ ਹੁੰਦੇ ਅਖੀਰ ਕਿਉਂਕਿ ਰੁਖ ਇਧਰ ਸੀ, ਸਾਧੂ ਸੰਤਾਂ ਮਹਾਂਪੁਰਸ਼ਾਂ ਦੇ ਦਰਸ਼ਨ ਕਰਨੇ। ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਕੋਲ ਮੈਨੂੰ ਮੇਰੇ ਮਾਤਾ ਜੀ ਲੈ ਗਏ। ਜਦੋਂ ਮੈਂ ਉਨ੍ਹਾਂ ਦੇ ਜਾ ਕੇ ਦਰਸ਼ਨ ਕੀਤੇ ਤਾਂ ਮਹਾਂਪੁਰਸ਼ਾਂ ਨੇ ਪੁਛਿਆ ਕਿ ਤੂੰ ਕੌਣ ਹੈਂ? ਤਾਂ ਇਹਦਾ ਸਿੱਧਾ-ਸਾਧਾ ਜਵਾਬ ਸੀ ਕਿ ਮੈਂ ਨਾਉਂ ਲੈ ਦਿੰਦਾ ਕਿ ਮੈਂ ਵਰਿਆਮ ਸਿੰਘ ਹਾਂ। ਪਰ ਮੇਰੇ ਅੰਦਰ ਇਕ ਅਜੀਬ ਜਾਗ੍ਰਤ ਆ ਗਈ, ਤਿੰਨ ਮਿੰਟ ਮੈਂ ਇਸ ਗੱਲ ਦਾ ਜਵਾਬ ਨਾ ਦਿਤਾ। ਮਹਾਂਪੁਰਸ਼ਾਂ ਨੇ ਤਿੰਨ ਵਾਰ ਮੈਨੂੰ ਪੁਛਿਆ। ਸੰਗਤ ਜੋ ਬੈਠੀ ਸਾਰੀ ਹੱਸ ਪਈ। ਜਦੋਂ ਉਨ੍ਹਾਂ ਨੇ ਤੀਸਰੀ ਵਾਰ ਪੁਛਿਆ, ਤਾਂ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਨੂੰ ਦੱਸਣਾ ਨਹੀਂ ਆਉਂਦਾ ਕਿ ਮੈਂ ਕੌਣ ਹਾਂ। ਸਾਰੀ ਸੰਗਤ ਫੇਰ ਹੱਸ ਪਈ। ਮਹਾਰਾਜ ਨੇ ਕਿਹਾ ਕਿ ਕਿਵੇਂ ਨਹੀਂ ਦੱਸਣਾ ਆਉਂਦਾ? ਮੈਂ ਕਿਹਾ ਮਹਾਰਾਜ! ਪਹਿਲਾਂ ਤਾਂ ਮੈਂ ਸਰੀਰ ਦਾ ਨਾਉਂ ਦੱਸਣ ਲੱਗਿਆ ਸੀ ਕਿ ਐਨੇ ਸਾਲ ਮੇਰਾ ਨਾਉਂ ਆਹ ਰਿਹਾ ਤੇ ਫੇਰ ਅੰਮ੍ਰਿਤ ਛੱਕ ਕੇ ਮੇਰਾ ਨਾਉਂ ਇਹ ਹੋ ਗਿਆ। ਫੇਰ ਮੇਰੇ ਧਿਆਨ ਵਿਚ ਆਇਆ ਕਿਉਂਕਿ ਇਸੇ ਘਰ ਵਿਚ ਮੇਰਾ ਪਹਿਲਾਂ ਜਨਮ ਸੀ। ਉਹ ਚੀਜ਼ਾਂ ਸਭ ਲਕੋ ਕੇ ਰੱਖੀਆਂ ਹੋਈਆਂ ਸੀ ਤੇ ਉਹ ਮੈਂ ਆਪਣੀਆਂ ਸਾਰੀਆਂ ਚੁੱਕ

ਲਈਆਂ ਤੇ ਦੂਜਿਆਂ ਦੀਆਂ ਛੱਡ ਦਿਤੀਆਂ। ਘਰ ਦੇ ਮੈਨੂੰ ਇਹ ਦੱਸਦੇ ਸੀ ਕਿ ਜਿਸ ਵਕਤ ਤੇਰਾ ਪਹਿਲਾ ਜਨਮ ਸੀ ਤੂੰ ਕਹਿ ਕੇ ਗਿਆ ਸੀ, ਮੇਰੀਆਂ ਚੀਜ਼ਾਂ ਨਾ ਖਰਾਬ ਕਰਿਓ, ਮੈਂ ਆ ਜਾਣਾ ਹੈ। ਉਹਦਾ ਨਾਉਂ ਹਰਨਾਮ ਸਿੰਘ ਸੀ।

ਸੋ ਉਸ ਵਕਤ ਮੇਰੀ ਸੁਰਤ ਐਉਂ ਗਈ ਕਿ ਉਸ ਤੋਂ ਪਹਿਲਾਂ-ਉਸ ਤੋਂ ਪਹਿਲਾਂ-ਉਸ ਤੋਂ ਪਹਿਲਾਂ ਅਖੀਰ ਮੈਂ ਜਿਵੇਂ ਇਕ ਭਉਣੀ ਨੂੰ ਲੱਜ ਲਪੇਟੀ ਹੋਵੇ ਤੇ ਛੱਡ ਦੇਈਏ ਤੇ ਖੂਹ ਹੋਵੇ ਬਹੁਤ ਗਹਿਰਾ ਤੇ ਅਖੀਰ ਦੇ ਉਤੇ ਡੋਲ ਪਾਣੀ 'ਚ ਗਿਰ ਗਿਆ, ਉਸ ਵੇਲੇ ਅਖੀਰ ਦੇ ਉਤੇ ਆ ਕੇ ਗੰਢ ਖੜ੍ਹੀ ਹੋ ਜਾਂਦੀ ਹੈ। ਤਾਂ ਮੇਰੇ ਧਿਆਨ ਵਿਚ ਆਇਆ ਕਿ ਮੇਰਾ ਵਜੂਦ ਅਨਾਦੀ ਨਹੀਂ ਹੈ, ਕਦੇ ਨਾ ਕਦੇ ਮੇਰਾ ਵਜੂਦ ਕਾਇਮ ਹੋਇਆ। ਮੈਂ ਕਿਹਾ ਮਹਾਰਾਜ ਮੈਂ ਜਿਹੜਾ ਪਹਿਲੇ ਦਿਨ ਕਾਇਮ ਹੋਇਆ ਮੈਂ ਉਹ ਹਾਂ। ਐਨੀ ਗੱਲ ਸੁਣਦੇ ਹੀ ਮਹਾਂਪੁਰਸ਼ਾਂ ਨੇ ਨੇਤਰ ਬੰਦ ਕਰ ਲਏ। 45 ਮਿੰਟ ਬੈਠੇ ਰਹੇ, ਮੈਂ ਵੀ ਬੈਠਾ ਰਿਹਾ, ਸੰਗਤ ਵੀ ਬੈਠੀ ਰਹੀ। ਉਸ ਤੋਂ ਬਾਅਦ ਉਨ੍ਹਾਂ ਨੇ ਬਚਨ ਕਰਿਆ ਕਿ ਅੱਖਾਂ ਖੋਲ੍ਹ। ਸਕੂਲ ਤੋਂ ਮੈਂ ਪੜ੍ਹ ਕੇ ਹਟਿਆ ਸੀ, 17 ਸਾਲ ਦੀ ਮੇਰੀ ਉਮਰ ਸੀ। ਖੇਤੀਬਾੜੀ ਕਿਉਂਕਿ ਸਾਡਾ ਪੇਸ਼ਾ ਸੀ ਇਸ ਵਾਸਤੇ ਆਮ ਮੈਂ ਖੇਤੀ ਕਰਨੀ। ਕੋਈ ਐਸੀ ਫਿਲਾਸਫੀ ਦੀ ਕਿਤਾਬ ਨਹੀਂ ਸੀ ਪੜ੍ਹੀ, ਪੰਜਾਬੀ ਵੀ ਨਹੀਂ ਸੀ ਮੈਂ ਪੜ੍ਹੀ। ਤਾਂ ਮਹਾਂਪੁਰਸ਼ ਕਹਿਣ ਲੱਗੇ, ਤੈਨੂੰ ਨਹੀਂ ਪਤਾ? ਮੈਂ ਕਿਹਾ ਮੈਨੂੰ ਤਾਂ ਐਨਾ ਪਤਾ ਹੈ ਕਿ ਮੈਂ ਕਦੇ ਹੋਂਦ ਵਿਚ ਆਇਆਂ, ਮੈਂ ਘੁੰਮਦਾ ਫਿਰਦਾ ਹਾਂ, ਜਨਮਾਂ-ਜਨਮਾਂਤਰਾਂ 'ਚ। ਸੋ ਮੈਂ ਓਹੀ ਹਾਂ, ਕੀ ਮੈਂ ਕਹਾਂ, ਮੈਨੂੰ ਪਤਾ ਨਹੀਂ। ਕਹਿੰਦੇ ਠੀਕ ਹੈ, ਇਹਨੂੰ ਕੋਈ ਵੀ ਨਹੀਂ ਦੱਸ ਸਕਦਾ ਪਰ ਜਿਹੜੇ ਫਿਲਾਸਫੀ ਵਾਲੇ ਲੋਕ ਨੇ, ਵਿਚਾਰ ਵਾਲੇ ਲੋਕ ਨੇ ਉਹ ਇਹਨੂੰ ਜੀਵ ਆਤਮਾ ਕਹਿੰਦੇ ਨੇ। ਹੁਣ ਤੂੰ ਐਉਂ ਸਮਝ ਲੈ ਸਾਡੀ ਗੱਲ, ਜੀਵਪੁਣਾ ਲਾਹ ਦੇ ਤੇ ਆਤਮਾ ਦੇ ਵਿਚ ਪ੍ਰਵੇਸ਼ ਕਰ ਜਾ। ਇਕ ਲਾਂਘ ਤੇਰੀ ਰਹਿੰਦੀ ਹੈ, ਤੂੰ ਇਹ ਲਾਂਘ ਭਰ ਲੈ।

ਸੋ ਇਸ ਤਰ੍ਹਾਂ ਮੈਂ ਬਚਪਨ ਵਿਚ ਆਪੇ ਕੀਰਤਨ ਕਰਨ ਲਗ ਗਿਆ। ਉਹਦੇ ਨਾਲ ਜਦੋਂ ਗੁਰਪੁਰਬ ਹੋਣੇ ਮੈਨੂੰ ਐਉਂ ਲਗਣਾ ਜਿਵੇਂ ਮੇਰੀ ਹੀ ਡਿਊਟੀ ਹੈ, ਨਗਰ ਕੀਰਤਨ ਕੱਢਣ ਦੀ, ਮੇਰੀ ਹੀ ਡਿਊਟੀ ਹੈ ਬੋਲਣ ਦੀ, ਮੇਰੀਓ ਡਿਊਟੀ ਹੈ ਅਖੰਡਪਾਠ ਕਰਨ ਦੀ। ਵਿਚੇ ਹੀ ਮੈਂ ਅਖੰਡਪਾਠ ਕਰਨਾ ਸਿੱਖ ਲਿਆ, ਲੋਕ ਬਹੁਤ ਸੁਣਨ ਵਾਸਤੇ ਆਇਆ ਕਰਦੇ ਸੀ। ਇਕ ਤਰ੍ਹਾਂ ਨਾਲ ਇਹ ਹੋ ਗਿਆ ਕਿ ਇਹ ਕੰਮ ਜਿਵੇਂ ਮੇਰੀ ਹੀ ਜ਼ਿੰਮੇ ਸੌਂਪਿਆ ਹੁੰਦਾ ਹੈ। ਉਸ ਤੋਂ ਬਾਅਦ ਮੈਂ ਖੇਤੀ ਕੀਤੀ, ਖੇਤੀ ਕਰਨ ਤੋਂ ਬਾਅਦ ਮੈਂ ਸਿੰਧ ਵਿਚ ਚਲਿਆ ਗਿਆ। ਉਥੇ ਮੇਰਾ ਇਕ ਮਿਤਰ ਸੀ ਕਰਨੈਲ ਸਿੰਘ, ਜਦੋਂ ਮੈਂ ਉਸ ਪਾਸ ਗਿਆ, ਉਸ ਨੇ ਕਿਹਾ ਕਿ ਮੈਂ ਤੁਹਾਨੂੰ ਪੁਲਿਸ ਵਿਚ ਕਰਾ ਦਿੰਨਾ ਹਾਂ। ਮੈਂ ਕਿਹਾ ਮੈਂ ਪੁਲਿਸ ਵਿਚ ਨਹੀਂ ਹੋਣਾ। ਉਹ ਸਿਫਾਰਸ਼ ਲੈ ਕੇ ਚਲਿਆ ਗਿਆ। ਜਰਮਨ ਸੀ ਉਸ ਵੇਲੇ ਜਰਨੈਲ। ਤੇ ਮੈਂ ਉਹਦੇ ਪਾਰਕ ਵਿਚ ਅੱਖਾਂ ਮੀਟ ਕੇ ਬੈਠਾ ਰਿਹਾ। ਜਦੋਂ ਮੇਰਾ ਸਿਫਾਰਸ਼ੀ ਆਇਆ ਉਹਨੇ ਕਿਹਾ ਕਿ ਮੁੰਡਾ ਰਖਾਉਣਾ ਹੈ ਤੁਹਾਡੇ ਕੋਲ, ਕਹਿੰਦਾ ਉਹ ਤਾਂ ਨਹੀਂ ਹੈ ਜਿਹੜਾ ਬੈਠਾ ਹੈ।

ਕਹਿੰਦਾ, "ਹਾਂ ਓਹੀ ਹੈ।"

ਕਹਿੰਦਾ, ਉਹ ਤਾਂ ਸਵੇਰ ਦਾ ਬੈਠਾ ਹੈ, ਉਹਨੇ ਅੱਖ ਹੀ ਨਹੀਂ ਖੋਲ੍ਹੀ। 90 ਦਰਜੇ ਦੀ ਡਿਗਰੀ ਰੀੜ੍ਹ ਦੀ ਹੱਡੀ ਦੀ ਬਣਾ ਕੇ ਬੈਠਾ ਹੈ, ਨਾ ਹਿਲਦਾ ਹੈ ਨਾ ਜੁਲਦਾ ਹੈ, ਉਹ ਪੁਲਿਸ ਦੇ ਕਿਥੇ ਫਿੱਟ ਹੈ। ਜਦੋਂ ਦੇਖਿਆ ਕਿ ਤੂੰ ਨਰਾਜ਼ ਨਾ ਹੋਏਂ ਮੈਂ ਤੇਰੇ ਮੂੰਹ ਤੇ ਹੀ ਉਸ ਨੂੰ ਪੁੱਛ ਲੈਂਦਾ ਹਾਂ। ਮੈਨੂੰ ਜਦ ਬੁਲਾਇਆ, ਮੈਂ ਗਿਆ ਸੀ ਨਵਾਬਸ਼ਾਹ ਸਿੰਧ, ਨਵਾਬਸ਼ਾਹ ਬੜਾ ਵੱਡਾ ਸ਼ਹਿਰ ਹੈ ਸਿੰਧ ਦਾ। ਸੋ ਉਹਨੇ ਮੈਨੂੰ ਕਿਹਾ ਕਿ ਮੈਂ ਤੈਨੂੰ ਕਿਹੜੀ ਪੁਲਿਸ ਵਿਚ ਭਰਤੀ ਕਰਾਂ? ਮੈਂ ਕਿਹਾ ਮੈਨੂੰ ਉਥੇ ਕਰਿਓ ਜਿਥੇ ਰਿਸ਼ਵਤ ਨਾ ਲੈਂਦੇ ਹੋਣ। ਉਹ ਕਹਿੰਦਾ ਰਿਸ਼ਵਤ ਤਾਂ ਸਾਰੇ ਹੀ ਲੈਂਦੇ ਨੇ। ਮੈਂ ਕਿਹਾ ਮੈਨੂੰ ਪਹਿਰੇ ਵਾਲੀ ਡਿਊਟੀ ਦੇ ਦਿਓ। ਪਹਿਰੇ ਦੇਈ ਜਾਊਂਗਾ ਖੜ੍ਹਾ ਤੇ ਮੈਂ ਚੋਰਾਂ ਚਾਰਾਂ ਦੇ ਪਿਛੇ ਨਹੀਂ ਜਾਣਾ। ਕਹਿੰਦੇ ਕਿਉਂ? ਮੈਂ ਕਿਹਾ ਕੁੱਟਦੇ ਬਹੁਤ ਨੇ, ਇਹ ਅੱਛੀ ਬਾਤ ਨਹੀਂ ਹੈ। ਕਹਿਣ ਲੱਗਿਆ, "ਮੈਂ ਤੈਨੂੰ ਸਹੀ ਰਾਇ ਦਿੰਦਾ ਹਾਂ, ਤੂੰ ਪੁਲਿਸ ਦੇ ਫਿੱਟ ਨਹੀਂ ਹੈ, ਤੂੰ ਫੌਜ ਦੇ ਫਿੱਟ ਹੈਂ, ਫੌਜ ਵਿਚ ਹੋ ਜਾ। ਉਸ ਤੋਂ ਬਾਅਦ ਮੈਂ ਉਥੇ ਦੋ ਢਾਈ ਸਾਲ ਰਿਹਾ ਤੇ ਮੇਰੇ ਅਜੇ ਦਾੜ੍ਹੀ ਨਹੀਂ ਆਈ ਸੀ। ਇਕ ਪੰਜਾਬੀ ਸ਼ਰਾਬ ਦੇ ਕੇਸ ਵਿਚ ਫਸ ਗਿਆ। ਉਹਨੂੰ ਜੇਲ੍ਹ ਹੋਣ ਲੱਗੀ, ਮੇਰੀ ਉਥੇ ਵਾਕਫੀ ਬਣ ਚੁੱਕੀ ਸੀ। ਮੈਂ ਕਹਿ ਕੁਹਾ ਕੇ ਛੁਡਾ ਦਿਤਾ ਤੇ ਮੈਂ ਉਸੇ ਰਸਤੇ ਵਿਚ ਆ ਕੇ ਘਰ-ਘਰ ਫਿਰਿਆ, ਨਾਲ ਬੰਦੇ ਲਏ, ਜਿੰਨੀ ਸ਼ਰਾਬ ਤੂੜੀਆਂ 'ਚ ਦੱਬੀ ਹੋਈ ਸੀ ਸਭ ਡੋਲ੍ਹ ਦਿਤੀ। ਉਸ ਤੋਂ ਬਾਅਦ ਮੈਂ ਕਿਹਾ ਇਹ ਮੁਰਗੇ ਖਾਣਗੇ, ਉਸ ਵੇਲੇ ਮੈਂ ਮੁਰਗੇ ਵੀ ਸਾਰੇ ਵਿਕਾ ਦਿਤੇ। ਉਥੇ ਮਝੈਲ ਆਮ ਤੌਰ ਤੇ ਸੀ ਲਾਹੌਰ ਦੇ, ਕਸੂਰ ਦੇ ਤੇ ਅੰਮ੍ਰਿਤਸਰ ਦੇ ਉਪਰਲੇ ਇਲਾਕੇ ਦੇ ਤੇ ਜਾਂ ਫੇਰ ਥੋੜ੍ਹੇ-ਥੋੜ੍ਹੇ ਦੁਆਬੇ ਤੋਂ ਸੀਗੇ। ਸੋ ਇਸ ਤਰ੍ਹਾਂ ਦੇ ਸਖਤ ਜਿਹੇ ਸੁਭਾਅ ਦੇ ਲੋਕ ਸੀ। ਮੈਂ ਉਸ ਇਲਾਕੇ ਵਿਚ ਕੀਰਤਨ ਕਰਨਾ, ਦਿਨ ਰਾਤ ਭਜਨ ਕਰਨਾ।

ਭਜਨ ਕਰਨ ਵਾਸਤੇ ਉਥੇ ਜੰਗਲ ਬਹੁਤ ਸੀ ਮੈਂ ਉਥੇ ਬੈਠਾ ਰਹਿੰਦਾ ਸੀ। ਇਕ ਮਾਈ ਮੈਨੂੰ ਇਕ ਟਾਈਮ ਇਕ ਪ੍ਰਸ਼ਾਦਾ ਦੇ ਜਾਂਦੀ ਸੀ। ਓਹੀ ਮੇਰੀ ਖੁਰਾਕ ਦਾ ਬਹੁਤ ਧਿਆਨ ਰੱਖਦੀ ਸੀ। ਸੋ ਇਸ ਤਰ੍ਹਾਂ ਮੈਂ 7 ਮੀਲ ਦੇ ਏਰੀਏ ਵਿਚ ਸੀ, ਨਵਾਬਸ਼ਾਹ ਤੋਂ ਜ਼ਿਲੇ ਦੇ ਅੰਦਰ। ਉਥੇ ਉਨ੍ਹਾਂ ਦੀ ਸ਼ਰਾਬ ਛੁਡਾਈ। ਉਸ ਤੋਂ ਬਾਅਦ ਮੈਨੂੰ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਨੇ ਵਾਪਸ ਬੁਲਾ ਲਿਆ ਕਿ ਜਦੋਂ ਸਾਡੀ ਚਿੱਠੀ ਤੁਹਾਡੇ ਹੱਥ ਵਿਚ ਆ ਜਾਵੇ, ਤਾਂ ਸੂਰਜ ਨਹੀਂ ਛੁਪਾਉਣਾ ਉਥੇ, ਸੂਰਜ ਛੁਪਣ ਤੋਂ ਪਹਿਲਾਂ-ਪਹਿਲਾਂ ਬਾਹਰ ਚਲੇ ਆਉਣਾ। ਸੋ ਮੈਂ ਚਾਰ-ਪੰਜ ਮੀਲ ਤੇ ਚਲਿਆ ਗਿਆ। ਉਸ ਤੋਂ ਬਾਅਦ ਮੈਂ ਇਥੇ ਪਹੁੰਚਿਆ ਤਾਂ ਮਹਾਰਾਜ ਜੀ ਕੋਲ ਆ ਗਿਆ। ਫੇਰ ਮੈਂ ਰਾੜਾ ਸਾਹਿਬ ਕਾਫੀ ਦੇਰ ਰਿਹਾ, ਉਨ੍ਹਾਂ ਦਿਨਾਂ ਵਿਚ ਮਹਾਰਾਜ ਨੇ ਮੋਨ ਕਰਵਾਏ ਹੋਏ ਸੀ ਸਾਰੇ ਭਜਨ ਕਰਨ ਵਾਲਿਆਂ ਦੇ। ਮੈਨੂੰ ਵੀ ਮੋਨ ਦੇ ਵਿਚ ਉਨ੍ਹਾਂ ਨੇ ਬਿਠਾ ਦਿਤਾ। ਦੀਵਾਨ ਲੱਗੇ ਤਾਂ ਮਹਾਰਾਜ ਜੀ ਦੋ ਘੰਟੇ ਪਹਿਲਾਂ ਮੇਰੇ ਤੋਂ ਕੀਰਤਨ ਕਰਾਇਆ ਕਰਦੇ ਸੀ। ਫੇਰ ਆਪ ਕਰਿਆ ਕਰਦੇ ਸੀ। ਉਸ ਤੋਂ ਬਾਅਦ ਕਿਉਂਕਿ ਮੇਰੀ ਸ਼ਾਦੀ ਹੋ ਚੁੱਕੀ ਸੀ ਤਾਂ ਇਕ ਵਾਰੀ ਬੀਬੀ ਆਈ ਉਥੇ ਮੇਰੇ ਘਰੋਂ ਉਹ ਖੜ੍ਹੀ ਦੇਖਦੀ ਸੀ, ਕਿਉਂਕਿ ਸਾਨੂੰ ਹੁਕਮ ਨਹੀਂ ਸੀ ਬੋਲਣ ਦਾ। ਅਸੀਂ ਛੱਪਰੀਆਂ ਵਿਚ ਰਹਿੰਦੇ ਸੀ। ਉਹ ਮਹਾਰਾਜ ਜੀ ਦੇ ਦਰਸ਼ਨ ਕਰਨ ਆਈ ਤਾਂ ਉਨ੍ਹਾਂ ਨੂੰ ਉਹਦੇ ਤੇ ਬੜਾ ਤਰਸ ਆਇਆ। ਮੈਨੂੰ ਕਹਿਣ ਲੱਗੇ ਕਿ ਤੈਨੂੰ ਇਕ ਗੱਲ ਕਹਿਣੀ ਹੈ ਕਿ ਇਕ ਪਿਉ ਆਪਣੇ ਪੁੱਤਰ ਨੂੰ ਅੱਗ ਵਿਚ ਸੁੱਟ ਸਕਦਾ ਹੈ। ਮੈਂ ਕਿਹਾ ਨਹੀਂ। ਕਹਿੰਦੇ ਮੈਂ ਸੁੱਟਣ ਲੱਗਿਆ ਹਾਂ ਤੈਨੂੰ। ਤੈਨੂੰ ਦੁਨੀਆਂ 'ਚ ਭੇਜਣ ਲੱਗਿਆ ਹਾਂ। ਬੀਬੀ ਬਹੁਤ ਸਤਵੰਤੀ ਹੈ। ਤੂੰ ਉਥੇ ਘਰ ਰਹਿਣਾ ਹੈ, ਆਪਣਾ ਕਾਰੋਬਾਰ ਕਰਨਾ ਹੈ। ਉਸ ਤੋਂ ਬਾਅਦ ਮੈਂ ਹੁਕਮ ਦਾ ਬੰਨ੍ਹਿਆ ਹੋਇਆ ਆਪਣੇ ਪਿੰਡ ਆ ਗਿਆ। ਐਨੇ ਨੂੰ ਸਰਦਾਰ ਮੋਹਨ ਸਿੰਘ ਜੀ ਕੋਕਾ ਕੋਲੇ ਵਾਲੇ ਮਹਾਰਾਜ ਜੀ ਕੋਲ ਆਏ, ਕਹਿਣ ਲੱਗੇ ਸਾਡੇ ਜਿਹੜੇ ਕਰਮਚਾਰੀ ਨੇ, ਚੋਰੀਆਂ ਕਰ ਲੈਂਦੇ ਨੇ। ਮੈਨੂੰ ਕੋਈ ਐਸਾ ਬੰਦਾ ਦਿਵਾਓ ਜਿਹੜਾ ਦਸ ਹਜ਼ਾਰ ਤੱਕ, ਜਿਹੜਾ ਚੋਰੀ ਨਾ ਕਰੇ। ਮਹਾਰਾਜ ਕਹਿਣ ਲੱਗੇ ਬੰਦਾ ਤਾਂ ਹੈਗਾ, ਤੂੰ ਲੈ ਆ ਧਮੋਟ ਜਾ ਕੇ। ਉਹ ਕਰੋੜ ਤੇ ਵੀ ਨਹੀਂ ਕਰੇਗਾ ਦੱਸ ਹਜ਼ਾਰ ਤਾਂ ਕੀ। ਉਹ ਮੈਨੂੰ ਲੈ ਗਿਆ ਤੇ ਮੈਂ ਦਿੱਲੀ ਚਲਿਆ ਗਿਆ। ਦਿਲੀ ਉਸ ਨੇ ਮੈਨੂੰ ਹਾਇਰ ਬਰਾਂਚ ਦੇ ਦਿਤੀ। ਨਵਾਂ ਜਿਹਾ ਸੀ ਪਿੰਡ ਤੋਂ, ਮੈਨੂੰ ਦਿੱਲੀ ਵਾਲਿਆਂ ਦੇ ਨਾਲ ਵਰਤਣ-ਵਿਹਾਰ ਦਾ ਪਤਾ ਨਹੀਂ ਸੀ। ਸੋ ਉਥੇ ਮੈਂ ਛੇ ਮਹੀਨੇ ਰਿਹਾ। ਛੇ ਮਹੀਨੇ ਬਾਅਦ ਉਥੇ ਮਹਾਰਾਜਾ ਪਟਿਆਲੇ ਦਾ ਚਾਚਾ ਆ ਗਿਆ। ਉਹ ਕਹਿਣ ਲੱਗਿਆ ਕਿ ਤੈਨੂੰ ਅਸੀਂ ਵੱਡਾ ਆਫੀਸਰ ਬਣਾਵਾਂਗੇ। ਗਜ਼ਟਿਡ ਆਫੀਸਰ, ਲੈਫਟੀਨੈਂਟ ਦੀ ਭਰਤੀ 'ਚ ਤੇ ਤੂੰ ਇਥੇ ਸਾਡੇ ਕੋਲ ਆ ਜਾ। ਮੈਂ ਰਸਾਲੇ 'ਚ ਭਰਤੀ ਹੋ ਗਿਆ। ਉਨ੍ਹਾਂ ਵਿਚਾਰਿਆਂ ਦੀ ਤਾਕਤ ਪੋਲੀਟੀਕਲ ਹੇਰ ਫੇਰ ਹੋਣ ਦੇ ਨਾਲ ਕਮਜ਼ੋਰ ਹੋ ਗਈ। ਉਸ ਤੋਂ ਬਾਅਦ ਮੈਂ ਫੌਜ ਵਿਚ 10 ਸਾਲ ਨੌਕਰੀ ਕਰੀ। 14.4.1941 'ਚ ਸ਼ੁਰੂ ਕਰਿਆ ਸੀ, 14.4.1952 ਵਿਚ ਮੈਂ ਸਿਵਲ ਵਿਚ ਚਲਿਆ ਗਿਆ, ਸੈਕਟਰੀਏਟ 'ਚ। ਫੌਜ ਵਿਚ ਵੀ ਮੈਂ ਦੀਵਾਨ ਲਾਉਂਦਾ ਸੀ ਉਸੇ ਤਰ੍ਹਾਂ ਹੀ, ਜਦੋਂ ਸਿਵਲ ਸੈਕਟਰੀਏਟ 'ਚ ਗਿਆ ਉਥੇ ਕਈ ਬੰਦੇ ਇਸੇ ਰੁਝਾਨ ਦੇ ਸੀ, ਦੂਰ-ਦੂਰ ਤੋਂ ਸਾਰੇ ਪੰਜਾਬ ਤੋਂ, ਹੋਰ ਥਾਵਾਂ ਤੋਂ ਆਏ ਹੋਏ ਸੀ ਤੇ ਭਜਨ ਬੰਦਗੀ ਵਾਲਾ ਇਕ ਗਰੁੱਪ ਬਣ ਗਿਆ ਸੀ ਸਾਡਾ। ਉਨ੍ਹਾਂ ਨੇ ਇਕ ਦਿਨ ਸਵਾਲ ਕਰ ਦਿਤਾ ਕਿ ਨਾਮ ਕੀ ਹੁੰਦਾ ਹੈ? ਮੈਨੂੰ ਕਹਿਣ ਲੱਗੇ ਕਿ ਤੁਸੀਂ ਜਵਾਬ ਦਿਓ। ਮੈਂ ਕਿਹਾ ਕਿ ਜਵਾਬ ਤਾਂ ਮੈਂ ਦੇ ਦੇਵਾਂਗਾ ਪਰ ਕੋਈ ਅਸੂਲ ਬੰਨੋ। ਇਕ ਤਾਂ ਇਹ ਕਿ ਜਦੋਂ ਮੈਂ ਬੋਲਦਾ ਹੋਵਾਂ, ਤੁਸੀਂ ਬੋਲਣਾ ਨਹੀਂ। ਦੂਸਰਾ ਇਹ ਕਿ ਜੋ ਵੀ ਤੁਹਾਨੂੰ ਤਰਕ ਹੋਵੇ ਉਹ ਮੇਰੀ ਜੇਬ ਵਿਚ ਪਾ ਦਿਓ ਲਿਖ ਕੇ। ਜਦ ਵਾਰੀ ਆਏਗੀ ਉਹਦਾ ਜਵਾਬ ਮੈਂ ਦੇਵਾਂਗਾ ਨੰਬਰ ਵਾਰ, ਕਾਗਜ਼ ਮੇਰੇ ਕੋਲ ਹੈਗਾ। ਉਸ ਸਤਿਸੰਗ ਦੇ ਮਾਹੌਲ ਦੇ ਵਿਚ ਰਾਧਾ ਸੁਆਮੀ, ਨਾਮਧਾਰੀ, ਹੋਰ ਸਾਧੂ ਸੰਤਾਂ ਨੂੰ ਮੰਨਣ ਵਾਲੇ, ਹੋਰ ਵੀ ਚੰਗੇ-ਚੰਗੇ ਭਾਈ ਵੀਰ ਸਿੰਘ ਜੀ ਦੇ ਅਨੁਆਈ, ਭਾਈ ਰਣਧੀਰ ਸਿੰਘ ਉਨ੍ਹਾਂ ਦੇ ਜਥਿਆਂ ਦੇ ਸਿੰਘ, ਸਾਰੇ ਹੀ ਹੁੰਦੇ ਸੀ। ਇਨ੍ਹਾਂ ਸਾਰਿਆਂ ਨੂੰ ਇਕ ਗੱਲ ਤੇ ਬੁਲਾਉਣਾ ਬੜਾ ਹੀ ਔਖਾ ਸੀ। ਕਿਉਂਕਿ ਗੁਰੂ ਦਾ ਮਸਲਾ ਬੜਾ ਟੇਡਾ ਸੀ। ਸੋ ਮੈਨੂੰ ਦੋ ਸਾਲ ਛੇ ਮਹੀਨੇ ਏਸ ਗੱਲ ਤੇ ਲੱਗੇ ਤੇ ਏਧਰਲੇ ਪਾਸੇ ਮੇਰੀ ਸਰਵਿਸ ਚਲਦੀ ਸੀ। ਆਫੀਸਰ ਜਿਹੜੇ ਸੀ ਉਹ ਹੈਰਾਨ ਸੀ ਕਿ ਇਹ ਐਨਾ ਕੰਮ ਕਿਵੇਂ ਕਰ ਲੈਂਦਾ ਹੈ। ਮੈਨੂੰ ਹੜ੍ਹਾਂ ਦੇ ਨੈਚੂਰਲ ਕਲੈਮਟੀ (ਕੁਦਰਤੀ ਆਫਤਾਂ) ਵਿਚ ਲਾ ਦਿਤਾ ਤੇ ਜਿਹੜੇ ਆਫੀਸਰ ਸੀ ਉਹ ਸਾਰਾ ਦਿਨ ਮੇਰਾ ਹੀ ਕੰਮ ਕਰਦੇ ਰਹਿੰਦੇ। ਇਕ ਦਿਨ ਮੈਨੂੰ ਕਿਹਾ ਕਿ ਐਨਾ ਕੰਮ ਤੂੰ ਕਿਵੇਂ ਕਰ ਲੈਂਦਾ ਹੈਂ? ਕਦੇ ਸ਼ਿਕਾਇਤ ਨਹੀਂ ਕਰਦਾ। ਭਨੌਟ ਸੀ ਸਾਡਾ ਆਫੀਸਰ। ਮੈਂ ਕਿਹਾ ਮਿਸਟਰ ਭਨੌਟ ਤੁਸੀਂ ਰੱਬ ਨੂੰ ਮੰਨਦੇ ਓਂ। ਕਹਿੰਦਾ ਹਾਂ ਮੈਂ ਈਸਾਈ ਹਾਂ। ਮੈਂ ਕਿਹਾ ਤੁਹਾਡਾ ਗਿਰਜਾ ਹੁੰਦਾ ਹੈ। ਕਹਿੰਦਾ ਹਾਂ। ਮੈਂ ਕਿਹਾ ਸਾਡਾ ਗੁਰਦੁਆਰਾ ਹੁੰਦਾ ਹੈ। ਕਹਿੰਦਾ ਹਾਂ। ਮੈਂ ਕਿਹਾ ਗੁਰਦੁਆਰਾ ਛੋਟਾ ਵੀ ਹੁੰਦਾ ਹੈ, ਵੱਡਾ ਵੀ ਹੁੰਦਾ ਹੈ। ਮੇਰਾ ਜਿਹੜਾ ਗੁਰਦੁਆਰਾ ਹੈ ਇਹਦੀਆਂ ਹੱਦਾਂ ਤਿੱਬਤ ਤੋਂ ਸ਼ੁਰੂ ਹੁੰਦੀਆਂ ਨੇ, ਓਦੋਂ ਜੁਆਇੰਟ ਪੰਜਾਬ ਸੀ, ਤੇ ਰਾਜਸਥਾਨ ਨਾਲ ਜਾ ਲਗਦੀਆਂ ਸੀ। ਉਥੋਂ ਚਲ ਕੇ

ਦਿੱਲੀ ਦੇ ਹੇਠੋਂ ਹੋ ਕੇ ਆਗਰੇ ਦੇ ਕੋਲ ਦੀ ਹੁੰਦੀਆਂ ਹੋਈਆਂ ਜਮਨਾ ਦਰਿਆ ਦੇ ਨਾਲ-ਨਾਲ ਲਗ ਕੇ ਤਿੱਬਤ ਨੂੰ ਜਾ ਲਗਦੀਆਂ ਸੀ। ਮੈਂ ਕਿਹਾ ਮੇਰਾ ਗੁਰਦੁਆਰਾ ਐਨਾ ਹੈ ਤੇ ਮੈਂ ਏਸ ਗੁਰਦੁਆਰੇ ਦੇ ਵਿਚ ਇਕ ਵੀ ਬੰਦਾ ਨਹੀਂ ਦੇਖਣਾ ਚਾਹੁੰਦਾ ਜਿਹਦਾ ਘਰ ਢਹਿ ਜਾਵੇ, ਡੰਗਰ ਰੁੜ੍ਹ ਜਾਣ, ਨੈਚਰਲ ਕਲੈਮਟੀ ਦੀ ਮਾਰ ਥੱਲੇ ਆਵੇ ਕੋਈ ਇਲਾਕਾ। ਏਸ ਕਰਕੇ ਮੈਂ ਸਵੇਰ ਤੋਂ ਲੈ ਕੇ ਰਾਤ ਤੱਕ ਜ਼ਿਲੇ ਦੇ ਅਫਸਰਾਂ ਨੂੰ ਆਦੇਸ਼ ਦਿੰਦਾ ਰਹਿੰਦਾ ਹਾਂ ਤੇ ਜਦੋਂ ਤੱਕ ਕੰਮ ਨਹੀਂ ਹੁੰਦਾ, ਮੈਂ ਨਹੀਂ ਹਟਦਾ। ਫੇਰ ਉਹਨੇ ਕਿਹਾ ਕਿ ਬਹੁਤ ਜ਼ਿਆਦਾ ਕੰਮ ਹੈ। ਜਦੋਂ ਉਨ੍ਹਾਂ ਨੇ ਕਮੇਟੀ ਬਿਠਾਈ ਮੇਰੀ ਥਾਂ ਦੱਸ ਬੰਦੇ ਲਾਏ ਉਨ੍ਹਾਂ ਨੇ। ਮੈਨੂੰ ਕੰਮ ਕਰਨ ਦੇ ਵਿਚ ਕੋਈ ਖੇਚਲ ਨਹੀਂ ਸੀ, ਮੈਨੂੰ ਖੁਸ਼ੀ ਸੀ ਕਿ ਮੈਂ ਸੇਵਾ ਕਰ ਰਿਹਾ ਹਾਂ। ਉਸ ਤੋਂ ਬਾਅਦ ਮਹਾਰਾਜ ਜੀ ਨੇ ਹੁਕਮ ਕਰ ਦਿਤਾ ਕਿ ਇਥੋਂ ਛੱਡੋ। ਸਾਢੇ 24 ਸਾਲ ਦੀ ਪੈਨਸ਼ੇਨਲ ਸਰਵਿਸ ਹੋ ਗਈ ਸੀ, ਫੇਰ ਨਾ ਮੈਂ ਪੈਨਸ਼ਨ ਲਈ, ਹੁਕਮ ਮੰਨਿਆ ਤੇ ਛੱਡ ਕੇ ਕਹਿੰਦੇ ਫਾਰਮ ਚਲਿਆ ਜਾਹ।

ਮੈਂ ਫਾਰਮ ਵਿਚ ਚਲਿਆ ਗਿਆ। ਉਥੇ ਜਦੋਂ ਮੈਂ ਗਿਆ ਹੀ ਤਾਂ ਮੈਂ ਲੋਕਾਂ ਦਾ ਹਾਲ ਦੇਖਿਆ ਕਿ ਉਥੇ ਪੰਜਾਬੀਆਂ ਦਾ ਕਰੈਕਟਰ ਐਨਾ ਨੀਵਾਂ ਹੋ ਚੁਕਿਆ ਸੀ ਕਿਉਂਕਿ ਉਹ ਆਏ ਸੀ 1947 ਤੋਂ ਬਾਅਦ ਤੇ ਅਜੇ ਉਨ੍ਹਾਂ ਦੇ ਕਿਤੇ ਪੈਰ ਨਹੀਂ ਸੀ ਲੱਗੇ। ਉਹ ਤਰਾਈ ਦੇ ਜੰਗਲਾਂ ਦੇ ਵਿਚ ਜੰਗਲ ਕੱਟਦੇ ਸੀ। ਅਸੀਂ ਵੀ ਜੰਗਲ ਕੱਟਦੇ ਸੀ ਜਾ ਕੇ ਤੇ ਉਨ੍ਹਾਂ ਦਾ ਕੰਮ ਸੀ ਰਾਤ ਨੂੰ ਜਾ ਕੇ ਸ਼ਰਾਬਾਂ ਪੀ ਲੈਣੀਆਂ, ਡਰੰਮ ਕੱਢੀ ਜਾਣੇ। ਉਨ੍ਹਾਂ ਦਾ ਕੰਮ ਇਹ ਸੀ ਰਾਤ ਨੂੰ ਬਿਜਾਏ ਕੰਮ ਕਰਨ ਦੇ ਰਾਤ ਨੂੰ ਡੰਗਰ ਚੋਰੀ ਕਰ ਲੈਣੇ। cattle lifting ਸੀ, ਦੂਜਾ hit man ਸੀ। ਪੈਸਾ ਦਿਓ ਤੇ ਬੰਦਾ ਮਰਵਾ ਲਓ। ਇਨ੍ਹਾਂ ਗੱਲਾਂ ਨੇ ਸਾਨੂੰ ਬਹੁਤ ਹੀ ਬਰਬਾਦ ਕਰ ਦਿਤਾ।

ਇਕ ਦਿਨ ਮੈਂ ਜਾ ਰਿਹਾ ਸੀ ਬੱਸ ਦੇ ਵਿਚ ਤਾਂ ਇਕ ਯੂ.ਪੀ. ਦਾ ਮੁੰਡਾ ਸਿਗਰਟ ਪੀਣ ਲੱਗਿਆ ਮੇਰੇ ਬਰਾਬਰ ਦਾ, ਮੈਂ ਕਿਹਾ ਤੂੰ ਸਿਗਰਟ ਨਾ ਪੀ। ਕਹਿੰਦਾ ਸਰਦਾਰ ਜੀ, ਤੁਹਾਨੂੰ ਤਾਂ ਮੇਰੀ ਸਿਗਰਟ ਚੁਭਦੀ ਹੈ ਤੇ ਜਿਹੜਾ ਤੁਸੀਂ ਸ਼ਰਾਬ ਪੀਂਦੇ ਓਂ, ਡੰਗਰ ਚੋਰੀ ਕਰਦੇ ਓਂ। ਮੈਨੂੰ ਬੜੀ ਨਮੋਸ਼ੀ ਆਈ ਕਿ ਬੜਾ ਮਾੜਾ ਕੰਮ ਹੈ। ਮੈਂ ਉਹਨੂੰ ਜੇ ਕਹਿੰਦਾ ਕਿ ਮੈਂ ਤਾਂ ਨਹੀਂ ਪੀਂਦਾ, ਐਹੋ ਜਿਹਾ ਖਿਆਲ ਉਹਦਾ ਵੀ ਨਹੀਂ ਸੀ, ਉਹਨੂੰ ਪਤਾ ਸੀ ਕਿ ਇਹ ਤਾਂ ਨਹੀਂ ਕਰਦਾ। ਪਰ ਇਹਦੇ ਜਿਹੜੇ ਦੇਸ਼ ਦੇ ਵਾਸੀ ਨੇ ਉਹ ਕਰਦੇ ਨੇ। ਇਸ ਗੱਲ ਲਈ ਮੈਂ ਜਿਹੜੇ ਵੱਡੇ-ਵੱਡੇ ਫਾਰਮਰ ਸੀ, ਹਜ਼ਾਰ-ਹਜ਼ਾਰ ਏਕੜਾਂ ਦੇ ਮਾਲਕ, ਸਾਰੇ ਇਕੱਠੇ ਕਰੇ ਕਿ ਆਹ ਗੱਲ ਹੈ ਆਪਣੀ ਬਦਨਾਮੀ ਐਨੀ ਹੋ ਚੁੱਕੀ ਹੈ। ਸਾਨੂੰ ਪਸ਼ੂ ਚੋਰ ਕਹਿੰਦੇ ਨੇ। ਸੋ ਇਹਦਾ ਕੋਈ ਇਲਾਜ ਕਰੋ। ਉਨ੍ਹਾਂ ਨੂੰ ਤਾਂ ਕੋਈ ਵਿਹਲ ਨਹੀਂ ਸੀ। ਮੈਂ ਆਪਣਾ ਕੰਮ ਕਰਦਾ ਹੋਇਆ, ਜਦੋਂ ਮੈਂ ਦੇਖਿਆ ਕਿ ਇਹ ਵੱਡੇ ਆਦਮੀ ਕੁਛ ਨਹੀਂ ਕਰਦੇ, ਫੇਰ ਵਰਤਣ ਵਾਲਿਆਂ ਦੇ ਨਾਲ ਮੈਂ ਸਲਾਹ ਕਰੀ ਕਿ ਤੁਸੀਂ ਕੁਛ ਕਰੋ ਆਪਾਂ ਬਦਨਾਮ ਹੋ ਜਾਵਾਂਗੇ। ਉਨ੍ਹਾਂ ਪਹਿਲਾਂ ਬੜੇ ਦਿਲਾਸੇ ਦਿਤੇ, ਬੜੀਆਂ ਆਸਾਂ ਵਧਾਈਆਂ ਕਿ ਅਸੀਂ ਜੀ ਐਉਂ ਨਾਲ ਚਲਿਆ ਕਰਾਂਗੇ। ਪਰ ਦੋ ਕੁ ਪ੍ਰੋਗਰਾਮਾਂ ਦੇ ਬਾਅਦ ਉਹ ਹਟ ਗਏ। ਪ੍ਰੋਗਰਾਮ ਅਖੀਰ ਇਹ ਰੱਖਿਆ ਕਿ ਕੀਰਤਨ ਕਰੋ ਸਿੱਧੀਆਂ ਧਾਰਨਾ ਦੇ ਨਾਲ, ਸਾਖੀਆਂ ਸੁਣਾਵੋ ਤਾਂ ਕਿ ਇਨ੍ਹਾਂ ਦੇ ਦਿਲਾਂ ਵਿਚੋਂ ਜੁਰਮ ਨਿਕਲ ਜਾਵੇ। ਜਦੋਂ ਉਹ ਹਟ ਗਏ, ਮੈਂ ਨਹੀਂ ਹਟਿਆ। ਮੈਂ ਫੇਰ ਆਪਣੇ ਟੈਂਟ, ਟਰਾਲੀ, ਆਪਣੀਓ ਕਾਰ ਵਿਚ ਜਾਣਾ, ਜਾ ਕੇ ਐਹੋ ਜਿਹੀਆਂ ਥਾਵਾਂ ਤੇ ਪਹੁੰਚਣਾ ਜਿਥੇ ਚਾਰ-ਚਾਰ ਮੀਲ ਮੈਨੂੰ ਤੁਰਦੇ ਨੂੰ ਹੋ ਜਾਣੇ। ਫੇਰ ਧੂੜ ਪੈਣੀ, ਧੂੜ ਦੇ ਨਾਲ ਲੱਥਪੱਥ ਹੋ ਜਾਣਾ ਤੇ ਉਥੇ ਜਾ ਕੇ ਇਹ ਵੀ ਸਾਰਾ ਖਰਚਾ ਆਪਣੇ ਕੋਲੋਂ ਕਰਨਾ। ਨਾ ਉਥੇ ਅਸੀਂ ਚਾਹ ਪੀਣੀ, ਨਾ ਰੋਟੀ ਖਾਣੀ ਉਸੇ ਤਰ੍ਹਾਂ ਘਰ ਵਾਪਸ ਆ ਜਾਣਾ, ਸੋ ਉਸ ਤਰ੍ਹਾਂ ਕਰਦਿਆਂ-ਕਰਦਿਆਂ ਇਕ ਲਹਿਰ ਚੱਲ ਪਈ। ਉਸ ਲਹਿਰ ਦੇ ਨਾਲ ਬੇਅੰਤ ਸੰਗਤ ਮੇਰੇ ਨਾਲ ਜੁੜ ਗਈ। ਹਜ਼ਾਰਾਂ ਦੀ ਤਾਦਾਦ 'ਚ। ਜਿੱਧਰ ਮੈਂ ਜਾਣਾ ਟਰਾਲੀਆਂ ਹੀ ਟਰਾਲੀਆਂ ਮੇਰੇ ਨਾਲ ਭਰੀਆਂ ਹੋਈਆਂ ਜਾਂਦੀਆਂ ਸੀ। ਕਿਉਂਕਿ ਉਨ੍ਹਾਂ ਨੂੰ ਵਿਸ਼ਵਾਸ਼ ਹੋ ਚੁੱਕਿਆ ਸੀ ਕਿ ਇਹ ਸਰਦਾਰ ਨੇ, ਨਾ ਤਾਂ ਆਪਣਾ ਕੋਈ ਨਿਜੀ ਲਾਭ ਲੈਣਾ ਹੈ ਇਹ ਤਾਂ ਆਪਣੇ ਪੱਲਿਓਂ ਪੈਸੇ ਖਰਚੀ ਜਾਂਦਾ ਹੈ ਹਰ ਥਾਂ ਦੇ ਉਤੇ। ਸੋ ਜਿਸ ਵਕਤ ਸੰਗਤ ਬਹੁਤ ਹੋ ਗਈ ਤਾਂ ਉਸ ਵੇਲੇ ਇਕ ਜਾਗ੍ਰਤੀ ਪੈਦਾ ਹੋ ਗਈ। ਜੁਰਮ ਸਿੱਖਾਂ ਦੇ ਵਿਚੋਂ ਨਿਕਲ ਗਿਆ। ਬਿਲਕੁਲ ਸਾਫ ਸੁਥਰਾ ਇਲਾਕਾ ਹੋ ਗਿਆ। ਦੋ ਤਿੰਨ ਜ਼ਿਲਿਆਂ 'ਚ ਮੈਂ ਕੰਮ ਸ਼ੁਰੂ ਕਰਿਆ ਸੀ ਤੇ ਪੁਲਿਸ ਦਾ ਜੋ ਜਰਨੈਲ ਸੀ ਉਹ ਘਰ ਆਇਆ। ਮੈਨੂੰ ਕਹਿਣ ਲੱਗਿਆ, ਮੈਂ ਰੋਟੀ ਖਾਣੀ ਹੈ। ਮੈਂ ਕਿਹਾ, ਜਰਨੈਲ ਸਾਹਿਬ! ਸਾਗ ਤੇ ਮੱਕੀ ਦੀ ਰੋਟੀ ਤਾਂ ਮਿਲ ਜਾਏਗੀ, ਤੁਹਾਡੇ ਵਾਲੇ ਮੁਰਗੇ ਨਹੀਂ ਇਥੇ ਮਿਲਣੇ। ਕਹਿੰਦਾ ਮੈਂ ਤਾਂ ਖਾਂਦਾ ਹੀ ਨਹੀਂ। ਮੈਂ ਤਾਂ ਤੁਹਾਡੇ ਨਾਲ ਬੜੀ ਖੁਸ਼ੀ ਮਹਿਸੂਸ ਕਰਦਾ ਹਾਂ ਤੇ ਤੁਸੀਂ ਮੈਨੂੰ ਬੈਠ ਕੇ ਪ੍ਰਸ਼ਾਦਾ ਛਕਾ ਦਿਓ। ਬੇਅੰਤ ਇਕੱਠੇ ਹੋ ਗਏ ਲੋਕ, ਕਿਉਂਕਿ ਜਿਥੇ ਪੁਲਿਸ ਜਰਨੈਲ ਹੈ ਉਥੇ ਆਉਣਾ ਹੈ ਸਾਰਿਆਂ ਨੇ। ਉਹਨੇ ਪ੍ਰਸ਼ਾਦਾ ਛਕਣ ਤੋਂ ਬਾਅਦ ਇਕ ਗੱਲ ਕਹੀ ਕਿ ਮੈਂ ਇਥੇ ਕਿਉਂ ਆਇਆਂ? ਮੇਰੀ ਜਦ ਕਿ ਵੱਡੇ-

ਵੱਡੇ ਆਦਮੀ ਮਿੰਨਤਾਂ ਕਰਦੇ ਨੇ, ਖੁਸ਼ਾਮਦਾਂ ਕਰਦੇ ਨੇ, ਇਥੇ ਮੈਂ ਆਪ ਮੰਗ ਕੀਤੀ ਹੈ ਪ੍ਰਸ਼ਾਦੇ ਦੀ। ਮੈਂ ਇਨ੍ਹਾਂ ਥਾਣਿਆਂ ਦੇ ਵਿਚ ਗੁਪਤ ਰਿਪੋਰਟ ਦੇ ਰਿਹਾ ਸੀ। ਜੁਰਮ ਸੂਚੀ ਜਦੋਂ ਮੈਂ ਚੁੱਕੀ ਮੈਂ ਹੈਰਾਨ ਹੋ ਗਿਆ ਕਿ ਇਹ ਤਾਂ ਸਾਰਿਆਂ ਤੋਂ ਵੱਧ crime ਵਾਲੇ ਜ਼ਿਲੇ ਸੀ। ਇਥੇ ਅਬਾਦਕਾਰ ਪੰਜਾਬੀ ਬੈਠੇ ਸੀ ਇਨ੍ਹਾਂ ਨੇ ਆ ਕੇ ਬਹੁਤ ਜੁਰਮ ਵਧਾ ਦਿਤੇ। ਹੁਣ ਮੈਂ ਦੇਖਿਆ ਕਿ ਹੁਣ ਜੁਰਮ ਹੈ ਨਹੀਂ। ਮੈਂ ਇਥੇ ਦੇ ਜ਼ਿਲਿਆਂ ਦਾ ਇੰਚਾਰਜ ਸੀ, ਸਬ ਇੰਸਪੈਕਟਰ ਸੀ, ਉਨ੍ਹਾਂ ਨੂੰ ਮੈਂ ਬਹੁਤ ਅੱਛੀਆਂ ਰਿਪੋਰਟਾਂ ਦਿਤੀਆਂ ਤਾਂ ਮੈਨੂੰ ਕਾਇਬਰੀ ਦੇ ਥਾਣੇਦਾਰ ਨੇ ਦੱਸਿਆ ਕਿ ਸਾਹਿਬ! ਅਸੀਂ ਰਿਪੋਰਟਾਂ ਤਾਂ ਲੈ ਲਈਆਂ, ਪਰ ਤੁਹਾਡੇ ਤੋਂ ਅਸੀਂ ਅਸਲੀ ਗੱਲ ਨਹੀਂ ਛੁਪਾਉਣਾ ਚਾਹੁੰਦੇ। ਕਹਿੰਦੇ ਇਥੇ ਇਕ ਸਰਦਾਰ ਆਇਆ ਹੈ, ਉਹ ਖੇਤੀ ਵੀ ਸਾਰਿਆਂ ਨਾਲੋਂ ਚੰਗੀ ਕਰਦਾ ਹੈ, ਪਰ ਉਹ ਘਰ-ਘਰ ਫਿਰਦਾ ਹੈ, ਕੁਛ ਗਾਉਂਦਾ ਹੈ, ਬੇਅੰਤ ਲੋਕ ਇਕੱਠੇ ਹੁੰਦੇ ਨੇ ਉਹਦੇ ਪਿਛੇ, ਸਮਝ ਲਓ ਇਲਾਕਾ ਹੀ ਲਗ ਗਿਆ। ਉਹਨੇ ਜਿਹੜੇ ਸ਼ਰਾਬਾਂ ਦੇ ਕੇਸ ਸੀ, ਡਰੰਮ ਭਰ ਕੇ ਸ਼ਰਾਬ ਕੱਢਦੇ ਸੀ ਉਹ ਵੀ ਹਟਾ ਦਿਤੇ। ਕਤਲ ਕਰਨੇ ਹਟਾ ਹੀ ਨਹੀਂ ਦਿਤੇ ਸਗੋਂ ਜਿਹੜੇ ਕਤਲ ਕੀਤੇ ਹੋਏ ਸੀ ਉਨ੍ਹਾਂ ਦੇ ਪੰਚਾਇਤੀ ਫੈਸਲੇ ਕਰਾ ਦਿਤੇ। ਉਹਦੇ ਨਾਲ ਹੋਰ ਜੁਰਮ ਡੰਗਰ ਚੋਰੀ ਵਗੈਰਾ ਦੇ ਸੀ, ਉਸ ਤੋਂ ਹਟਾ ਕੇ ਇਨ੍ਹਾਂ ਨੂੰ ਖੇਤੀ ਕਰਨ ਲਾ ਦਿਤਾ। ਸੋ ਅਸੀਂ ਤਾਂ ਹੁਣ ਵਿਹਲੇ ਬੈਠੇ ਹਾਂ ਪੁਲਿਸ ਵਾਲੇ ਤੇ ਕਰੈਡਿਟ ਉਹਨੂੰ ਜਾਣਾ ਚਾਹੀਦਾ ਹੈ। ਸੋ ਕਹਿਣ ਲੱਗਿਆ ਕਿ ਮੈਂ ਏਸ ਕਰਕੇ ਇਥੇ ਅੱਜ ਪ੍ਰਸ਼ਾਦਾ ਛਕਿਆ ਹੈ ਕਿ ਤੁਸੀਂ ਸਾਡੀ ਬਹੁਤ ਵੱਡੀ ਮਦਦ ਕੀਤੀ ਹੈ।

ਇਸ ਤਰ੍ਹਾਂ ਖੇਤੀ ਦੇ ਵਿਚ ਮੈਂ ਬਹੁਤ ਮਾਹਿਰ ਸੀ, ਯੂਨੀਵਰਸਿਟੀ ਦਾ ਮੈਂ ਮੈਂਬਰ ਸੀ। ਉਸ ਤੋਂ ਬਾਅਦ ਇਕ ਦਮ ਐਸੇ ਹਾਲਾਤ ਹੋ ਗਏ ਕਿ ਮੈਨੂੰ ਜ਼ਮੀਨ ਵੇਚਣੀ ਪਈ, ਬੱਚੇ ਅਮਰੀਕਾ ਚਲੇ ਗਏ। ਮੈਂ ਇਕੱਲਾ ਰਿਹਾ। ਉਸ ਵੇਲੇ ਮੈਂ ਸਾਰਾ ਫਾਰਮ ਵਗੈਰਾ ਵੇਚ ਕੇ ਇਥੇ ਆਇਆ ਚੰਡੀਗੜ੍ਹ। ਇਹਦਾ ਆਲੇ-ਦੁਆਲੇ ਦਾ ਇਲਾਕਾ ਦੇਖਿਆ ਤਾਂ ਮੈਂ ਹੈਰਾਨ ਹੋ ਗਿਆ ਕਿ ਚੰਡੀਗੜ੍ਹ ਵਰਗਾ ਸ਼ਹਿਰ, ਗੁਰਦੁਆਰੇ ਹੀ ਗੁਰਦੁਆਰੇ ਹਰ ਸੈਕਟਰ ਵਿਚ, ਆਹ ਲੋਕਾਂ ਦਾ ਕੀ ਹਾਲ ਹੈ। ਮੇਰੇ ਘਰੋਂ ਮੇਰੇ ਪਤਨੀ ਮੇਰੇ ਨਾਲ ਹੀ ਰਹਿੰਦੇ ਸੀ। ਅਸੀਂ ਸਲਾਹ ਕਰੀ ਕਿ ਹੁਣ ਤਾਂ ਆਪਾਂ ਬਿਜ਼ਨਸ ਕੋਈ ਨਹੀਂ ਕਰਨੀ। ਆਪਾਂ ਜੇ ਕਰਨਾ ਹੈ ਤਾਂ ਗੁਰੂ ਦਾ ਕੰਮ ਕਰਨਾ ਹੈ। ਉਸ ਵੇਲੇ ਮੈਂ ਘਰ-ਘਰ, ਪਿੰਡ-ਪਿੰਡ ਫਿਰਿਆ, ਆਪਣੇ ਖਰਚ, ਆਪਣੇ ਲੋਕ ਅਜੇ ਆਦੀ ਨਹੀਂ ਸੀ ਸਤਿਸੰਗ ਦੇ। ਸੋ ਆਪਣਾ ਸਾਰਾ ਖਰਚਾ ਕਰਕੇ, ਉਨ੍ਹਾਂ ਨੂੰ ਬੁਲਾਉਣਾ, ਜੋ ਚੜ੍ਹਾਵਾ ਚੜ੍ਹਨਾ ਉਨ੍ਹਾਂ ਨੂੰ ਕਹਿਣਾ ਕਿ ਇਹਦੇ ਬਰਤਨ ਬਣਾ ਲਓ, ਇਹਦੇ ਸ਼ਾਮਿਆਨੇ ਬਣਾ ਲਓ। ਸੋ ਇਸ ਤਰ੍ਹਾਂ ਪੰਜ-ਪੰਜ ਦਿਨ ਦੇ ਦੀਵਾਨ, ਦੋ-ਦੋ ਤਿੰਨ ਤਿੰਨ ਥਾਂ ਲਾਉਣੇ। ਰਾਤ ਨੂੰ ਮੈਂ ਘਰ ਆਉਣਾ ਇਕ ਵਜੇ। ਸੋ ਉਹਦਾ ਨਤੀਜਾ ਇਹ ਹੋਇਆ ਕਿ ਮੇਰੇ ਨਾਲ ਇਕ ਲਾਈਨ ਬੰਨ੍ਹ ਕੇ ਨਾਲ ਚੱਲ ਪਏ ਸਾਰੇ। ਮੈਂ ਕੋਈ ਪਿੰਡ ਛੱਡਦਾ ਨਹੀਂ ਸੀ। ਨੇਮ ਕਰਿਆ ਕਿ ਇਕ ਪਿੰਡ ਤੋਂ ਬਾਅਦ ਦੂਸਰਾ, ਦੂਸਰੇ ਤੋਂ ਬਾਅਦ ਤੀਸਰਾ। ਉਹਦੇ ਨਾਲ ਸਿੱਖੀ ਦਾ ਪ੍ਰਚਾਰ ਹੋ ਗਿਆ। ਉਥੇ ਕਿਉਂ ਨਹੀਂ ਪ੍ਰਚਾਰ ਹੋਇਆ ਕਿਉਂਕਿ ਪਹਿਲਾਂ ਗੁਰੂ ਮਹਾਰਾਜ ਗੁਰੂ ਛੇਵੇਂ ਪਾਤਸ਼ਾਹ ਉਸ ਇਲਾਕੇ 'ਚ ਰਹੇ, ਸੱਤਵੇਂ, ਅੱਠਵੇਂ, ਨੌਵੇਂ, ਦਸਵੇਂ ਪਾਤਸ਼ਾਹ ਉਥੇ ਰਹੇ। ਸ਼ਹੀਦਾਂ ਦਾ ਜਿਹੜਾ ਖ਼ੂਨ ਹੈ ਉਤੇ ਕਣ-ਕਣ ਦੇ ਉਤੇ ਡੁਲ੍ਹਿਆ ਹੋਣ ਦੇ ਬਾਵਜੂਦ ਵੀ ਉਥੇ ਸਿੱਖੀ ਦਾ ਨਾਮ ਨਿਸ਼ਾਨ ਨਹੀਂ ਸੀ। ਸ਼੍ਰੋਮਣੀ ਕਮੇਟੀ ਦੇ ਉਥੇ ਪ੍ਰਚਾਰਕ ਵਗੈਰਾ ਫਿਰਦੇ ਸੀ ਵਿਚਾਰੇ helpless ਮਜਬੂਰ ਸੀ, ਕੁਛ ਬਣਿਆ ਨਹੀਂ ਸੀ ਉਨ੍ਹਾਂ ਦਿਨਾਂ ਵਿਚ। ਜਦੋਂ ਇਹ ਲਹਿਰ ਬਣੀ ਉਸ ਵੇਲੇ ਸਭ ਲੋਕ ਇਕੱਠੇ ਹੋ ਗਏ। ਤਮਾਕੂ ਦੀ ਕਾਸ਼ਤ ਬੰਦ ਹੋ ਗਈ, ਜਰਦਾ ਖਾਣ ਤੋਂ ਮੈਂ ਬੰਦ ਕਰ ਦਿਤੇ ਤਾਂ ਸਿੱਖੀ ਦੀ ਲਹਿਰ ਚਲ ਪਈ। ਸਿੱਖੀ ਦੀ ਲਹਿਰ ਐਨੀ ਚੱਲੀ ਕਿ ਸਾਰੇ ਪਿੰਡਾਂ ਦੇ ਅੰਦਰ ਕੀਰਤਨ ਸ਼ੁਰੂ ਹੋ ਗਿਆ। ਦੂਸਰਾ ਮੈਂ ਕਿਹਾ ਕਿ ਤੁਸੀਂ ਗ੍ਰੰਥੀਆਂ ਦੇ ਸਿਰ ਤੇ ਨਾ ਰਹੋ, ਤੁਹਾਨੂੰ ਮੈਂ ਪੜ੍ਹਾਉਂਦਾ ਹਾਂ, ਕੀਰਤਨ ਸਿਖਾਉਂਦਾ ਹਾਂ, ਤੁਸੀਂ ਆਪਣੇ ਇਲਾਕੇ ਦੇ ਅਨੰਦ ਕਾਰਜ ਆਪ ਕਰੋ। ਆਪਣੇ ਆਪ ਅਖੰਡਪਾਠਾਂ ਦੇ ਭੋਗ ਪਾਓ। ਤੁਸੀਂ ਕਿਉਂ ਇਨ੍ਹਾਂ ਤੇ ਨਿਰਭਰ ਹੁੰਦੇ ਹੋ। ਸੋ ਉਨ੍ਹਾਂ ਨੇ ਮੇਰੀ ਗੱਲ ਮੰਨੀ। ਅੱਜ ਹਰ ਪਿੰਡ ਦੇ ਵਿਚ ਜਥਾ ਹੈ ਜਿਹੜਾ ਆਪਣਾ ਕੰਮ ਆਪ ਕਰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਮੈਂ ਉਸ ਥਾਂ ਦੇ ਉਤੇ ਪ੍ਰਚਾਰ ਕਰਦਾ ਰਿਹਾ। ਸਭ ਕੁਛ ਗੁਰੂ ਮਹਾਰਾਜ ਨੇ ਮੇਰੇ ਤੋਂ ਕਰਾਇਆ, ਮੈਂ ਨਹੀਂ ਕਰਿਆ। ਪਰ ਸਾਡਾ ਤਾਂ ਇਹ ਅਸੂਲ ਜਿਹੜਾ ਮੇਰਾ ਅੰਦਰ ਦਿਲ 'ਚੋਂ ਹੈ, ਉਹ ਇਹ ਹੈ ਕਿ ਮੈਂ ਆਪਣਾ ਫਰਜ਼ ਸਮਝਦਾ ਸੀ। ਮੈਂ ਇਸ ਕਰਕੇ ਨਹੀਂ ਸੀ ਕਰਦਾ ਕਿ ਮੈਨੂੰ ਕੋਈ ਕਹੇ ਜਾਂ ਮੈਨੂੰ ਕੋਈ ਕੁਛ ਦੇਵੇ। ਉਥੇ ਪ੍ਰਚਾਰ ਹੋਣ ਦਾ ਕਾਰਨ ਇਹ ਸੀ। ਉਹ ਇਲਾਕਾ ਜਿਹੜਾ ਸੀ ਉਹ ਗਰੀਬ ਸੀ, ਫਸਲਾਂ ਉਥੇ ਹੁੰਦੀਆਂ ਨਹੀਂ ਸੀ। ਗਰੀਬ ਲੋਕ ਸੀਗੇ। ਦੁੱਧ ਵੇਚ ਦਿੰਦੇ ਸੀ, ਉਨ੍ਹਾਂ ਵਿਚ ਤਾਕਤ ਹੈ ਨਹੀਂ ਸੀ, ਉਹ ਨਸ਼ੇ ਵਰਤ ਕੇ ਆਪਣੇ ਦਿਨ ਪੂਰੇ ਕਰਦੇ ਸੀ। ਨਸ਼ੇ ਬੰਦ ਹੋ ਗਏ, ਵਧੀਆ ਖੇਤੀਆਂ ਹੋ ਗਈਆਂ। ਬਿਜਲੀ ਆ ਗਈ, ਲੋਕਾਂ ਵਿਚ ਏਕਤਾ ਵਧ ਗਈ, ਉਹਦੇ ਨਾਲ ਉਨ੍ਹਾਂ ਨੂੰ ਪਤਾ ਲਗ ਗਿਆ ਕਿ ਸਾਡੀ

ਹੋਂਦ ਕੀ ਹੈ? ਤੇ ਅੱਜ ਉਥੇ ਕੋਈ ਤਮਾਕੂ ਨਹੀਂ ਬੀਜਦਾ, ਪਿੰਡਾਂ ਦੇ ਪਿੰਡ ਖੁਸ਼ਹਾਲੀ ਵਿਚ ਆ ਗਏ ਨੇ। ਸੋ ਉਸ ਤੋਂ ਬਾਅਦ ਸਾਰਿਆਂ ਨੇ ਕਿਹਾ ਕਿ ਤੁਸੀਂ ਕੋਈ ਸੈਂਟਰਲ ਪੁਆਇੰਟ ਬਣਾਓ। ਮੈਂ ਕਿਹਾ ਮੈਂ ਨਹੀਂ ਬਣਾਉਣਾ, ਕਿਉਂਕਿ ਬਾਅਦ ਵਿਚ ਰੌਲੇ ਪੈ ਜਾਂਦੇ ਨੇ। ਪਰ ਹਰਪਾਲ ਸਿੰਘ ਨੇ ਜਿਹੜੇ ਸਰਪੰਚ ਮੇਰੇ ਬਰਾਬਰ ਬੈਠੇ ਨੇ, ਇਹ ਸਾਡੇ ਆਸ਼ਰਮ ਦੇ ਵਿਚ ਰਹਿੰਦੇ ਨੇ, ਇੰਜਨੀਅਰਿੰਗ ਛੱਡ ਕੇ ਇਹ ਏਸ ਪਾਸੇ ਆਏ ਨੇ। ਭਰਾ ਇਨ੍ਹਾਂ ਦੇ ਇੰਜਨੀਅਰ ਨੇ ਤੇ ਇਨ੍ਹਾਂ ਨੇ ਆਪਣੇ ਪਿੰਡ ਦੇ ਨਾਲ ਲਗਦੀ ਨਦੀ ਦੀ ਜ਼ਮੀਨ ਸੀ ਉਹਦੇ ਵਿਚ ਮੈਨੂੰ ਕਿਹਾ ਕਿ ਇਥੇ ਬਣਾ ਲਓ। ਉਥੇ ਆਸ਼ਰਮ ਬਣਾਇਆ ਤੇ 50 ਏਕੜ ਦੀ ਜ਼ਮੀਨ ਲੈ ਕੇ ਉਨ੍ਹਾਂ ਨੂੰ ਦਿਤੀ। ਟਰੱਸਟ ਬਣਾਇਆ, ਉਥੇ ਮੈਂ ਆਪਣੇ ਖਾਣ ਵਾਸਤੇ 4 ਏਕੜ ਜ਼ਮੀਨ ਖਰੀਦੀ ਤੇ ਇਨ੍ਹਾਂ ਨੂੰ ਦੇ ਦਿਤੀ। ਮੱਝਾਂ ਗਾਵਾਂ ਲਈਆਂ ਉਹ ਵੀ ਇਨ੍ਹਾਂ ਨੂੰ ਸੰਭਾਲ ਦਿਤੀਆਂ ਤਾਂ ਕਿ ਲੰਗਰ ਵਿਚੋਂ ਜੇ ਕਦੇ ਦੁੱਧ ਆਵੇ, ਐਸਾ ਨਾ ਹੋਵੇ ਕਿ ਪੂਜਾ ਦਾ ਧਾਨ ਮੇਰੇ ਕੋਲ ਆ ਜਾਵੇ। ਮੇਰੇ ਘਰੋਂ ਬੀਬੀ ਐਨੀ ਸਖਤ ਸੀ ਕਿ ਜੇ ਕਿਤੋਂ ਸਿਰੋਪਾ ਮਿਲ ਜਾਵੇ ਉਹਨੂੰ ਅੰਦਰ ਨਹੀਂ ਸੀ ਵੜਨ ਦਿੰਦੀ, ਕਹਿੰਦੀ ਇਹਦੇ ਵਿਚ ਪੂਜਾ ਦੇ ਧਾਨ ਦੀ ਅੰਸ ਹੈ ਮੈਂ ਨਹੀਂ ਅੰਦਰ ਵੜਨ ਦੇਣਾ। ਬੜੀ ਮੁਸ਼ਕਲ ਹੋ ਗਈ। 1986 ਤੱਕ ਮੈਂ ਸਾਰਾ ਖਰਚਾ ਆਪਣੀ ਜੇਬ ਵਿਚੋਂ ਕਰਿਆ। ਆਪਣੇ ਲਾਊਡ ਸਪੀਕਰ, ਆਪਣੀ ਬਿਜਲੀ, ਆਪਣੇ ਸ਼ਾਮਿਆਨੇ, ਸੰਸਥਾ ਬਣ ਗਈ। ਉਸ ਤੋਂ ਬਾਅਦ ਆਸ਼ਰਮ ਬਣਿਆ, ਫੇਰ ਅਸੀਂ ਕਿਹਾ ਜਿਹੜਾ ਕੁਛ ਦੇਣਾ ਹੈ ਇਥੇ ਦੇ ਦਿਓ ਪਰ ਅਜੇ ਵੀ ਸਾਡੇ ਅਸੂਲ ਨੇ ਜਥਿਆਂ ਦੇ ਕਿ ਅਸੀਂ ਅਨੰਦ ਕਾਰਜ ਲੜਕੀਆਂ ਦੇ ਫਰੀ ਕਰਦੇ ਹਾਂ। ਫਰੀ ਹੀ ਨਹੀਂ ਕਰਦੇ ਉਹਨੂੰ ਸ਼ਗਨ, ਸੂਟ ਵਗੈਰਾ ਦੇ ਕੇ ਆਉਂਦੇ ਹਾਂ। ਦੂਸਰਾ ਇਹ ਹੈ ਕਿ ਸਾਡੇ ਜਦੋਂ ਦੀਵਾਨ ਗੁਰਦਵਾਰਿਆਂ 'ਚ ਲਗਦੇ ਨੇ ਉਥੇ ਨਾ ਅਸੀਂ ਵਾਜਿਆਂ ਦੇ ਉਤੇ ਭੇਟਾ ਚੜ੍ਹਨ ਦਿੰਦੇ ਹਾਂ ਤੇ ਨਾ ਅਸੀਂ ਗੁਰਦਵਾਰਿਆਂ ਤੋਂ ਸਿਰੋਪਾ ਲੈਂਦੇ ਹਾਂ ਕਿਉਂਕਿ ਸਾਡੀ ਨਿਗ੍ਹਾ ਦੇ ਵਿਚ ਸਾਰੇ ਗੁਰਦੁਆਰੇ ਇਕੋ ਹੀ ਨੇ। ਹੁਣ ਮੈਂ ਇਥੇ ਇੰਗਲੈਂਡ ਵਿਚ ਦੋ ਗੁਰਦਵਾਰਿਆਂ ਵਿਚ ਮੈਂ ਗਿਆ ਹਾਂ, ਮੈਂ ਕਿਹਾ ਕਿ ਸ਼ਬਦ ਭੇਟ ਨਹੀਂ ਤੁਸੀਂ ਕਿਸੇ ਨੇ ਵੀ ਰੱਖਣੀ। ਇਕਾਗਰਤਾ ਟੁਟਦੀ ਹੈ, ਦੂਜਾ ਗੁਰੂ ਗ੍ਰੰਥ ਸਾਹਿਬ ਦੇ ਹੁੰਦੇ ਹੋਏ ਮੇਰੀ ਮਾਨਤਾ ਨਹੀਂ ਕਰਨੀ। ਅਗਲੀ ਗੱਲ ਇਹ ਹੈ ਮੈਨੂੰ ਤੁਸੀਂ ਸਿਰੋਪਾ ਨਹੀਂ ਦੇਣਾ। ਇਹ ਗੁਰਦੁਆਰਾ ਵੀ ਮੇਰਾ ਹੈ ਉਹ ਗੁਰਦੁਆਰਾ ਵੀ ਮੇਰਾ ਹੀ ਹੈ। ਇਥੇ ਵੀ ਲੰਗਰ ਚਲਦਾ ਹੈ, ਉਥੇ ਵੀ ਲੰਗਰ ਚਲਦਾ ਹੈ। ਸੋ ਇਸ ਕਰਕੇ ਇਹ ਸਾਡਾ ਅਸੂਲ ਹੈ ਕਿ ਇਹ ਚੀਜ਼ਾਂ ਨਹੀਂ ਕਰਨੀਆਂ। ਸੰਤ ਮਹਾਰਾਜ ਜੀ ਦੇ ਨਾਲ ਵੀ ਮੇਰਾ ਬੜਾ ਸੰਪਰਕ ਰਿਹਾ। ਬਹੁਤ ਵੱਡੀਆਂ ਫਿਲਾਸਫੀ ਦੀਆਂ ਗੱਲਾਂ ਉਨ੍ਹਾਂ ਤੋਂ ਸੁਣਦਾ ਰਹਿੰਦਾ ਸੀ, ਉਨ੍ਹਾਂ ਦੇ ਬੜੀ ਮਿਹਰ ਸੀ ਮੇਰੇ ਉਤੇ। ਉਹ ਚਾਹੁੰਦੇ ਸੀ ਕਿ ਇਹ ਕੁਛ ਕਰੇ। 1973 ਦੀ ਬਾਤ ਹੈ। ਕਰਨਲ ਲਾਲ ਸਿੰਘ ਚੜ੍ਹਾਈ ਕਰ ਗਏ। ਉਹ ਮੇਰੇ ਬੜੇ ਮਿੱਤਰ ਸੀ। ਮੈਨੂੰ ਕਹਿਣ ਲੱਗੇ ਕਿ ਤੇਰੀ ਸੱਜੀ ਬਾਂਹ ਟੁੱਟ ਗਈ। ਮੈਂ ਕਿਹਾ ਹਾਂ ਮਹਾਰਾਜ। ਕਹਿੰਦੇ ਅਸਾਥੋਂ ਇਕ ਲੱਖ ਰੁਪਿਆ ਲੈ ਜਾਓ, 20 ਹਜ਼ਾਰ ਰੁਪਏ ਦੀ ਜੀਪ ਆਉਂਦੀ ਹੈ ਨਵੀਂ, ਜਰਨੇਟਰ ਲੈ ਲਓ, ਹੋਰ ਸਾਰੀਆਂ ਚੀਜ਼ਾਂ ਲੈ ਲਓ ਤੁਸੀਂ ਤੇ ਫਿਲਮਾਂ ਬਣਾ ਕੇ ਪ੍ਰਚਾਰ ਕਰੋ। ਮੈਨੂੰ ਕੋਈ ਪਤਾ ਨਹੀਂ ਸੀ ਕਿ ਫਿਲਮ ਕਿਵੇਂ ਬਣਦੀ ਹੈ। ਤਿੰਨ ਵਾਰੀ ਉਨ੍ਹਾਂ ਨੇ ਬਚਨ ਕਰਿਆ, ਪੈਸੇ ਦੇਣ ਲਈ, ਮੈਂ ਲਏ ਨਹੀਂ। ਮੈਂ ਕਿਹਾ ਸੰਤਾਂ ਕੋਲੋਂ ਨਹੀਂ ਮੈਂ ਪੈਸੇ ਲੈਣੇ। ਕਹਿੰਦੇ ਫੇਰ ਕਿਵੇਂ ਕਰੇਂਗਾ? ਮੈਂ ਕਿਹਾ ਮੇਰੀ ਕਮਾਈ 'ਚ ਬਰਕਤ ਪਾ ਦਿਓ, ਮੈਂ ਆਪਣੀ ਕਮਾਈ 'ਚੋਂ ਸਾਰਾ ਕੁਝ ਲਵਾਂ। ਕਹਿੰਦੇ ਉਹਦੇ ਵਿਚ ਤਾਂ ਪਈ ਹੀ ਹੋਈ, ਹੋਰ ਪੈ ਜਾਏਗੀ।

ਸੋ ਸੰਤ ਮਹਾਰਾਜ ਜੀ ਜਦੋਂ ਬ੍ਰਹਮਲੀਨ ਹੋ ਗਏ, ਜੋਤੀ ਜੋਤ ਸਮਾਅ ਗਏ। ਮੈਂ ਭੁੱਲ ਗਿਆ, ਮੈਂ ਇਸ ਗੱਲ ਨੂੰ ਕੋਈ ਮਹੱਤਤਾ ਨਹੀਂ ਦਿਤੀ ਕਿ ਮੈਂ ਇਕ ਲੱਖ ਰੁਪਿਆ ਛੱਡਿਐ। ਉਹ ਇਕ ਲੱਖ ਰੁਪਿਆ ਅੱਜ ਦੇ 30 ਲੱਖ ਰੁਪਏ ਦੇ ਬਰਾਬਰ ਹੈ। ਸੋ ਸੰਨ 1986 ਵਿਚ ਮੈਨੂੰ ਕਿਸੇ ਨੇ ਦੱਸਿਆ ਕਿ ਮੈਂ ਸੰਤ ਮਹਾਰਾਜ ਦੀ ਡਾਇਰੀ ਪੜ੍ਹੀ ਹੈ, ਉਥੇ ਇਕ ਪਾਸੇ ਗ੍ਰਹਿਣ ਲਿਖਿਆ ਹੋਇਆ ਹੈ, ਇਕ ਪਾਸੇ ਤਿਆਗ ਲਿਖਿਆ ਹੋਇਆ ਹੈ। ਕਹਿੰਦੇ ਤੁਹਾਡੇ ਬਾਰੇ ਇਹ ਸ਼ਬਦ ਲਿਖੇ ਹੋਏ ਨੇ ਕਿ ਮੈਂ ਵਰਿਆਮ ਸਿੰਘ ਨੂੰ ਇਕ ਲੱਖ ਰੁਪਿਆ ਦੇਣ ਦੀ ਪੇਸ਼ਕਸ਼ ਕਰੀ। ਤਿੰਨ ਵਾਰੀ ਮੈਂ ਤਿੰਨ ਬਚਨ ਕੀਤੇ ਪਰ ਉਹਨੇ ਤਿੰਨੋਂ ਮੋੜ ਦਿਤੇ। ਮੇਰਾ ਮਨ ਬੜਾ ਹੀ ਖੁਸ਼ ਹੋਇਆ ਕਿ ਉਹਦੇ ਅੰਦਰ ਤਿਆਗ ਦੀ ਕਿੰਨੀ ਭਾਵਨਾ ਹੈ। ਦੂਜੇ ਪਾਸੇ ਜਿਨ੍ਹਾਂ ਨੇ ਮੇਰੇ ਤੋਂ ਥੋੜ੍ਹੇ-ਥੋੜ੍ਹੇ ਪੈਸੇ ਲਏ ਮਦਦ ਵਾਸਤੇ। ਉਹ ਵਿਚੇ ਹੀ ਖਾ ਪੀ ਗਏ ਕਿਸੇ ਨੇ ਵਾਪਸ ਵੀ ਨਹੀਂ ਕਰੇ। ਸੋ ਇਸ ਤਰ੍ਹਾਂ ਸੰਤ ਮਹਾਰਾਜ ਜੀ ਦੇ ਨਾਲ ਬਹੁਤ ਪਿਆਰ ਸੀ। ਉਨ੍ਹਾਂ ਦੇ ਪਿਆਰ ਵਿਚ ਹੀ ਮੈਂ ਜੀਅ ਰਿਹਾ ਹਾਂ। ਮੇਰੇ ਕੋਲ ਆਪਣੇ ਖਾਣ ਪੀਣ ਵਾਸਤੇ ਬੇਅੰਤ ਹੈ। ਆਪਣੀ ਕੋਠੀ ਹੈ, ਆਪਣਾ ਪੈਸਾ ਹੈ। ਤੇ ਜਿਹੜੇ ਇਥੇ ਪੈਸੇ offer ਹੁੰਦੇ ਨੇ ਇਹ ਸਾਰੇ ਦੇ ਸਾਰੇ ਆਸ਼ਰਮ ਵਿਚ ਜਾਂਦੇ ਨੇ। ਉਸ ਆਸ਼ਰਮ ਦੇ ਵਿਚ 24 ਘੰਟੇ ਲੰਗਰ ਚਲਦਾ ਹੈ। ਬਿਰਧ ਜਿਹੜੇ ਨੇੜੇ

ਤੇੜੇ ਦੇ ਆਪਣੀ ਕਿਰਿਆ ਸੰਭਾਲਣ ਵਾਲੇ ਨੇ, ਉਨ੍ਹਾਂ ਨੂੰ ਉਥੇ ਅਸੀਂ ਥਾਂ ਦਿੰਦੇ ਹਾਂ। 1986 ਤੋਂ ਲੈ ਕੇ ਹੁਣ ਤੱਕ ਉਸ ਵਿਚ 102 ਕਮਰਾ ਬਣ ਚੁੱਕਿਆ ਹੈ। 50 ਏਕੜ ਜ਼ਮੀਨ ਲੈ ਕੇ ਦੇ ਦਿਤੀ ਹੈ। ਹੁਣ ਸਾਡਾ ਖਿਆਲ ਹੈ, ਜ਼ਮੀਨ ਸਾਨੂੰ ਹੋਰ ਮਿਲ ਰਹੀ ਹੈ, ਉਹਦੇ ਵਿਚ ਅਸੀਂ NRI, ਬਾਹਰਲੇ ਜਿਹੜੇ ਰਹਿਣ ਵਾਲੇ ਨੇ ਉਨ੍ਹਾਂ ਨੂੰ ਅਸੀਂ ਪੇਸ਼ਕਸ਼ ਕਰਦੇ ਹਾਂ ਕਿ ਤੁਸੀਂ ਉਥੇ ਸਕੂਲ ਬਣਾਓ ਆਪਣੇ ਪ੍ਰਬੰਧ ਦੇ ਹੇਠ ਤੇ ਅਮਰੀਕਾ ਦੇ ਬੱਚਿਆਂ ਨੂੰ ਪੜ੍ਹਨ ਵਾਸਤੇ ਬਹੁਤ ਤਕਲੀਫ ਹੈ। ਜੇ ਬੱਚਾ ਕੇਸਾਧਾਰੀ ਜਾਂਦਾ ਹੈ ਤਾਂ ਉਹਨੂੰ she ਕਹਿੰਦੇ ਨੇ। ਬੱਚਿਆਂ ਦੀ ਇਸ ਗੱਲ ਨੂੰ ਮਾਂ ਬਾਪ ਵੀ ਬਹੁਤ ਮਹਿਸੂਸ ਕਰਦੇ ਨੇ ਤੇ ਇਸ ਕਰਕੇ ਉਸ ਦੇ ਕੇਸ ਕੱਟ ਦਿੰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਜਿਨ੍ਹਾਂ ਨੇ ਬੱਚਿਆਂ ਨੂੰ ਪੜ੍ਹਾਉਣਾ ਹੈ। ਉਹ ਕੋਈ ਕਾਨੇਡਾ ਭੇਜਦਾ ਹੈ, ਕੋਈ ਦੇਹਰਾਦੂਨ ਭੇਜਦਾ ਹੈ, ਖਰਚੇ ਬੜੇ ਨੇ, ਅਸੀਂ ਤੁਹਾਨੂੰ ਓਫਿਰ ਕਰਦੇ ਹਾਂ ਕਿ ਤੁਸੀਂ ਆਪਣੇ ਬੱਚਿਆਂ ਨੂੰ ਆਪ ਹੀ ਪੜ੍ਹਾਓ, ਜ਼ਮੀਨ ਸਾਡੇ ਤੋਂ ਲਓ, ਬੱਚਿਆਂ ਦੇ ਮਾਂ ਬਾਪ ਦੇ ਰਹਿਣ ਲਈ ਸਾਡੇ ਕੋਲ ਰਿਹਾਇਸ਼ ਲਈ ਵਧੀਆ ਕਮਰੇ ਨੇ। ਉਹ ਜਦੋਂ ਆਪਣੇ ਬੱਚਿਆਂ ਨੂੰ ਮਿਲਣ ਆਉਣ ਤਾਂ ਸਾਡੇ ਕੋਲ ਰਹਿਣਗੇ, ਸਾਡੇ ਕੋਲ ਪ੍ਰਸ਼ਾਦਾ ਛਕਣਗੇ। ਜਿਹੜੇ ਬੱਚੇ ਪੜ੍ਹਨਗੇ, ਉਨ੍ਹਾਂ ਨੂੰ ਗੁਰਦੁਆਰੇ ਦੀ ਲੋੜ ਹੈ, ਅਸੀਂ ਉਨ੍ਹਾਂ ਨੂੰ ਰੂਹਾਨੀ ਕਦਰਾਂ ਕੀਮਤਾਂ ਦੱਸਾਂਗੇ। ਇਹ ਨਹੀਂ ਕਿ ਉਨ੍ਹਾਂ ਨੂੰ ਕਿਸੇ ਧਰਮ ਦੇ ਵਿਚ ਅਸੀਂ ਖਿੱਚਾ-ਖਾਚੀ ਕਰਕੇ ਲੈ ਗਏ। ਅਸੀਂ ਇਹ ਚਾਹੁੰਦੇ ਹਾਂ ਕਿ ਰੂਹਾਨੀ ਕਦਰਾਂ ਕੀਮਤਾਂ ਨਾ ਹੋਣ ਤਾਂ ਧਰਮ ਦਾ ਭੇਖ ਜਿਹੜਾ ਹੈ ਉਹ ਕੋਈ ਕੰਮ ਨਹੀਂ ਕਰਿਆ ਕਰਦਾ। ਸੋ ਇਹ ਪੇਸ਼ਕਸ਼ ਕਰਨ ਵਾਸਤੇ ਅਸੀਂ ਇਥੇ ਆਏ ਹਾਂ।

ਸੋ ਹੁਣ ਜਦੋਂ ਮੈਂ ਇਥੇ ਆਇਆ ਹਾਂ ਤਾਂ ਖਹਿਰਾ ਪਰਿਵਾਰ ਦੀ ਬਹੁਤ ਵੱਡੀ ਭਾਵਨਾ ਸੀ, ਉਨ੍ਹਾਂ ਨੇ ਕਈ ਵਾਰੀ ਮੈਨੂੰ ਕਿਹਾ ਸੀ। ਟਾਈਮ ਲੰਘਦਾ ਗਿਆ, ਅਮਰੀਕਾ ਵਾਲੇ ਵੀ ਦੋ ਸਾਲ ਤੋਂ ਮੈਨੂੰ ਕਹਿ ਰਹੇ ਨੇ ਕਿ ਉਥੇ ਆਓ। ਆਸਟਰੇਲੀਆ ਵਾਲੇ, ਕਾਨੇਡਾ ਵਾਲੇ ਕਹਿ ਰਹੇ ਨੇ ਪਰ ਮੈਨੂੰ ਫੁਰਸਤ ਨਾ ਹੋਣ ਕਰਕੇ ਮੈਂ ਜਾ ਨਹੀਂ ਸਕਦਾ ਤੇ ਮੈਂ ਸਿਰਫ ਸੱਤ ਦਿਨ ਵਾਸਤੇ ਇਥੇ ਆਇਆ ਹਾਂ। ਬਾਕੀ ਜੋ ਸਾਡੀ ਧਾਰਮਿਕ ਲਹਿਰ ਹੈ ਉਸ ਵਿਚ 700 ਫਿਲਮ ਸਾਡੀ ਬਣ ਚੁੱਕੀ ਹੈ ਜਿਹੜੀ ਵੱਖਰੇ-ਵੱਖਰੇ ਸਬਜੈਕਟ ਤੇ ਗੁਰਮਤਿ ਸਿਧਾਂਤ ਨਿਖਾਰ-ਨਿਖਾਰ ਕੇ ਦੱਸੇ ਨੇ।

ਮਿਸਾਲ ਦੇ ਤੌਰ ਤੇ ਗੁਰੂ ਅੰਗਦ ਸਾਹਿਬ ਮਹਾਰਾਜ ਗੁਰੂ ਨਾਨਕ ਸਾਹਿਬ ਦੇ ਕੋਲ ਬੜੇ ਥੋੜ੍ਹੇ ਸਮੇਂ ਵਾਸਤੇ ਰਹੇ ਤੇ ਉਸ ਸਮੇਂ ਦੇ ਵਿਚ ਕਿਹੜੀ ਗੱਲ ਉਨ੍ਹਾਂ ਨੇ ਕੀਤੀ ਕਿ ਗੁਰੂ ਨਾਨਕ ਪਾਤਸ਼ਾਹ ਨੂੰ ਵੀ ਉਨ੍ਹਾਂ ਦੇ ਚਰਨਾਂ ਤੇ ਆਪਣਾ ਮਸਤਕ ਨਿਵਾਉਣਾ ਪਿਆ। ਇਸ ਗੱਲ ਨੂੰ ਖੋਲ੍ਹਣ ਵਾਸਤੇ, ਕਿਉਂਕਿ ਇਹ ਗੱਲ ਇਤਿਹਾਸ ਦੇ ਅੰਦਰ ਆਉਂਦੀ ਹੈ ਕਿ ਗੋਰਖਨਾਥ ਨੇ ਵੀ ਇਸ ਗੱਲ ਨੂੰ ਪੁਛਿਆ ਕਿ ਉਹ ਕਿਹੜਾ ਗੁਣ ਸੀ ਕਿ ਜਿਹਦੇ ਕਾਰਨ ਗੁਰੂ ਨਾਨਕ ਗੁਰੂ ਅੰਗਦ ਦੇਵ ਅੱਗੇ ਝੁਕਿਆ, ਜਿਹੜਾ ਸਾਰੀ ਦੁਨੀਆਂ ਦੇ ਅੱਗੇ ਕਦੇ ਨਹੀਂ ਸੀ ਝੁਕਿਆ। ਸੋ ਉਸ ਦੀ ਮੈਨੂੰ 51 ਘੰਟੇ ਵਿਆਖਿਆ ਕਰਨੀ ਪਈ। ਉਸ ਦੀਆਂ 17 ਫਿਲਮਾਂ ਬਣੀਆਂ ਹੋਈਆਂ ਨੇ। ਉਸ ਦੇ ਮੁਤਾਬਿਕ ਜੇ ਕਿਸੇ ਨੇ ਦੇਖਣੀਆਂ ਨੇ ਦੇਖ ਸਕਦਾ ਹੈ। ਉਨ੍ਹਾਂ ਫਿਲਮਾਂ ਵਿਚ ਮਨਮਤਿ ਦੀ ਕੋਈ ਗੱਲ ਨਹੀਂ ਹੈ। ਦੂਸਰਾ ਇਹ ਹੈ ਕਿ ਜਿਥੇ ਇਤਿਹਾਸ ਨੇ ਗਲਤੀ ਕਰੀ ਹੈ ਉਹ ਫਿਲਮਾਂ 'ਚ ਦਰੁੱਸਤ ਕਰਕੇ ਭਰੀ ਹੈ।

ਮਿਸਾਲ ਦੇ ਤੌਰ ਤੇ ਇਹ ਆਉਂਦਾ ਹੈ ਇਤਿਹਾਸ ਦੇ ਅੰਦਰ ਕਿ ਜਦੋਂ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ, ਅਹਿਦਨਾਮਾ ਹੋਇਆ ਕਿ ਤੁਸੀਂ ਕਿਲ੍ਹਾ ਛੱਡ ਦਿਓ। ਤੁਹਾਨੂੰ ਕੁਛ ਨਹੀਂ ਕਿਹਾ ਜਾਏਗਾ। ਉਸ ਵੇਲੇ ਮਹਾਰਾਜ ਜੀ ਨੂੰ ਪਤਾ ਸੀ ਕਿ ਜੇ ਮੈਂ ਕਿਲ੍ਹਾ ਛੱਡਿਆ ਤਾਂ ਬਹੁਤ ਭਾਰਾ ਨੁਕਸਾਨ ਹੋਏਗਾ। ਜਦੋਂ ਸਿੰਘਾਂ ਨੇ ਬਹੁਤ ਕਿਹਾ ਤਾਂ ਮਹਾਰਾਜ ਜੀ ਨੇ ਕਿਲ੍ਹਾ ਛੱਡਿਆ। ਧੋਖੇ ਦੇ ਨਾਲ ਉਨ੍ਹਾਂ ਦੇ ਉਤੇ ਹਮਲਾ ਕਰ ਦਿਤਾ, ਸਰਸੇ ਦੇ ਕੰਢੇ ਤੇ ਬੜੀ ਭਾਰੀ ਲੜਾਈ ਹੋਈ। ਇਕ ਤਰ੍ਹਾਂ ਦੇ ਨਾਲ ਕਤਲਾਮ ਹੋਇਆ, ਸਿਰਫ 40 ਸਿੰਘ ਪਾਰ ਲੰਘ ਸਕੇ। ਇਤਿਹਾਸ ਵਿਚ ਲਿਖਿਆ ਹੋਇਆ ਹੈ ਕਿ ਗੁਰੂ ਮਹਾਰਾਜ ਨੇ ਉਥੇ ਕਿਹਾ ਹੋਇਆ ਹੈ ਕਿ ਸਿੱਖੋ! ਆਉਣ ਵਾਲੇ ਸਮੇਂ ਵਿਚ ਤੁਸੀਂ ਸਾਵਧਾਨ ਰਿਹੋ, ਮੁਸਲਮਾਨ ਦਾ ਕਦੇ ਵੀ ਇਤਬਾਰ ਨਹੀਂ ਕਰਨਾ। ਜੇ ਉਹ ਗੁੜ ਦੇ ਵਿਚ ਬਾਂਹ ਪਾ ਕੇ ਤਿਲ ਲਾ ਲਵੇ, ਤਿਲਾਂ ਦੇ ਢੇਰ ਵਿਚ ਬਾਂਹ ਪਾ ਕੇ ਜਿੰਨੇ ਤਿਲ ਲੱਗਣ, ਜੇ ਐਨੀਆਂ ਸੌਹਾਂ ਖਾਵੇ ਤਾਂ ਉਹਦਾ ਫੇਰ ਵੀ ਇਤਬਾਰ ਨਹੀਂ ਕਰਨਾ। ਇਹ ਇਕ ਐਸੀ ਨਿਰਮੂਲ ਗੱਲ ਸੀ ਜਿਸਨੇ ਸਾਡੇ ਉਤੇ ਬੜਾ ਮਾੜਾ ਅਸਰ ਪਾਇਆ। ਇਕ ਕਮਊਨਿਟੀ ਜਿਹਨੇ ਸਾਡੀ ਮਦਦ ਕਰੀ ਹੈ, ਅਸੀਂ ਉਸ ਦੀ ਮਦਦ ਨੂੰ ਅਹਿਸਾਨ ਫਰਾਮੋਸ਼ਾਂ ਵਾਂਗੂੰ ਅੱਖੋਂ ਓਹਲੇ ਕਰ ਦਿਤਾ। ਹੁੰਦਾ ਕੀ ਹੈ ਕਿ ਜਦੋਂ ਗੁਰੂ ਮਹਾਰਾਜ ਨੇ ਸਰਸਾ ਪਾਰ ਕਰਿਆ, ਉਨ੍ਹਾਂ ਦੇ ਨਾਲ 40 ਸਿੰਘ ਸੀ, 41ਵਾਂ ਸਿੰਘ ਬਚਿੱਤਰ ਸਿੰਘ ਸੀ, ਜੋ ਜ਼ਖਮੀ ਹਾਲਤ ਵਿਚ ਸੀ। ਉਹਨੂੰ ਸਿੰਘ ਪਿੱਠ ਤੇ ਵਾਰੀ-ਵਾਰੀ ਉਠਾ ਕੇ ਰੋਪੜ ਤੱਕ ਲੈ ਆਏ, ਰੋਪੜ ਦੇ ਪਠਾਣ ਜਿਹੜੇ ਸੀ ਉਨ੍ਹਾਂ ਨੇ ਰਾਹ ਘੇਰਿਆ ਹੋਇਆ ਸੀ, ਮਹਾਰਾਜ ਜੀ ਉਪਰਲੇ ਪਾਸੇ ਦੀ

ਹੋ ਕੇ ਕੋਟਲਾ ਨਿਹੰਗ ਖਾਨ ਸੀ ਉਸ ਦੇ ਕਿਲ੍ਹੇ ਵਿਚ ਪਹੁੰਚ ਗਏ। ਜੇ ਗੁਰੂ ਮਹਾਰਾਜ ਨੇ ਇਹ ਗੱਲ ਕਹੀ ਹੁੰਦੀ ਕਿ ਇਤਬਾਰ ਨਾ ਕਰੋ, ਤਾਂ ਫੇਰ ਮੁਸਲਮਾਨ ਦੇ ਕਿਲ੍ਹੇ ਵਿਚ ਕਿਉਂ ਦਾਖਲ ਹੋਏ। ਉਥੇ ਮਹਾਰਾਜ ਨੇ ਬਚਿੱਤਰ ਸਿੰਘ ਨੂੰ ਸੰਭਾਲ ਲਈ ਰੱਖਿਆ ਕਿ ਇਹਦਾ ਇਲਾਜ ਕਰਾਈਂ ਤੇ ਜੇ ਇਹ ਚੜ੍ਹਾਈ ਕਰ ਗਿਆ ਤਾਂ ਇਥੇ ਸਸਕਾਰ ਕਰ ਦੇਵੀਂ। ਉਸ ਤੋਂ ਛੇਤੀ ਹੀ ਬਾਅਦ ਜਿਹੜੀ ਹਮਲਾਵਰ ਫੌਜ ਸੀ, ਪਹਾੜੀਆਂ ਦੀ ਤੇ ਮੁਗਲਾਂ ਦੀ ਉਨ੍ਹਾਂ ਨੂੰ ਸੂਹ ਮਿਲੀ ਕਿ ਗੁਰੂ ਗੋਬਿੰਦ ਸਿੰਘ ਕਿਲ੍ਹੇ 'ਚ ਦਾਖਲ ਹੋਇਆ ਹੈ ਨਿਹੰਗ ਖਾਨ ਦੇ। ਉਨ੍ਹਾਂ ਨੇ ਕਿਲ੍ਹਾ ਘੇਰ ਲਿਆ, ਤਲਾਸ਼ੀ ਸ਼ੁਰੂ ਹੋ ਗਈ। ਉਸ ਪਠਾਣ ਨੇ ਕਿਹਾ ਕਿ ਤਲਾਸ਼ੀ ਕਰੋ, ਜੀਅ ਭਰ ਕੇ ਕਰੋ। ਜੇ ਗੁਰੂ ਗੋਬਿੰਦ ਸਿੰਘ ਇਥੇ ਹੋਣ ਤਾਂ ਮੈਂ ਤੁਹਾਡੀ ਮਦਦ ਕਰਾਂ ਪਰ ਉਹ ਇਥੇ ਹੈ ਨਹੀਂ। ਇਕ ਕਮਰਾ ਸੀ ਜਿਹਦਾ ਦਰਵਾਜ਼ਾ ਬੰਦ ਸੀ ਅੰਦਰੋਂ ਤਾਂ ਉਥੇ ਨੂੰ ਨਿਹੰਗ ਖਾਨ ਤਲਵਾਰ ਲੈ ਕੇ ਖੜ੍ਹ ਗਿਆ। ਉਸ ਨੇ ਕਿਹਾ ਕਿ ਮੈਂ ਇਸ ਕਮਰੇ ਦੀ ਤਲਾਸ਼ੀ ਨਹੀਂ ਦੇਣੀ, ਇਥੇ ਮੇਰੀ ਗੈਰਤ ਦਾ ਸਵਾਲ ਹੈ, ਇਥੇ ਮੇਰਾ ਦਮਾਦ ਤੇ ਮੇਰੀ ਲੜਕੀ ਨੇ ਅੰਦਰ। ਮੈਂ ਮਰ ਜਾਉਂ, ਟੁਕੜੇ-ਟੁਕੜੇ ਹੋ ਜਾਊਂ, ਪਰ ਮੈਂ ਇਸ ਕਮਰੇ ਦੀ ਤਲਾਸ਼ੀ ਨਹੀਂ ਦੇਣੀ। ਫੌਜ ਨੇ ਉਹ ਕਮਰਾ ਛੱਡ ਦਿਤਾ। ਜਿਸ ਵਕਤ ਭਾਈ ਬੱਚਿਤਰ ਸਿੰਘ ਚੜ੍ਹਾਈ ਕਰ ਗਿਆ ਤੇ ਉਹਦਾ ਸਸਕਾਰ ਕੀਤਾ। ਉਸ ਦੀ ਲੜਕੀ ਨੇ ਕਿਹਾ ਅੱਬਾ ਜਾਨ! ਮੈਨੂੰ ਪਤਾ ਲੱਗਿਆ ਹੈ ਕਿ ਤੂੰ ਇਹ ਗੱਲ ਕਹੀ ਸੀ ਕਿ ਇਥੇ ਮੇਰਾ ਦਾਮਾਦ ਹੈ। ਹੁਣ ਤੇਰੇ ਮੁਖ ਤੋਂ ਇਹ ਗੱਲ ਨਿਕਲੀ ਹੈ, ਹੁਣ ਮੇਰੀ ਸ਼ਾਦੀ ਨਾ ਕਰੀਂ ਤੇ ਮੇਰਾ ਸੁਹਾਗ ਸੀ ਜਿਹੜਾ ਉਹ ਚੜ੍ਹਾਈ ਕਰ ਗਿਆ। 137 ਸਾਲ ਦੀ ਉਹ ਬੀਬੀ ਹੋਈ। ਉਸ ਨੇ ਉਵੇਂ ਜਿਵੇਂ ਪਾਕ ਰਹਿ ਕੇ ਬੰਦਗੀ ਕੀਤੀ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਕਿੰਨਾ ਪਿਆਰ ਸੀ ਉਨ੍ਹਾਂ ਦੇ ਮਨਾਂ ਦੇ ਵਿਚ। ਜੇ ਇਹ ਗੱਲ ਹੁੰਦੀ ਕਿ ਮੁਸਲਮਾਨ ਦਾ ਇਤਬਾਰ ਨਾ ਕਰੋ ਤਾਂ ਫੇਰ ਗੁਰੂ ਮਹਾਰਾਜ ਆਪ ਕਿਉਂ ਜਾਂਦੇ।

ਜਿਸ ਵਕਤ 5000 ਫੌਜ ਨੇ ਦਲੇਰ ਖਾਨ ਜਰਨੈਲ ਦੀ ਕਮਾਂਡ ਹੇਠ ਮਾਛੀਵਾੜੇ ਨੂੰ ਘੇਰਾ ਪਾ ਲਿਆ। ਉਸ ਵੇਲੇ ਜਿਹੜੇ ਅਨੁਆਈ ਸੀ, ਮਸੰਦ ਸੀ ਸਭ ਡਰ ਗਏ। ਕੋਈ ਵੀ ਗੁਰੂ ਮਹਾਰਾਜ ਨੂੰ ਪਨਾਹ ਦੇਣ ਵਾਸਤੇ ਤਿਆਰ ਨਹੀਂ ਸੀ। ਉਸ ਵੇਲੇ ਦੋ ਮੁਸਲਮਾਨ ਗਨੀ ਖਾਂ-ਨਬੀ ਖਾਂ ਆਏ, ਪਾਤਸ਼ਾਹ ਇਥੇ ਫੜੇ ਜਾਓਂਗੇ। ਸਾਡੇ ਘਰ ਚੱਲੋ। ਅਸੀਂ ਕੋਸ਼ਿਸ਼ ਕਰਾਂਗੇ ਕਿ ਕਿਸੇ ਤਰੀਕੇ ਨਾਲ ਇਥੋਂ ਨਿਕਲਿਆ ਜਾਵੇ। ਉਸ ਵੇਲੇ ਗੁਰੂ ਮਹਾਰਾਜ ਉਨ੍ਹਾਂ ਮੁਸਲਮਾਨਾਂ ਦੇ ਘਰ ਵਿਚ ਗਏ। ਜਿਨ੍ਹਾਂ ਨੇ ਮੌਕਾ ਪਾ ਕੇ ਉਚ ਦਾ ਪੀਰ ਬਣਾ ਕੇ ਫੌਜ ਦੇ ਵਿਚੀਂ ਕੱਢਿਆ ਤੇ ਜਦੋਂ ਗੁਰੂ ਮਹਾਰਾਜ ਜੀ ਨੂੰ ਰੋਕ ਲਿਆ ਗਿਆ। ਉਸ ਵੇਲੇ ਗਵਾਹੀ ਦੇਣ ਵਾਲੇ ਤਿੰਨ ਆਏ, ਇਕ ਸੱਯਦ ਆਇਆ, ਇਕ ਮੋਠੂਮਾਜਰੇ ਦਾ ਮੌਲਵੀ ਆਇਆ ਤੇ ਇਕ ਨੂਰਪੁਰ ਦਾ ਆਇਆ। ਤਿੰਨਾਂ ਨੇ ਆ ਕੇ ਇਹ ਗੱਲ ਕਹੀ ਕਿ ਇਹ ਤਾਂ ਬਹੁਤ ਪੀਰਾਂ ਦੇ ਪੀਰ ਨੇ। ਇਨ੍ਹਾਂ ਦੀ ਬੇਅਦਬੀ ਨਾ ਕਰੋ, ਤੁਸੀਂ ਬੜੀ ਮਾੜੀ ਗੱਲ ਕਰੀ। ਉਹ ਮੌਕਾ ਸੀ ਜਦੋਂ ਉਹ ਗੁਰੂ ਗੋਬਿੰਦ ਸਿੰਘ ਜੀ ਨੂੰ ਫੜਾ ਸਕਦੇ ਸੀ ਤੇ ਬੜਾ ਭਾਰੀ ਇਨਾਮ ਲੈ ਸਕਦੇ ਸੀ। ਉਥੋਂ ਗੁਰੂ ਮਹਾਰਾਜ ਜੀ ਸਨੇ-ਸਨੇ ਚਲਦੇ-ਚਲਦੇ ਰਾਇ ਕੱਲੇ ਦੇ ਚਲੇ ਗਏ। ਰਾਏ ਕੱਲੇ ਨੇ ਆਪਣੇ ਬਿਲਕੁਲ ਨਜ਼ਦੀਕ ਗੁਰੂ ਮਹਾਰਾਜ ਦਾ ਕੈਂਪ ਲਗਵਾ ਦਿਤਾ ਤੇ ਸੇਵਾ ਵਿਚ ਤਤਪਰ ਹੋ ਗਿਆ। ਰਾਏ ਕੱਲਾ ਮੁਸਲਮਾਨ ਹਾਕਮ ਸੀ ਉਸ ਇਲਾਕੇ ਦਾ। ਮਲੇਰਕੋਟਲੇ ਦੇ ਮੁਕਾਬਲੇ ਤੇ ਉਸ ਦੀ ਰਿਆਸਤ ਸੀ। ਨਵਾਬ ਸਰਹੰਦ ਨੂੰ ਜਦੋਂ ਪਤਾ ਲੱਗਿਆ ਕਿ ਉਸ ਨੇ ਗੁਰੂ ਗੋਬਿੰਦ ਸਿੰਘ ਨੂੰ ਠਹਿਰਾਇਆ ਹੋਇਆ ਹੈ ਤਾਂ ਚਿੱਠੀ ਭੇਜੀ ਗੁਪਤ ਤਰੀਕੇ ਦੇ ਨਾਲ, ਕਹਿਣ ਲੱਗਿਆ ਰਾਏ ਕੱਲਾ! ਤੂੰ ਬਹੁਤ ਸਿਆਣਾ ਬੰਦਾ ਹੈਂ। ਮੈਂ ਤੈਨੂੰ ਹੋਰ ਇਲਾਕਾ ਦਿਵਾਵਾਂਗਾ ਔਰੰਗਜ਼ੇਬ ਨੂੰ ਕਹਿ ਕੇ, ਤੂੰ ਗੁਰੂ ਗੋਬਿੰਦ ਸਿੰਘ ਨੂੰ ਇਥੇ ਇਵੇਂ ਜਿਵੇਂ ਰੱਖ। ਜੇ ਕਹੇਂ ਤਾਂ ਮੈਂ ਫੌਜਾਂ ਭੇਜ ਦਿੰਦਾ ਹਾਂ। ਚੰਗਾ ਇਹ ਹੈ ਕਿ ਤੂੰ ਹੀ ਗੁਰੂ ਗੋਬਿੰਦ ਸਿੰਘ ਨੂੰ ਫੜ ਕੇ ਹਾਜ਼ਰ ਕਰ ਦੇਵੇਂ।

ਉਸ ਵੇਲੇ ਰਾਏ ਕੱਲੇ ਨੇ ਜਵਾਬ ਦਿਤਾ ਕਿ ਨਵਾਬ ਸਾਹਿਬ! ਗੁਰੂ ਗੋਬਿੰਦ ਸਿੰਘ ਮੇਰਾ ਪੀਰ ਹੈ, ਮੇਰੀ ਰਿਆਇਆ ਦਾ ਪੀਰ ਹੈ। ਪੀਰਾਂ ਦੇ ਵਾਸਤੇ ਜਿਵੇਂ ਮੁਰੀਦ ਕਟ ਜਾਂਦੇ ਨੇ, ਜਦ ਤਕ ਸਾਡੀ ਜਾਨ 'ਚ ਜਾਨ ਹੈ, ਕੋਈ ਗੁਰੂ ਗੋਬਿੰਦ ਸਿੰਘ ਦੀ ਆਨ ਵਲ ਝਾਕ ਨਹੀਂ ਸਕਦਾ।

ਹੁਣ ਗੱਲ ਇਹ ਹੈ ਕਿ ਜੇ ਮੁਸਲਮਾਨ ਐਨੇ ਹੀ ਮਾੜੇ ਹੁੰਦੇ ਤਾਂ ਗੁਰੂ ਗੋਬਿੰਦ ਸਿੰਘ ਜੀ ਉਹਦੇ ਰਾਜ ਵਿਚ ਜਾ ਕੇ ਕਿਉਂ ਰਹਿੰਦੇ। ਸੋ ਇਸ ਤਰ੍ਹਾਂ ਸਭ ਤੋਂ ਪਹਿਲਾਂ ਜਿਹਨੇ ਇਹ ਐਲਾਨ ਕੀਤਾ ਕਿ ਵੱਡਾ ਪੈਗੰਬਰ ਆ ਗਿਆ ਉਹ ਭੀਖਣਸ਼ਾਹ ਸੀ। ਉਸ ਨੇ ਸਾਰੇ ਅਸੂਲ ਛੱਡ ਕੇ ਨਮਾਜ਼ ਪੂਰਬ ਵਲ ਮੂੰਹ ਕਰਕੇ ਕਰੀ। ਜਿਸ ਵਕਤ ਗੁਰੂ ਮਹਾਰਾਜ ਜੀ ਪਾਉਂਟੇ ਸਾਹਿਬ ਯੁੱਧ ਕਰਦੇ ਨੇ, ਉਸ ਵੇਲੇ ਜਿਹੜੇ ਮਿੱਤਰ ਸੀ ਰਾਜਾ ਫਤਹਿ ਚੰਦ, ਜਿਹਦੀ ਲੜਕੀ ਦੀ ਸ਼ਾਦੀ ਤੇ ਗੁਰੂ ਮਹਾਰਾਜ ਨੇ ਤਿੰਨ ਲੱਖ ਦਾ ਤੰਬੋਲ ਭੇਜਿਆ। ਜੋ ਹੁਣ ਕਰੋੜ ਰੁਪਏ ਤੋਂ ਵੀ ਵੱਧ ਹੈ। ਉਸ ਨੇ ਧੋਖਾ ਕੀਤਾ, ਗੁਰੂ ਮਹਾਰਾਜ ਤੇ ਹਮਲਾ ਕੀਤਾ, ਉਸ ਵੇਲੇ ਮਦਦ ਕਰਨ ਕੌਣ ਆਇਆ? ਪੀਰ ਬੁੱਧੂ ਸ਼ਾਹ 700

ਮੁਰੀਦ, ਆਪਣੇ ਬੇਟੇ, ਆਪਣੇ ਸਾਲੇ ਲੈ ਕੇ ਆਇਆ। ਤਿੰਨ ਸੌ ਮੁਰੀਦ ਉਹਦਾ ਸ਼ਹੀਦ ਹੋਇਆ, ਉਹਦਾ ਇਕੱਲੇ ਦਾ ਸਭ ਤੋਂ ਜ਼ਿਆਦਾ ਨੁਕਸਾਨ ਹੋਇਆ। ਦੋ ਬੱਚੇ ਉਸ ਦੇ ਮਾਰੇ ਗਏ। ਜਿਸ ਵਕਤ ਗੁਰੂ ਮਹਾਰਾਜ ਨੇ ਕਿਹਾ ਕਿ ਪੀਰ ਜੀ! ਤੇਰਾ ਨੁਕਸਾਨ ਬਹੁਤ ਹੋਇਆ ਹੈ, ਦੱਸ ਤੈਨੂੰ ਕੀ ਦੇਈਏ। ਉਸ ਵੇਲੇ ਉਹਨੇ ਕਿਹਾ ਪਾਤਸ਼ਾਹ! ਮੇਰਾ ਨੁਕਸਾਨ ਕੋਈ ਨਹੀਂ ਹੋਇਆ, ਮੇਰੇ ਬੱਚੇ ਤੇਰੀ ਖਿਦਮਤ ਵਿਚ ਲਗ ਗਏ। ਉਹ ਅਮਰ ਜੀਵਨ ਪ੍ਰਾਪਤ ਕਰ ਗਏ। ਜੇ ਤੂੰ ਮੇਰੇ ਤੇ ਫੇਰ ਵੀ ਪ੍ਰਸੰਨ ਹੈਂ, ਤਾਂ ਜਿਹੜੇ ਕੰਘੇ ਦੇ ਵਿਚ ਤੁਹਾਡੇ ਕੇਸ ਵਾਹ ਕੇ ਪਏ ਨੇ, ਇਹ ਕੰਘਾ ਮੈਨੂੰ ਸਮੇਤ ਕੇਸਾਂ ਦੇ ਦੇ ਦਿਓ। ਕਿੱਡੀ ਵੱਡੀ ਗੱਲ ਸੀ, ਕਿੰਨਾ ਪਿਆਰ ਸੀ ਉਨ੍ਹਾਂ ਦਾ ਗੁਰੂ ਦਸ਼ਮੇਸ਼ ਪਿਤਾ ਦੇ ਨਾਲ।

ਸੋ ਇਸ ਤਰ੍ਹਾਂ ਸਾਨੂੰ ਇਨ੍ਹਾਂ ਗੱਲਾਂ ਬਾਰੇ ਸੋਚਣਾ ਪੈਂਦਾ ਹੈ, ਇਹ ਜੋ ਸਾਡਾ ਆਤਮ ਮਾਰਗ ਮੈਗਜ਼ੀਨ ਹੈ ਉਹ ਇਹੋ ਜਿਹੀਆਂ ਗੱਲਾਂ ਜਿਹੜੀਆਂ ਸਾਡੇ ਵਿਚ ਪਾ ਦਿਤੀਆਂ, ਉਨ੍ਹਾਂ ਬਾਰੇ ਜ਼ਿਕਰ ਕਰਦਾ ਹੈ, ਸਪਸ਼ਟੀਕਰਨ ਕਰਦਾ ਹੈ। ਹੋਰ ਸਾਡਾ ਕੋਈ ਪੁਲੀਟੀਕਲ ਮੰਤਵ ਨਹੀਂ ਹੈ, ਨਾ ਸਾਡਾ ਕੋਈ ਆਰਥਕ ਮੰਤਵ ਹੈ। ਸਾਡਾ ਮਕਸਦ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਜੋ ਸੁਨੇਹਾ ਹੈ, ਉਹ ਸਭ ਤੋਂ ਉਤਮ ਹੈ ਕਿਉਂਕਿ ਮੈਂ ਪੜ੍ਹ ਕੇ ਸਭ ਕੁਛ ਦੇਖ ਲਿਆ। ਅਸੀਂ ਕਿਸੇ ਨੂੰ ਛੋਟਾ ਨਹੀਂ ਗਿਣ ਰਹੇ, ਅਸੀਂ ਕਹਿੰਦੇ ਹਾਂ ਉਨ੍ਹਾਂ ਦੀ ਜਿਥੇ ਤੱਕ ਖੋਜ ਹੈ ਬਿਲਕੁਲ ਸਹੀ ਹੈ। ਉਸ ਤੋਂ ਅੱਗੇ ਜਿਹੜੀਆਂ ਗੁਰੂ ਗ੍ਰੰਥ ਸਾਹਿਬ ਵਿਚ ਚੀਜ਼ਾਂ ਨੇ, ਉਹ ਸੰਸਾਰ ਨੂੰ ਦੱਸੀਆਂ ਜਾਣ। ਸੰਸਾਰ ਨੂੰ ਸ਼ਾਂਤੀ ਆ ਜਾਏਗੀ। ਸੋ ਇਸ ਮੰਤਵ ਲਈ ਅਸੀਂ 'ਆਤਮ ਮਾਰਗ' ਮੈਗਜ਼ੀਨ ਅਪ੍ਰੈਲ 1995 ਵਿਚ ਸ਼ੁਰੂ ਕੀਤਾ। ਸ਼ੁਰੂ ਹੁੰਦੇ ਹੀ ਇਕ ਦਮ ਇਹਦੀ ਬਹੁਤ ਸ਼ਲਾਘਾ ਹੋਈ ਤੇ ਅੱਜ ਇਹ 24000 ਦੀ ਗਿਣਤੀ ਵਿਚ ਛਪ ਰਿਹਾ ਹੈ ਤੇ ਸਾਢੇ ਤਿੰਨ ਹਜ਼ਾਰ ਇਹਦਾ ਹਿੰਦੀ ਰੂਪਾਂਤਰ ਹਿੰਦੂ ਜਨਤਾ ਦੇ ਕੋਲ ਜਾ ਰਿਹਾ ਹੈ ਜਿਹੜੇ ਕਿ ਇਹਨੂੰ ਐਉਂ ਆਪਣਾ ਸਮਝਦੇ ਨੇ ਕਿ ਜੇ ਮੈਗਜ਼ੀਨ ਨਾ ਜਾਵੇ ਤਾਂ ਸਾਡੇ ਕੋਲ ਟੈਲੀਫੋਨ ਕਰਦੇ ਨੇ, ਚਿੱਠੀਆਂ ਪਾਂਦੇ ਨੇ, ਕਿ ਸਾਡਾ ਤਾਂ ਅਮਲ ਟੁੱਟ ਰਿਹਾ ਹੈ।

ਇਸ ਤਰ੍ਹਾਂ ਦੇ ਨਾਲ ਇਕ ਵਾਰ ਸਾਡਾ ਮੈਗਜ਼ੀਨ ਸਾਰਦੀ ਬਾਬਾ ਦੇ ਕੰਨ ਵਿਚ ਚਲਿਆ ਗਿਆ। ਸਾਰਦੀ ਬਾਬਾ ਦੀ ਸਾਨੂੰ ਰਾਜਸਥਾਨ ਤੋਂ ਚਿੱਠੀ ਆਈ ਕਿ ਇਹ ਤਾਂ ਬਹੁਤ ਘਣੀ, ਮਿੱਠੀ ਪੁਸਤਕ ਮੇਰੇ 50 ਭਗਤੋਂ ਨੇ ਇਸ ਕੋ ਪੜ੍ਹਾ ਹੈ, ਆਪ ਐਸੇ ਕਰੋ ਕਿ ਹਮੇਂ ਬਹੁਤ ਸਾਰੇ ਭੇਜਾ ਕਰੋ। ਹਮੇਂ ਗੁਰੂਓਂ ਕੇ ਬਾਰੇ ਮੇਂ ਭੀ ਪਤਾ ਚਲਤਾ ਹੈ ਔਰ ਇਸ ਮੇਂ ਤੋ ਅਧਿਆਤਮਵਾਦ ਵੀ ਬਹੁਤ ਉਚੀ ਕਿਸਮ ਕਾ ਹੈ। ਇਸੇ ਤਰ੍ਹਾਂ ਗੁਜਰਾਤੀਆਂ ਨੇ ਜਦੋਂ ਪੜ੍ਹਿਆ ਬੰਬਈ ਦੇ ਨੇ, ਉਨ੍ਹਾਂ ਨੇ ਵੀ ਸ਼ਲਾਘਾ ਕੀਤੀ ਤੇ ਸਾਡੇ ਮੈਂਬਰ ਬਣ ਗਏ। ਸੋ ਇਹ ਜੋ ਹੈ ਇਹਦੇ ਰਾਹੀਂ ਗੁਰੂ ਦਾ ਜੋ ਸਿਧਾਂਤ ਹੈ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦਾ, ਕਿਉਂਕਿ ਉਨ੍ਹਾਂ ਨੇ ਸਨੇਹਾ ਦਿਤਾ ਸੀ ਸਾਰੀ ਕਾਇਨਾਤ ਨੂੰ ਇਸ ਸਨੇਹੇ ਨੂੰ ਅਸੀਂ ਰੋਕ ਲਿਆ। ਇਹਦੇ ਉਤੇ ਮਰਿਆਦਾ ਬਣਾ ਦਿਤੀਆਂ ਕਿ ਦਾੜ੍ਹੀ ਚੜ੍ਹੀ ਵਾਲਾ ਇਹਨੂੰ ਪੜ੍ਹ ਨਹੀਂ ਸਕਦਾ। ਪੈਂਟ ਪਾਉਣ ਵਾਲਾ ਪੜ੍ਹ ਨਹੀਂ ਸਕਦਾ। ਪਾਬੰਦੀਆਂ ਲਾ ਦਿਤੀਆਂ। ਇਹ ਸਿਧਾਂਤ ਫੈਲਾਉਣਾ ਸੀ ਉਸ ਦੀ ਥਾਂ ਦੇ ਉਤੇ ਅਸੀਂ ਪਾਬੰਦੀਆਂ ਲਾ ਕੇ ਵੱਖਰਾ ਕਰ ਲਿਆ। ਸਾਡਾ ਜੋ ਆਤਮ ਮਾਰਗ ਹੈ ਉਹ ਗੁਰੂ ਨਾਨਕ ਦੇ ਸੰਦੇਸ਼ ਨੂੰ ਸਾਰੀ ਦੁਨੀਆਂ ਵਿਚ ਪਹੁੰਚਾਉਣਾ ਚਾਹੁੰਦਾ ਹੈ। ਸਾਡਾ ਕਿਸੇ ਨਾਲ ਕੋਈ ਹਿਤ ਨਹੀਂ ਹੈ, ਕੋਈ ਅਹਿਤ ਨਹੀਂ ਹੈ। ਸਤਿ ਨਾਲ ਸਾਡਾ ਹਿਤ ਹੈ, ਅਸਤਿ ਤੋਂ ਅਸੀਂ ਦੂਰ ਰਹਿੰਦੇ ਹਾਂ। ਸੋ ਇਹ ਸੰਖੇਪ ਦੇ ਵਿਚ ਮੈਂ ਗੱਲਬਾਤ ਕੀਤੀ ਹੈ, ਜਿਹੜਾ ਤੁਸੀਂ ਪੁਛਿਆ ਹੈ।

ਨੋਟ - ਅਗਲੇ ਸਵਾਲਾਂ ਦੇ ਜਵਾਬ ਨਵੰਬਰ ਮਹੀਨੇ ਦੇ ਮੈਗਜ਼ੀਨ ਵਿਚ ਛਾਪੇ ਜਾਣਗੇ।

'ਚਲਦਾ'

ਸੰਤ ਮਹਾਰਾਜ ਬਾਨੀ ਟਰੱਸਟ ਰਤਵਾੜਾ ਸਾਹਿਬ ਦੀ ਤੀਸਰੀ ਸਾਲਾਨਾ ਬਰਸੀ 30 ਅਕਤੂਬਰ ਤੋਂ 2 ਨਵੰਬਰ ਤੱਕ ਸਮੂੰਹ ਸੰਗਤਾਂ ਵਲੋਂ ਉਤਸ਼ਾਹ ਪੂਰਵਕ ਮਨਾਈ ਜਾ ਰਹੀ ਹੈ, ਹੁੰਮ-ਹੁੰਮਾ ਕੇ ਵਹੀਰਾਂ ਘੱਤ ਕੇ ਹਰ ਸਾਲ ਦੇ ਸਾਲਾਨਾ ਸਮਾਗਮ ਵਾਂਗੂੰ ਆਪ ਆਓ, ਹੋਰਨਾਂ ਨੂੰ ਲਿਆਓ।

ਅਨੰਦਮਈ ਜੀਵਨ ਜਾਚ
The Art of Joyful Living

ਮੂਲ ਲੇਖਕ - ਡਾ. ਸਵਾਮੀ ਰਾਮ ਜੀ
ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ

(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ – 56)

ਤੁਹਾਡਾ ਮਨ ਉਦੋਂ ਹੀ ਸਮਰਪਣ ਕਰਦਾ ਹੈ ਜਦੋਂ ਤੁਸੀਂ ਇਹੋ ਜਿਹੀ ਥਾਂ ਤੇ ਪਹੁੰਚ ਜਾਂਦੇ ਹੋ ਜਦੋਂ ਮਨ ਕੰਮ ਕਰਨਾ ਬੰਦ ਕਰ ਦਿੰਦਾ ਹੈ। ਮਨ ਹੈ ਪਰ ਜਦੋਂ ਉਹ ਵਾਸਤਵਿਕਤਾ ਜਾਣ ਲੈਂਦਾ ਹੈ, ਸਤਿ ਜਾਣ ਲੈਂਦਾ ਹੈ ਤਾਂ ਹਉਮੈ ਖਤਮ ਹੋ ਜਾਂਦੀ ਹੈ। ਮਨ ਤੇ ਹਉਮੈ ਦਾ ਸਬੰਧ ਸਮਝ ਲੈਣਾ ਜ਼ਰੂਰੀ ਹੈ। ਜਿਵੇਂ ਕਿ ਤੁਹਾਨੂੰ ਯਾਦ ਹੋਵੇਗਾ ਮਨ ਦੇ ਚਾਰ ਕਾਰਜ ਹਨ – ਅਹੰਕਾਰ, ਹਉਮੈ, ਮਾਨਸ ਸੋਚਣੀ, ਚਿੱਤ ਗਿਆਨ ਨੂੰ ਸਾਂਭਣ ਵਾਲਾ, ਬੁੱਧੀ ਤੁਹਾਡੇ ਅੰਦਰ ਦਾ ਸਲਾਹਕਾਰ ਨਿਰਣਾਕਾਰ। ਆਓ ਦੇਖੀਏ ਆਤਮਾ ਕਿਵੇਂ ਆਪਣੇ ਆਪ ਨੂੰ ਸਲਾਹ ਦਿੰਦੀ ਹੈ, ਸਵੈ ਕਿਵੇਂ ਆਪ ਹੀ ਸਲਾਹਕਾਰ ਬਣ ਕੇ ਆਪਣੇ ਆਪ ਨੂੰ ਸਲਾਹ ਦੇ ਕੇ ਠੀਕ ਰਸਤੇ ਪਾਉਂਦਾ ਹੈ, ਕੰਮ ਕਰਦਾ ਹੈ। ਜਦੋਂ ਤੁਸੀਂ ਕੁਝ ਕਰਦੇ ਹੋ, ਮਨ ਉਸੇ ਸਮੇਂ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ, ਮਨ ਵਿਚ ਸੰਕਾ ਉਠ ਖੜ੍ਹਾ ਹੁੰਦਾ ਹੈ, ਇਕ ਦਮ ਮਨ ਕਹਿੰਦਾ ਹੈ, ਮੈਂ ਕਰਾਂ ਕਿ ਨਾ ਕਰਾਂ? ਮਨ ਦਾ ਕੰਮ ਹੀ ਸ਼ੰਕਾ ਹੈ, ਮਨ ਅੰਤਰ ਹੋ ਕੇ ਵੀ ਕੰਮ ਕਰਦਾ ਹੈ ਬਾਹਰ ਵੀ ਕੰਮ ਕਰਦਾ ਹੈ। ਮਨ ਬਹੁਤ ਹੀ ਸ਼ਕਤੀਸ਼ਾਲੀ ਹੈ। ਇਸ ਨੂੰ ਜੋ ਵੀ ਮਿਲੇ ਇਹ ਲੈ ਲੈਂਦਾ ਹੈ, ਜੋ ਵੀ ਬਾਹਰ ਹੋਵੇ ਇਹ ਝੱਟ ਹੀ ਅੰਦਰ ਲੈ ਲੈਂਦਾ ਹੈ, ਅੰਦਰੋਂ ਬਾਹਰ ਵੀ ਲੈ ਆਉਂਦਾ ਹੈ, ਮਨ ਸਾਨੂੰ ਕਾਬੂ ਕਰਕੇ ਰੱਖਦਾ ਹੈ, ਕਿਉਂਕਿ ਅਸੀਂ ਬੁੱਧੀ ਦੀ ਸਹਾਇਤਾ ਨਹੀਂ ਲੈਂਦੇ, ਬੁੱਧੀ ਮਨ ਤੋਂ ਉਚੀ ਹੈ, ਉਪਰ ਹੈ। ਇਸ ਕਰਕੇ ਠੀਕ ਕਾਰਜ ਕਰਨ ਲਈ ਮਨ ਤੇ ਬੁੱਧੀ ਦਾ ਤਾਲਮੇਲ ਹੋਣਾ ਚਾਹੀਦਾ ਹੈ।

ਜਦੋਂ ਤੁਸੀਂ ਇਹ ਸਾਰੇ ਕੰਮ ਕਾਜ ਸਮਝ ਜਾਂਦੇ ਹੋ ਫੇਰ ਤੁਸੀਂ ਇਹ ਜਾਣ ਜਾਂਦੇ ਹੋ ਕਿ ਆਪਣੇ ਆਪ ਨਾਲ ਕਿਵੇਂ ਕੰਮ ਕੀਤਾ ਜਾਵੇ? ਆਪਣੇ ਆਪ ਨੂੰ ਕਿਵੇਂ ਸੋਧਿਆ ਜਾਵੇ? ਮਿਸਾਲ ਵਜੋਂ ਤੁਸੀਂ ਕੋਈ ਕੰਮ ਕਰਨਾ ਚਾਹੁੰਦੇ ਹੋ, ਤੁਹਾਡਾ ਪਹਿਲਾ ਵਿਚਾਰ ਬਿਲਕੁਲ ਠੀਕ ਹੋਵੇਗਾ, ਸਾਫ ਸੁਥਰਾ ਹੋਵੇਗਾ, ਪਰ ਬਹੁਤ ਸਾਰੇ ਲੋਕਾਂ ਲਈ ਪਹਿਲਾ ਵਿਚਾਰ ਬਹੁਤ ਠੀਕ ਸੋਧਿਆ ਹੋਇਆ ਨਹੀਂ ਹੁੰਦਾ, ਪਰ ਤੁਹਾਨੂੰ ਆਪਣੇ ਬਾਰੇ ਇਹ ਸੋਚਣਾ ਚਾਹੀਦਾ ਹੈ, ਆਪਣੇ ਆਪ ਨੂੰ ਜਾਂਚਣਾ ਚਾਹੀਦਾ ਹੈ। ਜਦੋਂ ਤੁਹਾਡੇ ਮਨ ਵਿਚ ਕੋਈ ਵਿਚਾਰ ਆਉਂਦਾ ਹੈ, ਕੀ ਤੁਸੀਂ ਝੱਟਪਟ ਹੀ ਉਸ ਨੂੰ ਦੇਖਦੇ ਹੋ, ਉਸ ਉਤੇ ਅਮਲ ਕਰਦੇ ਹੋ। ਕੀ ਸਭ ਤੋਂ ਪਹਿਲੇ ਵਿਚਾਰ ਨਾਲ ਤੁਸੀਂ ਬਹੁਤ ਉਤਸਾਹਤ ਹੁੰਦੇ ਹੋ? ਜਾਂ ਜਦੋਂ ਤੁਸੀਂ ਸੋਚਦੇ ਹੋ ਤਾਂ ਦੁਬਾਰਾ ਜਿਹੜਾ ਵਿਚਾਰ ਤੁਹਾਡੇ ਸਾਮ੍ਹਣੇ ਆਉਂਦਾ ਹੈ ਉਹ ਵਧੇਰੇ ਚੰਗਾ ਹੁੰਦਾ ਹੈ। ਆਪਣੇ ਬਾਰੇ ਇਹੋ ਜਿਹੀਆਂ ਗੱਲਾਂ ਜਾਂਚੋ, ਦੇਖੋ, ਵਿਚਾਰੋ। ਇਸ ਤਰ੍ਹਾਂ ਕਰਨ ਲਈ ਇਕ ਤਰੀਕਾ ਹੈ ਜਿਸ ਨੂੰ ਅੰਤਰ ਦੀ ਗੱਲਬਾਤ ਕਿਹਾ ਜਾਂਦਾ ਹੈ। ਇਸ ਨਾਲ ਤੁਸੀਂ ਆਪਣੇ ਆਪ ਨਾਲ ਗੱਲਬਾਤ ਕਰਦੇ ਹੋ। ਤੁਸੀਂ ਆਪਣੇ ਮਿਤਰ ਆਪ ਹੀ ਬਣਦੇ ਹੋ ਤੇ ਆਪਣੇ ਆਪ ਨਾਲ ਗੱਲਬਾਤ ਕਰਦੇ ਹੋ, ਆਪਣੇ ਆਪ ਦੇ ਸਾਥੀ ਬਣਦੇ ਹੋ।

ਸਭ ਤੋਂ ਚੰਗੀ ਦੋਸਤੀ, ਮਿਤਰਤਾ, ਬਾਹਰੀ ਸੰਸਾਰ ਨਾਲੋਂ ਕਿਤੇ ਚੰਗੀ ਆਪਣੇ ਆਪ ਨਾਲ ਦੋਸਤੀ ਹੈ ਆਪਣੇ ਆਪ ਨਾਲ ਗੱਲਬਾਤ ਜੇ ਤੁਸੀਂ ਆਪਣੇ ਆਪ ਨਾਲ ਗੱਲਬਾਤ ਹੈ। ਸਿੱਖ ਲੈਂਦੇ ਹੋ ਫੇਰ ਤੁਸੀਂ ਕਦੀ ਵੀ ਆਪਣੇ ਆਪ ਤੋਂ ਨਹੀਂ ਡਰੋਗੇ, ਆਪਣੇ ਆਪ ਤੋਂ ਹੀ ਨਹੀਂ ਕਿਸੇ ਵੀ ਹੋਰ ਤੋਂ ਨਹੀਂ ਡਰੋਗੇ। ਅੱਜ ਤੁਸੀਂ ਆਪਣੇ ਆਪ ਨੂੰ ਨਹੀਂ ਦੇਖ ਸਕਦੇ, ਆਪਣੇ ਆਪ ਤੋਂ ਡਰਦੇ ਹੋ, ਤੁਸੀਂ ਆਪਣੇ ਆਪ ਨੂੰ ਜਾਨਣਾ ਹੀ ਨਹੀਂ ਚਾਹੁੰਦੇ ਕਿਉਂਕਿ ਤੁਸੀਂ ਆਪਣੇ ਆਪ ਤੋਂ ਡਰਦੇ ਹੋ। ਇਕ ਵਾਰੀ ਜਦੋਂ ਤੁਸੀਂ ਆਪਣੇ ਆਪ ਨਾਲ ਗੱਲਬਾਤ ਕਰਨ ਲਗ ਪੈਂਦੇ ਹੋ, ਤੁਸੀਂ ਆਪਣੇ ਆਪ ਨੂੰ ਦੇਖ ਸਕੋਗੇ, ਜਾਣ ਸਕੋਗੇ, ਡਰੋਗੇ ਨਹੀਂ।

ਇਸ ਤਰ੍ਹਾਂ ਦੀ ਗੱਲਬਾਤ ਨੂੰ ਹੀ ਉਪਨਿਸ਼ਦ ਕਹਿੰਦੇ ਹਨ। ਉਪਨਿਸ਼ਦ ਸ਼ਬਦ ਉਸ ਸਿਖਿਆ ਨੂੰ ਕਿਹਾ ਗਿਆ ਹੈ ਜਿਹੜੀ ਗੁਰੂਆਂ ਨੇ ਦਿਤੀ ਹੈ। ਇਕ ਜਗਿਆਸੂ ਤੇ ਗੁਰੂ ਵਿਚ ਹੋਇਆ ਵਾਰਤਾਲਾਪ ਹੈ, ਇਕ ਸਿੱਖਣਾ ਚਾਹੁੰਦਾ ਹੈ ਤੇ ਦੂਸਰਾ ਪੜ੍ਹਾਉਂਦਾ ਹੈ, ਦਸਦਾ ਹੈ, ਦੋਨੋਂ ਬਹੁਤ ਲਗਨ ਵਾਲੇ ਹਨ ਤੇ ਸਿਖਾਉਣਾ ਤੇ ਸਿੱਖਣਾ ਚਾਹੁੰਦੇ ਹਨ। ਇਸ ਤਰ੍ਹਾਂ ਹੀ ਦੋਨੋਂ ਇਕ ਦੂਸਰੇ ਪ੍ਰਤੀ ਵਫਾਦਾਰ ਹਨ ਤੇ ਇਕ ਦੂਸਰੇ ਲਈ ਅੰਦਰੋਂ ਬਾਹਰੋਂ ਪੂਰੀ ਤਰ੍ਹਾਂ ਨਾਲ ਇਮਾਨਦਾਰ ਹਨ। ਇਸ ਤਰ੍ਹਾਂ ਹੀ ਬਿਲਕੁਲ ਹਾਲਤ ਹੈ ਇਕ ਡਾਕਟਰ ਦੀ ਤੇ ਮਰੀਜ਼ ਦੀ ਪਰ ਹੋ ਸਕਦਾ ਹੈ ਉਹ ਇਕ ਦੂਸਰੇ ਪ੍ਰਤੀ ਐਨੇ ਵਫਾਦਾਰ ਨਾ ਹੋਣ। ਅੱਜ ਦੇ ਸੰਸਾਰ ਵਿਚ ਭਾਵੇਂ ਡਾਕਟਰ ਐਨਾ ਠੀਕ,

ਐਨਾ ਵਫਾਦਾਰ ਨਹੀਂ ਹੈ, ਕਿਉਂਕਿ ਉਸ ਨੂੰ ਪੈਸੇ ਚਾਹੀਦੇ ਹਨ, ਮਰੀਜ਼ ਬਹੁਤ ਵਾਰੀ ਐਨੇ ਪੈਸੇ ਦੇ ਨਹੀਂ ਸਕਦਾ ਜਾਂ ਦੇਣਾ ਨਹੀਂ ਚਾਹੁੰਦਾ ਉਹ ਆਪਣੀ ਕਮਜ਼ੋਰੀ ਦਿਖਾਉਣਾ ਨਹੀਂ ਚਾਹੁੰਦਾ। ਇਸ ਕਰਕੇ ਡਾਕਟਰ ਤੇ ਮਰੀਜ਼ ਦੀ ਗੱਲਬਾਤ ਉਸ ਤਰ੍ਹਾਂ ਨਾਲ ਫਲੀਭੂਤ ਨਹੀਂ ਹੁੰਦੀ ਜਿੰਨੀ ਗੁਰੂ ਤੇ ਸ਼ਿਸ਼ ਦੀ।

ਇਸ ਪ੍ਰਣਾਲੀ ਵਿਚ ਗੁਰੂ ਤੇ ਸ਼ਿਸ਼ ਇਕ ਦੂਸਰੇ ਪ੍ਰਤੀ ਇਮਾਨਦਾਰ ਹਨ, ਵਫਾਦਾਰ ਹਨ, ਉਨ੍ਹਾਂ ਦਾ ਸਬੰਧ ਸੰਸਾਰਕ ਧੰਦਿਆਂ ਤੋਂ ਉਪਰ ਹੈ, ਹਟ ਕੇ ਹੈ। ਜਿਹੜੀ ਵੀ ਪੂੰਜੀ ਗੁਰੂ ਕੋਲ ਹੈ ਉਸ ਨੇ ਸ਼ਿਸ਼ ਨੂੰ ਦੇਣੀ ਹੀ ਹੈ ਇਸ ਕਰਕੇ ਹੀ ਕਿਹਾ ਜਾਂਦਾ ਹੈ ਕਿ ਗਿਆਨ ਦਾ ਬੋਝ, ਸਤਿ ਦਾ ਬੋਝ ਸਭ ਤੋਂ ਭਾਰਾ ਬੋਝ ਹੈ, ਕੋਈ ਵੀ ਏਸ ਨੂੰ ਚੁੱਕ ਨਹੀਂ ਸਕਦਾ। ਗੁਰੂ ਨੇ ਕਿਸੇ ਨਾ ਕਿਸੇ ਨੂੰ ਦੇਣਾ ਹੀ ਹੈ, ਨਹੀਂ ਤਾਂ ਇਹ ਭਾਰ ਕੁਝ ਸਮੇਂ ਤੋਂ ਬਾਅਦ ਉਸ ਲਈ ਲੈ ਕੇ ਚਲਣਾ ਔਖਾ ਹੋ ਜਾਵੇਗਾ, ਗੁਰੂ ਨੇ ਸ਼ਿਸ਼ ਨੂੰ ਦੇਣਾ ਹੀ ਹੈ।

ਤੁਸੀਂ ਇਹ ਸੁਣਿਆ ਹੀ ਹੋਵੇਗਾ, ਜਦੋਂ ਜਗਿਆਸੂ ਤਿਆਰ ਹੋਵੇ, ਗੁਰੂ ਆ ਹੀ ਜਾਂਦੇ ਹਨ। ਸੰਸਾਰ ਵਿਚ ਬਹੁਤ ਸਾਰੇ ਮਹਾਂਪੁਰਖ ਹਨ ਜਿਹੜੇ ਸਤਿ ਨੂੰ ਲੈ ਕੇ ਬੈਠੇ ਹਨ ਤੇ ਉਹ ਦੇਣਾ ਵੀ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਕੋਈ ਮਿਲਦਾ ਹੀ ਨਹੀਂ, ਉਹ ਤਾਂ ਭਾਰ ਚੁਕੀ ਫਿਰਦੇ ਹਨ, ਕੋਈ ਲੈਣ ਵਾਲਾ ਹੀ ਨਹੀਂ। ਭਾਗਾਂ ਵਾਲੇ ਹਨ ਜਿਹੜੇ ਗਿਆਨ ਪ੍ਰਾਪਤ ਕਰ ਚੁੱਕੇ ਹਨ, ਉਸ ਤੋਂ ਵੀ ਵਡਭਾਗੇ ਉਹ ਹਨ ਜਿਹੜੇ ਗਿਆਨ ਪ੍ਰਾਪਤੀ ਦੀ ਇੱਛਾ ਰਖਦੇ ਹਨ। ਇਸ ਤਰ੍ਹਾਂ ਨਾਲ ਸ਼ਿਸ਼ ਤੇ ਗੁਰੂ ਦੇ ਵਾਰਤਾਲਾਪ ਨੂੰ ਹੀ ਉਪਨਿਸ਼ਦ ਕਹਿੰਦੇ ਹਨ। ਜਦੋਂ ਕੋਈ ਤੱਤਬੇਤਾ ਮਹਾਂਪੁਰਖ ਕਿਸੇ ਜਗਿਆਸੂ ਨੂੰ ਤਿਆਰ ਕਰਦਾ ਹੈ ਉਸ ਨੂੰ ਸੁਆਰਦਾ ਹੈ, ਉਸ ਵਾਰਤਾਲਾਪ, ਉਸ ਸਾਰੇ ਤਰੀਕੇ ਨੂੰ, ਉਸ ਸਾਧਨਾਂ ਨੂੰ ਹੀ ਉਪਨਿਸ਼ਦ ਕਹਿੰਦੇ ਹਨ।

ਤੁਸੀਂ ਇਸ ਤਰ੍ਹਾਂ ਦੀ ਗੱਲਬਾਤ ਆਪਣੇ ਆਪ ਨਾਲ ਵੀ ਕਰ ਸਕਦੇ ਹੋ ਜੇ ਤੁਸੀਂ ਚੰਗੇ ਸ਼ਿਸ਼ ਬਣ ਸਕੋ, ਜੇ ਤੁਸੀਂ ਸ਼ਰਧਾ ਰੱਖੋ ਤੇ ਇਸ ਗੱਲ ਦਾ ਫੈਸਲਾ ਕਰ ਲਵੋ ਕਿ ਤੁਸੀਂ ਗਿਆਨ ਪ੍ਰਾਪਤ ਕਰਨਾ ਹੈ, ਤੁਸੀਂ ਅੰਦਰ ਜਾਣਾ ਹੈ, ਫੇਰ ਤੁਸੀਂ ਆਪਣੇ ਆਪ ਨਾਲ ਗੱਲਬਾਤ ਕਰੋਗੇ ਹੀ ਪਰ ਇਹ ਸਭ ਕੁਝ ਕਰਨ ਦਾ ਇਹ ਤਰੀਕਾ ਹੈ ਜਿਹੜਾ ਤੁਹਾਨੂੰ ਸਮਝ ਲੈਣਾ ਚਾਹੀਦਾ ਹੈ। ਗੁਰੂ ਦੀ ਇਕ ਜ਼ਿੰਮੇਵਾਰੀ ਹੈ, ਸੰਸਾਰਕ ਗੁਰੂ ਦੀ ਇਹ ਜ਼ਿੰਮੇਵਾਰੀ ਹੈ। ਇਹ ਜ਼ਿੰਮੇਵਾਰੀ ਉਦੋਂ ਹੀ ਖਤਮ ਹੁੰਦੀ ਹੈ ਜਦੋਂ ਉਹ ਗੁਰੂ ਆਪਣੇ ਸ਼ਿਸ਼ ਨੂੰ ਆਤਮ ਮਾਰਗ ਤੇ ਚਲਾ ਦਿੰਦਾ ਹੈ। ਚੁੱਪ ਦੇ ਮਾਰਗ ਤੇ ਚਲਾ ਦਿੰਦਾ ਹੈ। ਚੁੱਪ ਤੋਂ ਹੀ ਸਾਰਾ ਗਿਆਨ ਪ੍ਰਾਪਤ ਹੁੰਦਾ ਹੈ। ਆਤਮ ਮਾਰਗ ਤੇ ਚਲਾਉਣ ਵਾਲਾ ਸੱਚਾ ਗੁਰੂ ਹੀ ਪੂਜਿਆ ਜਾਂਦਾ ਹੈ ਕਿਉਂਕਿ ਉਸ ਨੇ ਤੁਹਾਨੂੰ ਸੱਚੇ ਰਾਹ ਤੇ ਪਾਇਆ ਹੈ। ਮਹਾਂਪੁਰਖ ਦਸਦੇ ਹਨ ਕਿ ਕਿੰਨੀ ਹੀ ਵੱਡੀ ਖੁਰਦਬੀਨ ਕਿਉਂ ਨਾ ਹੋਵੇ ਕੋਈ ਵੀ ਖੁਰਦਬੀਨ ਤੁਹਾਡਾ ਅੰਦਰ ਨਹੀਂ ਦੇਖ ਸਕਦੀ। ਬਾਹਰ ਦੇ ਸੰਸਾਰ ਦੇ ਸਾਰੇ ਯੰਤਰ ਕਿਸੇ ਕੰਮ ਨਹੀਂ ਆਉਂਦੇ। ਜਦੋਂ ਅੰਤਰ ਦੀ ਗੱਲ ਆਉਂਦੀ ਹੈ, ਜਦੋਂ ਅੰਤਰ ਗਿਆਨ ਤੇ ਅੰਤਰ ਵਿਕਾਸ ਦੀ ਗੱਲ ਹੁੰਦੀ ਹੈ, ਅੰਤਰ ਗਿਆਨ ਪ੍ਰਾਪਤੀ ਲਈ ਤੁਹਾਨੂੰ ਬਾਹਰ ਦਾ ਸਭ ਕੁਝ ਛੱਡਣਾ ਪੈਂਦਾ ਹੈ, ਅੰਦਰ ਦੇ ਸੱਚ ਨੂੰ ਜਾਨਣਾ ਪੈਂਦਾ ਹੈ।

ਅਸੀਂ ਉਪਰ ਦੱਸ ਆਏ ਹਾਂ ਕਿ ਬੁੱਧੀ ਉਹ ਸ਼ਕਤੀ ਹੈ ਉਹ ਯੋਗਤਾ ਹੈ ਜਿਸ ਦੇ ਤਿੰਨ ਵਿਸ਼ੇਸ਼ ਗੁਣ ਹਨ, ਬੁੱਧੀ ਨਿਰਣਾ ਕਰਦੀ ਹੈ, ਬੁੱਧੀ ਫਰਕ ਦਸਦੀ ਹੈ ਭੇਦ ਭਾਵ ਦਸਦੀ ਹੈ, ਵਿਵੇਕ ਕਰਦੀ ਹੈ। ਵਿਵੇਕ ਨਾਲ ਹੀ ਤੁਸੀਂ ਭੇਦ ਭਾਵ ਦੱਸ ਸਕਦੇ ਹੋ। ਬੁੱਧੀ ਦੀ ਇਹ ਸ਼ਕਤੀ ਜੋ ਨਿਰਣਾ ਕਰਦੀ ਹੈ ਉਹ ਬਹੁਤ ਹੀ ਇਕ ਜ਼ਰੂਰੀ, ਬਹੁਤ ਹੀ ਵਿਲੱਖਣ ਹੈ, ਤੁਹਾਡੇ ਲਈ ਬਹੁਤ ਹੀ ਜ਼ਰੂਰੀ ਹੈ। ਜੇ ਤੁਸੀਂ ਕਿਸੇ ਵੀ ਗੱਲ ਦਾ ਨਿਰਣਾ ਨਹੀਂ ਲੈਂਦੇ, ਜਾਂ ਤੁਹਾਨੂੰ ਨਿਰਣਾ ਕਰਨਾ, ਨਿਰਣਾ ਲੈਣਾ ਦੱਸਿਆ ਹੀ ਨਹੀਂ ਗਿਆ ਠੀਕ ਸਮੇਂ ਤੇ ਜਦੋਂ ਨਿਰਣਾ ਨਹੀਂ ਲਿਆ ਜਾਂਦਾ, ਤੁਸੀਂ ਮੌਕਾ ਗੁਆ ਬੈਠਦੇ ਹੋ, ਮੌਕਾ ਖੁੰਝ ਜਾਣ ਤੋਂ ਬਾਅਦ ਫੇਰ ਤੁਸੀਂ ਪਛਤਾਉਂਦੇ ਹੋ ਤੇ ਆਪਣੇ ਆਪ ਨੂੰ ਕੋਂਹਦੇ ਹੋ ਆਪਣੇ ਮਨੋਬਲ ਨੂੰ ਕੋਂਹਦੇ ਹੋ। ਤੁਸੀਂ ਭਾਵੇਂ ਕਿੰਨੇ ਵੀ ਲਾਇਕ ਕਿਉਂ ਨਾ ਹੋਵੋ, ਕਿੰਨੇ ਵੀ ਉਚ ਕੋਟੀ ਦੇ ਵਿਦਵਾਨ ਕਿਉਂ ਨਾ ਹੋਵੋ ਜੇ ਤੁਸੀਂ ਸਮੇਂ ਸਿਰ ਨਿਰਣਾ ਨਹੀਂ ਲੈ ਸਕਦੇ, ਤੁਸੀਂ ਮੌਕਾ, ਵੇਲਾ ਹੱਥੋਂ ਗੁਆ ਬੈਠਦੇ ਹੋ ਫੇਰ ਤੁਸੀਂ ਪਛਤਾਉਂਦੇ ਹੋ, ਪਛਤਾਵੇ ਤੋਂ ਬਗੈਰ ਤੁਹਾਡੇ ਕੋਲ ਰਹਿ ਹੀ ਕੁਝ ਨਹੀਂ ਜਾਂਦਾ। ਮੌਕਾ ਖੁੰਝ ਜਾਣ ਤੋਂ ਪਿਛੋਂ ਤੁਸੀਂ ਕੁਝ ਹੋਰ ਲੈ ਲੈਂਦੇ ਹੋ ਉਸ ਵਿਚ ਤੁਹਾਡੀ ਰੁਚੀ ਨਹੀਂ ਹੁੰਦੀ, ਤੁਹਾਨੂੰ ਚੰਗਾ ਨਹੀਂ ਲਗਦਾ, ਫੇਰ ਤੁਸੀਂ ਇਹ ਹੀ ਸੋਚਦੇ ਰਹਿੰਦੇ ਹੋ ਕਾਸ਼! ਮੈਂ ਉਹ ਵੇਲਾ ਹੱਥੋਂ ਨਾ ਗੁਆਇਆ ਹੁੰਦਾ, ਫੇਰ ਤੁਸੀਂ ਆਪਣੇ ਆਪ ਨੂੰ ਹੋਰ ਕੋਂਹਦੇ ਹੋ। ਸੋ ਸਿੱਖਣ ਵਾਲੀ ਗੱਲ ਹੈ ਕਿ ਵਿਵੇਕ ਸਿੱਖੋ, ਭੇਦ ਭਾਵ ਕਰਨਾ ਸਿੱਖੋ, ਸਮੇਂ ਸਿਰ ਨਿਰਣਾ ਕਰਨਾ ਸਿੱਖੋ।

ਜਦੋਂ ਮੈਂ ਛੋਟਾ ਸੀ ਮੈਂ ਗੁਰੂਦੇਵ ਨਾਲ ਬਹੁਤ ਸਮਾਂ ਕੱਢਿਆ, ਮੈਂ ਉਨ੍ਹਾਂ ਕੋਲੋਂ ਬਹੁਤ ਕੁਝ ਸਿਖਿਆ। ਉਨ੍ਹਾਂ ਤੋਂ ਮੈਂ ਸਿਖਿਆ ਚੋਰੀ ਕੀ ਹੈ? ਗੁਰੂਦੇਵ ਆਪਣੇ ਕੋਲ ਕੋਈ ਵੀ ਪੈਸਾ ਨਹੀਂ ਰਖਦੇ ਸੀ ਪਰ ਇਕ ਵਾਰੀ ਉਨ੍ਹਾਂ ਨੇ ਆਪਣੀ ਜੇਬ ਵਿਚ ਪੰਜ ਰੁਪਏ ਰੱਖੇ। ਫੇਰ ਉਨ੍ਹਾਂ ਨੇ ਇਸ

ਤਰ੍ਹਾਂ ਦੇ ਹਾਲਾਤ ਬਣਾ ਦਿੱਤੇ ਕਿ ਮੈਨੂੰ ਪੰਜ ਰੁਪਏ ਚਾਹੀਦੇ ਸੀ ਮੈਂ ਗੁਰੂਦੇਵ ਦੀ ਜੇਬ ਵਿਚ ਹੱਥ ਪਾਇਆ ਤੇ ਪੰਜ ਰੁਪਏ ਕੱਢ ਲਏ। ਮੈਂ ਉਹ ਪੈਸੇ ਕੱਢ ਕੇ ਉਸ ਸੱਜਣ ਨੂੰ ਦੇ ਦਿਤੇ ਜਿਸਨੂੰ ਚਾਹੀਦੇ ਸੀ।

ਗੁਰੂਦੇਵ ਕਹਿਣ ਲੱਗੇ, "ਐਧਰ ਆ, ਤੂੰ ਚੋਰ ਹੈਂ।"

ਮੈਂ ਕਿਹਾ, "ਮੈਂ ਕੀ ਚੋਰੀ ਕੀਤੀ ਹੈ?"

ਗੁਰੂਦੇਵ ਕਹਿਣ ਲੱਗੇ, "ਤੂੰ ਮੇਰੀ ਜੇਬ ਵਿਚੋਂ ਪੰਜ ਰੁਪਏ ਕੱਢੇ ਹਨ।"

ਮੈਂ ਕਿਹਾ, "ਪਰ ਤੁਸੀਂ ਤਾਂ ਮੇਰੇ ਪਿਤਾ ਹੋ।"

ਗੁਰੂਦੇਵ ਕਹਿਣ ਲੱਗੇ, "ਜ਼ਰੂਰ ਬਿਲਕੁਲ ਮੈਂ ਤੇਰਾ ਪਿਤਾ ਹਾਂ, ਪੁੱਤਰ ਪਿਤਾ ਦੀ ਜੇਬ ਵਿਚੋਂ ਵੀ ਚੋਰੀ ਕਰ ਸਕਦਾ ਹੈ ਤੇ ਪਿਤਾ ਵੀ ਪੁੱਤਰ ਦੀ ਜੇਬ ਵਿਚੋਂ ਚੋਰੀ ਕਰ ਸਕਦਾ ਹੈ॥"

ਮੈਂ ਕਿਹਾ, "ਪਰ ਮੈਨੂੰ ਇਸ ਤਰ੍ਹਾਂ ਨਾਲ ਮਹਿਸੂਸ ਨਹੀਂ ਹੋਇਆ ਕਿ ਮੈਂ ਚੋਰੀ ਕਰ ਰਿਹਾ ਹਾਂ।"

ਗੁਰੂਦੇਵ ਕਹਿਣ ਲੱਗੇ ਤੁਹਾਨੂੰ ਚੀਜ਼ਾਂ ਦੀ ਪੂਰੀ ਪੂਰੀ ਪਰਿਭਾਸ਼ਾ ਪਤਾ ਹੋਣੀ ਚਾਹੀਦਾ ਹੈ। ਜੇ ਤੁਸੀਂ ਆਪਣੇ ਵਿਵੇਕ ਨੂੰ ਪੂਰੀ ਤਰ੍ਹਾਂ ਨਾਲ ਵਰਤੋਗੇ ਉਸ ਦੀ ਸਿਖਿਆ ਦਾ ਪਾਲਣ ਕਰੋਗੇ, ਨਿਰਣਾ ਕਰੋਗੇ ਫੇਰ ਤੁਸੀਂ ਸਮਝ ਜਾਓਗੇ।"

ਫੇਰ ਮੈਂ ਉਨ੍ਹਾਂ ਤੋਂ ਪੁਛਿਆ, ਚੋਰੀ ਕਰਨ ਤੋਂ ਤੁਹਾਡਾ ਕੀ ਭਾਵ ਹੈ, ਮੈਂ ਤਾਂ ਤੁਹਾਡੇ ਸਾਮ੍ਹਣੇ ਹੀ ਤੁਹਾਡੀ ਜੇਬ ਵਿਚੋਂ ਲਏ ਹਨ।

ਗੁਰੂਦੇਵ ਕਹਿਣ ਲੱਗੇ, "ਤੂੰ ਮੇਰੇ ਸਾਮ੍ਹਣੇ ਲਏ ਹਨ ਜਾਂ ਨਹੀਂ ਪਰ ਤੂੰ ਮੇਰੇ ਪੈਸੇ ਲੈ ਲਏ। ਤੂੰ ਭਾਵੇਂ ਕਿਸੇ ਹੋਰ ਨੂੰ ਦੇਖ ਰਿਹਾ ਹੋਵੇਂ ਪਰ ਜੇ ਤੂੰ ਉਸ ਦੀ ਜੇਬ ਵਿਚੋਂ ਪੈਸੇ ਕੱਢ ਰਿਹਾ ਹੋਵੇਂ ਕੱਢ ਕੇ ਚਲਾ ਜਾਵੇਂ ਇਸ ਦਾ ਇਹ ਭਾਵ ਨਹੀਂ ਕਿ ਤੂੰ ਠੀਕ ਕਰ ਰਿਹਾ ਹੈਂ।"

ਮੈਂ ਕਿਹਾ ਮੈਨੂੰ ਤਾਂ ਤੁਹਾਡੀ ਗੱਲ ਸਮਝ ਨਹੀਂ ਆਈ। ਗੁਰੂਦੇਵ ਕਹਿਣ ਲੱਗੇ, "ਇਹ ਗੱਲ ਤੈਨੂੰ ਅੱਜ ਸਮਝਣੀ ਪਵੇਗੀ, ਕਿਸੇ ਦੀ ਕੋਈ ਵੀ ਚੀਜ਼ ਉਸ ਦੀ ਆਗਿਆ ਤੋਂ ਬਿਨਾਂ ਲੈਣੀ ਚੋਰੀ ਹੈ। ਚੋਰੀ ਉਹ ਹੈ ਜਦੋਂ ਤੁਸੀਂ ਕਿਸੇ ਦੀ ਆਗਿਆ ਤੋਂ ਬਿਨਾਂ ਉਹਦੀ ਚੀਜ਼ ਲੈਂਦੇ ਹੋ। ਉਹ ਮੇਰੇ ਜੀਵਨ ਵਿਚ ਚੋਰੀ ਕਰਨ ਦਾ ਆਖਰੀ ਦਿਨ ਸੀ ਮੈਂ ਮੁੜ ਕੇ ਕਦੀ ਵੀ ਇਹੋ ਜਿਹਾ ਕੰਮ ਨਹੀਂ ਕੀਤਾ। ਜੀਵਨ ਵਿਚ ਨੈਤਿਕ ਵਿਹਾਰ ਬਣਾਉਣ ਲਈ, ਸਿੱਖਣ ਲਈ ਤੁਹਾਨੂੰ ਗੱਲਾਂ ਦੀ, ਚੀਜ਼ਾਂ ਦੀ ਪਰਿਭਾਸ਼ਾ ਸਿੱਖਣੀ ਪਵੇਗੀ, ਇਸ ਤਰ੍ਹਾਂ ਨਾਲ ਮਨ ਨੂੰ ਸਾਧਣਾ ਪਵੇਗਾ।

ਤੁਸੀਂ ਹਰ ਸਮੇਂ ਆਪਣੇ ਆਪ ਕੋਲੋਂ ਆਪਣੇ ਆਪ ਹੀ ਚੋਰੀ ਕਰਦੇ ਰਹਿੰਦੇ ਹੋ, ਜਦੋਂ ਤੁਸੀਂ ਬੁੱਧੀ ਤੋਂ ਠੀਕ ਕੰਮ ਨਹੀਂ ਲੈ ਰਹੇ, ਬੁੱਧੀ ਨੂੰ ਕੰਮ ਕਰਨ ਹੀ ਨਹੀਂ ਦੇ ਰਹੇ, ਜਦੋਂ ਕੋਈ ਚੀਜ਼ ਤੋਂ ਕੰਮ ਨਾ ਲਵੋ ਉਸ ਨੂੰ ਜੰਗਾਲ, ਤਾਂ ਲਗ ਹੀ ਜਾਣਾ ਹੈ। ਫੇਰ ਜਦੋਂ ਕਦੀ ਤੁਸੀਂ ਉਸ ਨੂੰ ਵਰਤਣਾ ਚਾਹੋਗੇ, ਉਹ ਕੰਮ ਕਰੇਗੀ ਹੀ ਨਹੀਂ। ਜੇ ਕਰੇਗੀ ਤਾਂ ਠੀਕ ਕੰਮ ਨਹੀਂ ਕਰੇਗੀ। ਤੁਸੀਂ ਇਕ ਸੋਹਣੇ ਸੁਚੱਜੇ ਯੰਤਰ ਦੀ ਵਰਤੋਂ ਨਹੀਂ ਕਰ ਰਹੇ, ਇਹ ਔਜ਼ਾਰ ਤੁਹਾਡੇ ਅੰਦਰ ਹੈ ਤੁਹਾਡੇ ਅੰਦਰ ਡੂੰਗਾ ਪਿਆ ਹੈ, ਤੁਸੀਂ ਵਰਤਿਆ ਨਹੀਂ ਤੇ ਹੁਣ ਉਹ ਜੰਗਾਲਿਆ ਗਿਆ ਹੈ। ਹੁਣ ਤੁਸੀਂ ਉਸ ਨੂੰ ਠੀਕ ਕਰੋ ਉਸ ਨੂੰ ਸ਼ੁਧ ਕਰੋ। ਜਦੋਂ ਤੁਸੀਂ ਬੁੱਧੀ ਨੂੰ ਸ਼ੁਧ ਕਰਨ ਦਾ ਫੈਸਲਾ ਕਰਦੇ ਹੋ ਫੇਰ ਇਸ ਉਤੇ ਕੋਈ ਜੰਗਾਲ ਨਾ ਲਗਣ ਦਿਓ। ਜਿਹੜਾ ਜੰਗਾਲ ਲੱਗਾ ਪਿਆ ਹੈ ਉਸ ਨੂੰ ਉਤਾਰਣ ਦਾ ਜਤਨ ਕਰੋ। ਹਰ ਸਮੇਂ ਚੇਤਨ ਹੋ ਕੇ ਜੰਗ ਨੂੰ ਸਾਫ ਕਰਨ ਦੀ ਕੋਸ਼ਿਸ਼ ਕਰਦੇ ਰਹੋ, ਇਹ ਹੀ ਇਕ ਤਰੀਕਾ ਹੈ ਮਨ ਨੂੰ ਸ਼ੁਧ ਕਰਨ ਦਾ।

ਮਿਸਾਲ ਵਜੋਂ ਮਨ ਦੀ ਸ਼ਕਤੀ ਕਹੇਗੀ, ਇਹ ਕਰੋ ਤੇ ਨਾਲ ਉਹ ਕਹਿ ਦੇਵੇਗੀ ਜੇ ਤੂੰ ਇਹ ਨਾ ਕੀਤਾ, ਕੁਝ ਭਾਣਾ ਵਰਤ ਜਾਏਗਾ, ਕੁਝ ਹੋ ਜਾਵੇਗਾ। ਮਨ ਤਾਂ ਤੁਹਾਨੂੰ ਕੁਝ ਨਾ ਕੁਝ ਦਸਦਾ ਹੀ ਰਹੇਗਾ, ਮਨ ਕਹੇਗਾ ਜੇ ਤੂੰ ਚੋਰੀ ਕੀਤੀ ਤੂੰ ਪਛਤਾਏਂਗਾ। ਮਨ ਕਹੇਗਾ ਜੇ ਤੂੰ ਚੋਰੀ ਨਹੀਂ ਕੀਤੀ, ਤੂੰ ਆਪਣੇ ਆਪ ਨੂੰ ਚੰਗਾ ਮਹਿਸੂਸ ਕਰੇਂਗਾ। ਨਾਲ ਹੀ ਮਨ ਇਹ ਵੀ ਕਹੇਗਾ ਜੇ ਤੂੰ ਚੋਰੀ ਕਰੇਂਗਾ ਤਾਂ ਅਮੀਰ ਹੋ ਜਾਵੇਂਗਾ, ਬੱਸ ਜਦੋਂ ਇਹ ਗੱਲ ਆ ਗਈ ਤੁਸੀਂ ਫਸ ਗਏ, ਫੇਰ ਤੁਸੀਂ ਜੇਲ੍ਹ ਜਾਓਗੇ।

ਇਹ ਸਾਰਾ ਸੰਕਲਪ ਵਿਕਲਪ ਅੱਗੇ ਪਿਛੇ ਹੋਣਾ ਏਧਰ ਓਧਰ ਦੀ ਸੋਚਣਾ ਇਕ ਪਾਸੇ ਦੀ ਸੋਚਣਾ, ਦੂਜੇ ਪਾਸੇ ਦੀ ਸੋਚਣਾ ਇਸ ਉਤੇ ਵਾਦ-ਵਿਵਾਦ ਕਰਨਾ ਇਹ ਸਭ ਕੁਝ ਮਨ ਦਾ ਕੰਮ ਹੈ।

ਇਕ ਹੋਰ ਯੋਗ ਸ਼ਕਤੀ ਹੈ ਜਿਸਨੂੰ ਤੁਸੀਂ ਚਾਹੁੰਦੇ ਰਹੇ ਹੋ, ਪੂਜਦੇ ਰਹੇ ਹੋ, ਉਹ ਹੈ ਅਹੰਕਾਰ। ਉਸ ਦਾ ਸੂਖਮ ਤੱਤ ਹੈ ਹਉਮੈ। ਤੁਸੀਂ ਸੋਚਦੇ ਹੋ, ਤੁਸੀਂ ਚਰਚ ਜਾਂਦੇ ਹੋ, ਤੁਸੀਂ ਪ੍ਰਮਾਤਮਾ ਦੀ ਪੂਜਾ ਕਰਦੇ ਹੋ ਪਰ ਵਾਸਤਵ ਵਿਚ ਤਾਂ ਤੁਸੀਂ ਅਹੰਕਾਰ ਦੀ ਪੂਜਾ ਕਰ ਰਹੇ ਹੋ, ਕਿਉਂਕਿ ਹਰ ਸਮੇਂ ਜਦੋਂ ਤੁਸੀਂ ਅਰਦਾਸ ਕਰਦੇ ਹੋ, ਤੁਸੀਂ ਇਹ ਮੰਗਦੇ ਹੋ, ਉਹ ਮੰਗਦੇ ਹੋ, ਕਹਿੰਦੇ ਹੋ ਮੈਨੂੰ ਇਹ ਦੇ ਦਿਓ ਉਹ ਦੇ ਦਿਓ, ਭਾਵ ਤੁਸੀਂ ਸੋਚਦੇ ਹੋ ਤੁਸੀਂ ਬਹੁਤ ਹੀ ਵਿਸ਼ੇਸ਼ ਹੋ 'ਮੈਂ' ਤੇ ਮੇਰੀ ਬਹੁਤ ਹੀ ਵਿਸ਼ੇਸ਼ ਹੰਗਤਾ ਤੇ ਮਮਤਾ ਦੀ ਪ੍ਰਧਾਨ ਹੈ

ਪ੍ਰਭੂ ਤਾਂ ਕਿਤੇ ਬਾਅਦ ਦੀ ਗੱਲ ਹੈ ਮੈਂ ਸ਼ਬਦ ਦੀ ਵਰਤੋਂ ਸਭ ਤੋਂ ਵੱਧ ਹੈ ਜੀਵਨ ਹੀ 'ਮੈਂ' ਹੈ।

ਆਪਣੇ ਆਪ ਨੂੰ ਦੇਖੋ, ਜਾਣੋ। ਜਦੋਂ ਤੁਸੀਂ ਬੋਲਦੇ ਹੋ ਸਾਰਾ ਦਿਨ ਕੀ ਬੋਲਦੇ ਹੋ? ਕਿਹੜੇ ਸ਼ਬਦ ਤੁਸੀਂ ਵਰਤਦੇ ਹੋ? ਤੁਸੀਂ ਦੇਖੋਗੇ ਸਭ ਤੋਂ ਵੱਧ ਸ਼ਬਦ ਜਿਹੜਾ ਤੁਸੀਂ ਵਰਤਦੇ ਹੋ, ਉਹ ਹੈ 'ਮੈਂ', ਇਸੇ ਸ਼ਬਦ ਬਾਰੇ ਤੁਸੀਂ ਵੱਧ ਤੋਂ ਵੱਧ ਸੋਚਦੇ ਹੋ। ਤੁਹਾਡੀ ਸਾਰੀ ਧਾਰਨਾ ਹੀ 'ਮੈਂ' ਬਾਰੇ ਹੈ ਸਾਰੀ ਸੋਚ ਹੀ 'ਮੈਂ' ਉਤੇ ਹੈ। ਇਹ ਮੈਂ ਤੇ ਮੇਰੀ ਹੀ ਤੁਹਾਡੇ ਅੰਦਰ ਘਰ ਕਰ ਗਈ ਹੈ। 'ਮੈਂ' ਨੇ ਤੁਹਾਨੂੰ ਐਨਾ ਪਕੜ ਲਿਆ ਹੈ ਕਿ ਤੁਸੀਂ ਆਪਣੇ ਆਪ ਨੂੰ ਆਪਣੀ ਅਸਲੀਅਤ ਨੂੰ ਭੁੱਲ ਹੀ ਗਏ ਹੋ, ਗਿਆਨ ਦਾ ਘਰ ਹੀ ਤੁਹਾਨੂੰ ਭੁੱਲ ਗਿਆ ਹੈ, ਆਪਣਾ ਅਸਲੀ ਰੂਪ ਹੀ ਭੁੱਲ ਗਿਆ ਹੈ। ਗਿਆਨ ਦਾ ਸਰੋਤ ਹੀ ਭੁੱਲ ਗਿਆ ਹੈ ਭਾਵ ਤੁਸੀਂ ਆਤਮਾ ਨੂੰ ਹੀ ਭੁੱਲ ਗਏ ਹੋ, ਚੇਤਨਾ ਦੇ ਬਿੰਦੂ ਨੂੰ ਭੁੱਲ ਗਏ ਹੋ, ਚੇਤਨਾ ਨੇ ਹੀ ਤੁਹਾਡੇ ਅੰਦਰ ਇਹ ਮੈਂ ਦਾ ਬੀਜ ਪਾਇਆ ਹੈ। ਅਹੰਕਾਰ ਆਪਣਾ ਵਾਸਤਵਿਕ ਕਾਰਜ ਭੁੱਲ ਗਿਆ ਹੈ। ਮੈਂ ਭਾਵ ਕਹਿੰਦਾ ਹੈ, "ਸਰੀਰ ਮੇਰਾ ਹੈ, ਇਹ ਮੇਰਾ ਘਰ ਹੈ, ਮੇਰਾ ਪਤੀ ਹੈ, ਮੇਰੀ ਪਤਨੀ ਹੈ, ਮੇਰੇ ਬੱਚੇ ਹਨ ਇਹ ਮੈਂ ਤੇ ਮੇਰੀ ਸਾਰੀ ਅਹੰਕਾਰ ਦੀ ਹੀ ਉਤਪਤੀ ਹੈ ਇਹ ਸਾਰੀ ਸਮਸਿਆ ਦੀ ਜੜ੍ਹ ਹੈ। ਹਉਮੈ ਦਾ ਹੀ ਪਰਦਾ ਪਿਆ ਹੈ। ਜੇ ਹਉਮੈ ਦਾ ਪਰਦਾ ਹਟ ਜਾਏ ਤੁਸੀਂ ਉਸੇ ਵੇਲੇ ਗਿਆਨ ਪ੍ਰਾਪਤ ਕਰ ਸਕਦੇ ਹੋ। ਅਹੰਕਾਰ ਤੁਹਾਨੂੰ ਛੋਟਾ ਬਣਾਉਂਦਾ ਹੈ, ਤੁਹਾਨੂੰ ਸੁਆਰਥੀ ਬਣਾਉਂਦਾ ਹੈ, ਤੁਸੀਂ ਕੋਈ ਵੀ ਚੀਜ਼ ਦੂਸਰਿਆਂ ਨਾਲ ਸਾਂਝੀ ਨਹੀਂ ਕਰਨੀ ਚਾਹੁੰਦੇ। ਜਿੰਨੇ ਵੱਧ ਤੁਸੀਂ ਅਹੰਕਾਰੀ ਹੁੰਦੇ ਜਾਓਗੇ ਹਉਮੈ ਵਿਚ ਜਕੜੇ ਜਾਓਗੇ ਜਿੰਨੇ ਵੱਧ ਤੁਸੀਂ ਸ੍ਵੈਕੇਂਦਰਿਕ ਹੁੰਦੇ ਜਾਓਗੇ ਓਨਾ ਹੀ ਤੁਸੀਂ ਦੂਸਰਿਆਂ ਤੋਂ ਦੂਰ ਹੁੰਦੇ ਜਾਓਗੇ।

ਅਹੰਕਾਰ ਕਈ ਤਰ੍ਹਾਂ ਨਾਲ ਸਹਾਇਕ ਵੀ ਹੈ ਪਰ ਉਹ ਤਾਂ ਜੇ ਤੁਸੀਂ ਉਸ ਦੀ ਵਰਤੋਂ ਸੋਚ ਸਮਝ ਕੇ ਕਰੋ, ਉਸ ਦੇ ਰੋਲ ਨੂੰ ਚੰਗੀ ਤਰ੍ਹਾਂ ਸਮਝ ਲਵੋ ਪਰ ਤੁਸੀਂ ਤਾਂ ਵਾਸਤਵ ਵਿਚ ਉਸ ਦੇ ਅਸਲੀ ਰੋਲ ਨੂੰ ਭੁੱਲ ਹੀ ਗਏ ਹੋ, ਤੁਸੀਂ ਤਾਂ ਉਸ ਨੂੰ ਗਲਤ ਵਰਤ ਰਹੇ ਹੋ, ਹਰ ਵੇਲੇ ਇਹ ਕਹਿ ਰਹੇ ਹੋ ਮੈਂ ਇਹ ਹਾਂ, ਇਹ ਮੇਰਾ ਹੈ, ਮੈਨੂੰ ਇਹ ਚਾਹੀਦਾ ਹੈ। ਸਾਰਾ ਦਿਨ ਕੇਵਲ 'ਮੈਂ' ਹੀ ਇਕ ਵਿਸ਼ੇਸ਼ ਹਾਂ, ਹੋਰ ਸਭ ਕੁਝ ਦੂਸਰੀ ਥਾਂ ਹੈ। ਦੇਖੋ ਜਾਣੋ ਤੁਸੀਂ ਆਪਣੇ ਅਹੰਕਾਰ ਨੂੰ ਸਾਰਾ ਦਿਨ ਕਿਵੇਂ ਪਾਲਦੇ ਪੋਸਦੇ ਰਹਿੰਦੇ ਹੋ।

ਤੀਸਰੀ ਬਿਰਤੀ ਹੈ ਚਿੱਤ, ਇਸ ਬਿਰਤੀ ਰਾਹੀਂ ਤੁਸੀਂ ਗਿਆਨ ਦੀ ਪ੍ਰਾਪਤੀ ਕਰਦੇ ਹੋ, ਚਿੱਤ ਵਿਚ ਸਭ ਕੁਝ ਪਿਆ ਰਹਿੰਦਾ ਹੈ ਇਹ ਇਕ ਪ੍ਰਕਾਰ ਦਾ ਸਟੋਰ ਹੈ। ਚੰਗਾ ਮੰਦਾ ਸਭ ਕੁਝ ਪਿਆ ਰਹਿੰਦਾ ਹੈ, ਚਿੱਤ ਹੀ ਅੰਤਰ ਗਿਆਨ ਦਾ ਸੋਮਾ ਹੈ, ਇਹ ਤੁਹਾਡੇ ਅੰਦਰ ਹੈ ਇਹ ਤੁਹਾਡੇ ਅੰਦਰ ਹੀ ਖੁਲ੍ਹ ਜਾਵੇਗਾ ਜਦੋਂ ਤੁਸੀਂ ਖੋਲੋਗੇ, ਖੁਲ੍ਹਣ ਤੇ ਅੰਤਰ ਗਿਆਨ ਦਾ ਹੜ੍ਹ ਆ ਜਾਵੇਗਾ, ਕੋਈ ਅੰਦਰ ਦਾ ਖਿਆਲ ਤਾਂ ਇਕ ਮਿੰਟ ਲਈ ਆਏਗਾ ਫੇਰ ਤੁਸੀਂ ਉਸ ਨੂੰ ਚਾਹੋ ਵੀ ਤਾਂ ਯਾਦ ਨਹੀਂ ਕਰ ਸਕਦੇ। ਉਪਰੋਂ ਕਿਤੋਂ ਸੀ ਪਤਾ ਨਹੀਂ ਕਿਥੇ ਗਿਆ। ਪਰ ਅੰਤਰ ਗਿਆਨ ਤਾਂ ਇਕ ਚੰਗਿਆਰੀ ਦੀ ਤਰ੍ਹਾਂ ਹੈ, ਬਹੁਤ ਵੀ ਉਹ ਹੀ ਇਕ ਅੰਦਾਜ਼ਾ ਬਣ ਜਾਂਦਾ ਹੈ। ਅੰਤਰ ਗਿਆਨ ਦੀ ਲਾਇਬ੍ਰੇਰੀ ਦਾ ਸੋਮਾ ਤਾਂ ਚਿੱਤ ਹੈ। ਜਦੋਂ ਤੁਸੀਂ ਆਪਣੇ ਆਪ ਨੂੰ ਸੋਧਦੇ ਹੋ, ਤੁਸੀਂ ਆਪਣੇ ਅੰਦਰ ਦੇ ਗਿਆਨ ਨੂੰ ਦੇਖ ਕੇ ਹੈਰਾਨ ਹੋ ਜਾਂਦੇ ਹੋ, ਉਹ ਗਿਆਨ ਹੀ ਤੁਹਾਨੂੰ ਮਨ ਦੀ ਸ਼ੁਧਤਾ ਦਿੰਦਾ ਹੈ ਤੇ ਤੁਹਾਡਾ ਜੀ ਇਕ ਸੰਗੀਤ ਦੀ ਭਾਂਤੀ ਕਵਿਤਾ ਦੀ ਭਾਂਤੀ ਬਣ ਜਾਂਦਾ ਹੈ।

ਤੁਹਾਡੇ ਮਨ ਦਾ ਕਾਰਜ ਹੈ, ਜੋ ਤੁਹਾਨੂੰ ਪੁਛਦਾ ਹੈ, ਦਸਦਾ ਹੈ, ਮੈਂ ਇਹ ਕਰਾਂ ਕਿ ਨਾ? ਪਰ ਜੇ ਕੋਈ ਤੁਹਾਨੂੰ ਦੱਸਣ ਵਾਲਾ ਨਹੀਂ ਕੋਈ, ਤੁਹਾਡਾ ਮਾਰਗ ਦਰਸ਼ਨ ਕਰਨ ਵਾਲਾ ਨਹੀਂ, ਜੇ ਅਜੇ ਤੁਸੀਂ ਇਸ ਦੇ ਬਾਰੇ ਜਾਣਿਆ ਨਹੀਂ ਇਸ ਦਾ ਮਾਰਗ ਦਰਸ਼ਨ ਕਿਵੇਂ ਕਰਨਾ ਹੈ ਮਨ ਦਾ ਮਾਰਗ ਦਰਸ਼ਨ ਕਿਵੇਂ ਕਰਨਾ ਹੈ, ਬੁੱਧੀ ਦਾ ਮਾਰਗ ਦਰਸ਼ਨ ਕਿਵੇਂ ਕਰਨਾ ਹੈ? ਓਦੋਂ ਤੱਕ ਤੁਸੀਂ ਫੈਸਲਾ ਲੈ ਹੀ ਨਹੀਂ ਸਕਦੇ ਨਿਰਣਾ ਕਰ ਹੀ ਨਹੀਂ ਸਕਦੇ। ਤੁਸੀਂ ਬੁੱਧੀ ਨੂੰ ਕਦੀ ਪੁਛਿਆ ਹੀ ਨਹੀਂ। ਤੁਹਾਡੇ ਅੰਦਰ ਤੁਹਾਡਾ ਸਲਾਹਕਾਰ ਬੈਠਾ ਹੈ, ਉਹ ਹੈ ਬੁੱਧੀ, ਬੁੱਧੀ ਹੀ ਤੁਹਾਨੂੰ ਦਸਦੀ ਹੈ ਕੀ ਕਰਨਾ ਹੈ, ਕਿਸ ਤਰ੍ਹਾਂ ਕਰਨਾ ਹੈ, ਨਿਰਣਾ ਕਿਵੇਂ ਲੈਣਾ ਹੈ, ਭੇਦ ਭਾਵ ਦਸਦੀ ਹੈ, ਫੈਸਲਾ ਕਰਦੀ ਹੈ। ਇਹ ਸਾਰਾ ਕੁਝ ਤੁਹਾਡੇ ਅੰਦਰ ਚਲਦਾ ਹੀ ਰਹਿੰਦਾ ਹੈ, ਵੱਖ-ਵੱਖ ਤਰੀਕੇ ਨਾਲ ਵੱਖ-ਵੱਖ ਤਰ੍ਹਾਂ, ਵੱਖ-ਵੱਖ ਪੱਧਰ ਤੇ ਵੱਖ-ਵੱਖ ਹਦ ਤਕ। ਲੋੜ ਹੈ ਤੁਹਾਨੂੰ ਆਪਾ ਚੀਨਣ ਦੀ, ਆਪੇ ਨੂੰ ਜਾਨਣ ਦੀ, ਸਮਝਣ ਦੀ। ਤੁਸੀਂ ਜਦੋਂ ਤੱਕ ਆਪ ਨੂੰ ਨਹੀਂ ਜਾਣੋਗੇ ਆਪਣੇ ਅੰਦਰ ਨਹੀਂ ਪਹੁੰਚ ਸਕਦੇ। ਮਨ ਦਾ ਚੱਕਰ ਘੁੰਮਦਾ ਹੈ, ਉਸ ਦੀਆਂ ਕਮਾਣੀਆਂ ਹਨ ਇਹ ਕਮਾਣੀ ਘੁੰਮਦੀਆਂ ਹਨ ਕਿਉਂਕਿ ਹੱਬ ਹੈ, ਧੁਰਾ ਹੈ। ਜੇ ਤੁਸੀਂ ਆਪਣਾ ਧੁਰਾ ਜਾਨਣਾ ਚਾਹੁੰਦੇ ਹੋ ਇਸ ਉਪਰ ਦਿਤੀ ਮਿਸਾਲ ਨੂੰ ਸਮਝੋ, ਇਹ ਬਹੁਤ ਹੀ ਆਸਾਨ ਹੈ ਆਪਾ ਚੀਨੋ।

ਇਹ ਤੁਹਾਡੇ ਮਨ ਦੇ ਕਾਰਜ ਹਨ, ਤੁਹਾਡੇ ਧੁਰ

(ਬਾਕੀ ਪੰਨਾ 54 ਤੇ)

ਹਿਮਾਲੀਅਨ ਯੋਗੀ ਦਾ ਸੰਗ
(Walking With Himalayan Master)

ਡਾ. ਜਸਟਿਨ ਓਬਰਾਇਨ
ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ

ਸਿਥਿਲੀਕਰਨ

ਸਰੀਰ ਨੂੰ ਨਿਸਲ ਕਰਨਾ, ਸਰੀਰ ਦਾ ਸਿਥਿਲੀ ਕਰਨ, ਮਾਨਸਿਕ ਤੇ ਸਰੀਰਕ ਸਿਹਤ ਲਈ ਬਹੁਤ ਹੀ ਆਵਸ਼ਕ ਹੈ। ਸਰੀਰਕ ਤਣਾਅ ਦਾ 95% ਕਾਰਨ ਮਨੋਸਰੀਰਕ ਰੋਗ ਹੀ ਹਨ। ਅਸੀਂ ਇਨ੍ਹਾਂ ਰੋਗਾਂ ਦੇ ਕਾਰਣ ਬਾਹਰ ਢੂੰਡਦੇ ਹਾਂ, ਵਾਸਤਵ ਵਿਚ ਇਨ੍ਹਾਂ ਦੇ ਕਾਰਣ ਸਾਡੇ ਅੰਦਰ ਹੀ ਹੁੰਦੇ ਹਨ। ਨਿਸਲ ਹੋਣ ਲਈ ਸਿੱਧੇ ਲੇਟ ਜਾਓ, ਆਪਣੀਆਂ ਲੱਤਾਂ ਨੂੰ ਕੋਈ 18 ਇੰਚ ਦੇ ਫਾਸਲੇ ਤੇ ਰੱਖੋ, ਆਪਣੇ ਦੋਨੋਂ ਹੱਥ ਆਪਣੇ ਪੇਟ ਤੇ ਰੱਖੋ। ਜੇ ਫਰਸ਼ ਤੇ ਲੇਟੇ ਹੋ ਤਾਂ ਛੋਟਾ ਜਿਹਾ ਸਰ੍ਹਾਣਾ ਰੱਖੋ। ਫੇਰ ਤਰਤੀਬਵਾਰ ਆਪਣੇ ਸਰੀਰ ਨੂੰ ਜਾਂਚੋ। ਸਿਰ ਤੋਂ ਸ਼ੁਰੂ ਕਰਕੇ ਪੈਰਾਂ ਤੱਕ ਆਓ। ਪੈਰਾਂ ਤੋਂ ਸ਼ੁਰੂ ਕਰਕੇ ਸਿਰ ਤਕ ਆਓ, ਦੇਖੋ ਸਰੀਰ ਵਿਚ ਕਿਥੇ ਖਿੱਚ ਹੈ, ਕਿਥੇ ਤਣਾਓ ਹੈ, ਮਾਨਸਿਕ ਪੱਖੋਂ ਉਸ ਤਣਾਓ ਨੂੰ ਨਿਸਲ ਕਰਨ ਦਾ ਯਤਨ ਕਰੋ, ਆਪਣੇ ਪੇਟ ਦੀ (diaphragm) ਦੀ ਹਰਕਤ ਨੂੰ ਜਾਂਚੋ, ਹੌਲੀ ਹੌਲੀ ਸ੍ਵਾਸ ਲਓ, ਡੂੰਘੇ ਸ੍ਵਾਸ ਲਓ, ਜਿੰਨੀ ਵੀ ਤੁਹਾਡੀ ਸਮਰੱਥਾ ਹੈ ਉਸ ਅਨੁਸਾਰ ਸ੍ਵਾਸ ਲਓ। ਸਰੀਰ ਨੂੰ ਸਿਥਿਲ ਰੱਖੋ, ਸ੍ਵਾਸਾਂ ਨੂੰ ਸ਼ਾਂਤ ਰੱਖੋ, ਡੂੰਘਾ ਰੱਖੋ, ਇਸ ਤਰ੍ਹਾਂ ਕਰਨਾ ਸ੍ਵਾਸ ਚੱਲਣ ਅਤੇ ਨਿਸਲ ਕਰਨ ਵਿਚ ਸਹਾਇਕ ਹੋਵੇਗਾ, ਇਸ ਤਰ੍ਹਾਂ ਸਾਰਾ ਨਾੜੀ ਮੰਡਲ ਵੀ ਨਿਸਲ ਹੁੰਦਾ ਹੈ। ਸਾਰੇ ਪੱਠਿਆਂ ਵਿਚੋਂ ਤਣਾਵ ਖਿਚਾਓ ਨਿਕਲ ਜਾਂਦਾ ਹੈ ਤੇ ਸਾਰਾ ਸਵਾਧੀਨ ਨਾੜੀ ਮੰਡਲ ਸ਼ਾਂਤ ਹੋ ਜਾਂਦਾ ਹੈ। ਇਸ ਤਰ੍ਹਾਂ ਦੀ ਸਿਥਿਲਤਾ ਦਾ ਅਭਿਆਸ ਦਸ ਮਿੰਟ ਤੋਂ ਵੱਧ ਨਹੀਂ ਕਰਨਾ ਚਾਹੀਦਾ, ਨਹੀਂ ਤੇ ਤੁਸੀਂ ਸੌਂ ਜਾਓਗੇ। ਪੰਜ ਮਿੰਟ ਪਿਛੋਂ ਸਰੀਰ ਵਿਚ ਤਣਾਓ ਪੈਦਾ ਕਰੋ, ਫੇਰ ਨਿਸਲ ਕਰੋ, ਫੇਰ ਸਰੀਰ ਨੂੰ ਦੇਖੋ। ਸ੍ਵਾਸਾਂ ਦਾ ਹਲਕਾ ਤੇ ਹੌਲੇ ਹੌਲੇ ਪ੍ਰਵਾਹ ਪਰ ਡੂੰਘਾ ਪਰਵਾਹ ਦੇਖੋ।

ਸ਼ਵਆਸਨ ਇਕ 61 ਬਿੰਦੂਆਂ ਦਾ ਅਭਿਆਸ ਹੈ। ਇਸ ਅਭਿਆਸ ਨਾਲ ਮਨ ਅੰਤਰਮੁਖੀ ਹੁੰਦਾ ਹੈ, ਵਧੇਰੇ ਕ੍ਰਮਵਾਰ ਹੁੰਦਾ ਹੈ ਤੇ ਨਾੜੀ ਮੰਡਲ ਨੂੰ ਵਧੇਰੇ ਨਿਸਿਲਤਾ ਮਿਲਦੀ ਹੈ। ਉਪਰ ਲਿਖੇ ਅਭਿਆਸ ਤੋਂ ਬਾਅਦ 61 ਬਿੰਦੂ ਨਿਸਿਲਤਾ ਦਾ ਅਭਿਆਸ ਕਰੋ। ਤੁਸੀਂ ਚਾਹੋ ਤਾਂ ਖੱਬੇ ਪਾਸਿਓਂ ਸ਼ੁਰੂ ਕਰ ਸਕਦੇ ਹੋ, ਚਾਹੋ ਤਾਂ ਸੱਜੇ ਪਾਸਿਓਂ ਸ਼ੁਰੂ ਕਰ ਸਕਦੇ ਹੋ ਪਰ ਸਥਿਰ ਰਹੋ। 61 ਬਿੰਦੂ ਸ਼ਵਆਸਨ ਓਦੋਂ ਨਹੀਂ ਕਰਨਾ ਚਾਹੀਦਾ, ਜਦੋਂ ਤੁਹਾਨੂੰ ਨੀਂਦ ਆ ਰਹੀ ਹੋਵੇ ਜਾਂ ਤੁਸੀਂ ਥੱਕੇ ਹੋਵੋ। ਸ਼ਵਆਸਨ ਵਿਚ ਲੇਟੋ, ਨਿਸਲ ਹੋਵੋ, ਇਕ ਦੋ ਮਿੰਟ ਲੇਟੇ ਰਹੋ। ਆਪਣਾ ਸਾਰਾ ਧਿਆਨ ਦੋਨੋਂ ਅੱਖਾਂ ਦੇ ਵਿਚ ਵਾਲੀ ਥਾਂ ਤੇ ਲੈ ਆਓ ਤੇ ਇਕ ਬਾਰੇ ਸੋਚੋ। ਇਸੇ ਉਤੇ ਆਪਣਾ ਧਿਆਨ ਇਕ ਦੋ ਸੈਕਿੰਡ ਲਈ ਲਗਾ ਕੇ ਰੱਖੋ ਇਸ ਤਰ੍ਹਾਂ ਇਕ ਇਕ ਕਰਕੇ 31 ਤੱਕ ਜਾਓ। ਇਸ ਅਭਿਆਸ ਨੂੰ ਦੋ ਵਾਰੀ ਦੁਹਰਾਓ। ਇਸ ਤਰ੍ਹਾਂ ਤੁਸੀਂ ਸੱਤ ਦਿਨ ਤੋਂ ਦਸ ਦਿਨ ਤਕ ਕਰੋ। ਜਦੋਂ ਇਹ ਅਭਿਆਸ ਬਿਨਾਂ ਮਨ ਦੇ ਏਧਰ ਉਧਰ ਗਏ ਤੁਸੀਂ ਕਰ ਸਕੋ ਫੇਰ ਤੁਸੀਂ 61 ਤਕ ਕਰੋ।

ਹੋਰ ਬਹੁਤ ਸਾਰੇ ਕੌਮਾ ਲਗਾਉਣੇ

ਪੱਤਝੜ ਦੇ ਖਤਮ ਹੋਣ ਵੇਲੇ ਤਕ ਸਵਾਮੀ ਜੀ ਭਾਰਤ ਚਲੇ ਗਏ। ਸਵਾਮੀ ਜੀ ਸਦਾ ਹੀ ਸਰਦੀਆਂ ਦੇ ਮਹੀਨਿਆਂ ਵਿਚ ਆਪਣੇ ਪ੍ਰੋਗਰਾਮ ਤੇ ਕੰਮ ਕਰਿਆ ਕਰਦੇ ਸੀ। ਰੋਜ਼ ਦਾ ਕੰਮ ਉਹ ਸਾਡੇ ਤੇ ਛੱਡ ਦਿੰਦੇ। ਜਦੋਂ ਹੀ ਸਵਾਮੀ ਜੀ ਭਾਰਤ ਆਉਣ ਲਈ ਕਾਰ ਵਿਚ ਬੈਠੇ ਹਵਾਈ ਅੱਡੇ ਜਾਣ ਲੱਗੇ, ਉਨ੍ਹਾਂ ਨੇ ਸਾਰਿਆਂ ਨੂੰ ਅਲਵਿਦਾ ਕੀਤਾ। ਇਕ ਸ਼ਰਧਾਲੂ ਦੌੜ ਕੇ ਗਿਆ ਤੇ ਸਵਾਮੀ ਜੀ ਦੇ ਕੰਨ ਵਿਚ ਕੁਝ ਕਿਹਾ। ਸਵਾਮੀ ਜੀ ਨੇ ਕਿਹਾ ਹਾਂ ਛੇਤੀ ਹੀ ਤੇਰੀ ਇੱਛਾ ਪੂਰਨ ਹੋ ਜਾਵੇਗੀ। ਅਸੀਂ ਸਾਰਿਆਂ ਨੇ ਸਵਾਮੀ ਜੀ ਨੂੰ ਵਿਦਾਇਗੀ ਦਿਤੀ ਤੇ ਸਵਾਮੀ ਜੀ ਦੀ ਕਾਰ ਹੌਲੀ ਹੌਲੀ ਅੱਖਾਂ ਤੋਂ ਓਹਲੇ ਹੋ ਗਈ।

ਕੋਈ ਦਸ ਦਿਨ ਬਾਅਦ ਦੋ ਸ਼ਰਧਾਲੂ ਜਿਹੜੇ ਆਸ਼ਰਮ ਵਿਚ ਹੀ ਰਹਿੰਦੇ ਸੀ ਉਹ ਸ਼ਹਿਰ ਗਏ। ਉਸ ਦਿਨ ਮੌਸਮ ਬਹੁਤ ਹੀ ਖਰਾਬ ਸੀ, ਬਰਫ ਪੈ ਰਹੀ ਸੀ ਤੇ ਸੜਕਾਂ ਬਰਫ ਨਾਲ ਚਮਕ ਰਹੀਆਂ ਸੀ। ਸਾਡੀ ਸੰਸਥਾ ਤੋਂ ਕੋਈ ਇਕ ਮੀਲ ਦੂਰ ਢਲਾਨ ਹੈ। ਕਈ ਵਾਰੀ ਗੱਡੀ ਚਲਾਉਣ ਵਾਲੇ ਉਥੇ ਸਪੀਡ ਬਹੁਤ ਕਰ ਲੈਂਦੇ ਹਨ ਕਿਉਂਕਿ ਮੈਂ ਸੈਂਕੜੇ ਵਾਰੀ ਉਥੋਂ ਲੰਘਿਆ ਹੋਇਆ ਹਾਂ। ਮੈਨੂੰ ਪਤਾ ਹੈ ਕਿ ਉਥੋਂ ਗੱਡੀ ਦਾ ਤੇਜ਼ ਹੋਣਾ ਕਿੰਨਾ ਸੌਖਾ ਹੈ। ਜਿਵੇਂ ਹੀ ਇਹ ਢਲਾਨ ਖਤਮ ਹੁੰਦੀ ਹੈ ਉਥੇ ਇਹੋ ਜਿਹਾ ਸੜਕ ਦਾ ਟੁਕੜਾ ਹੈ ਜਿਥੇ ਬਹੁਤ ਸਾਰੀ ਬਰਫ ਇਕੱਠੀ ਹੋ ਕੇ ਜੰਮ ਜਾਂਦੀ ਹੈ।

ਉਸ ਦਿਨ ਸਵੇਰੇ ਹੀ ਦਫਤਰ ਵਿਚ ਹਸਪਤਾਲ ਤੋਂ ਟੈਲੀਫੋਨ ਆਇਆ ਤੇ ਕਹਿਣ ਲੱਗੇ, ਪੁਲਿਸ ਨੂੰ ਇਕ ਕਾਰ ਮਿਲੀ ਹੈ ਇਕ ਵੱਡੇ ਬੋਹੜ ਨਾਲ ਲਗ ਕੇ ਵੱਜੀ ਹੋਈ ਹੈ। ਇਕ ਬੀਬੀ ਉਸ ਦੇ ਅੰਦਰ ਖਤਮ ਹੈ ਤੇ ਦੂਸਰੀ ਬਹੁਤ ਹੀ ਬੁਰੀ ਤਰ੍ਹਾਂ ਨਾਲ ਜ਼ਖਮੀ ਹੈ ਪਰ ਠੀਕ ਹੋ ਜਾਵੇਗੀ ਸਮਾਂ ਲੱਗੇਗਾ।

ਸਵਾਮੀ ਜੀ ਜਦੋਂ ਭਾਰਤ ਤੋਂ ਵਾਪਸ ਆਏ ਉਨ੍ਹਾਂ ਨੇ ਮੈਨੂੰ ਇਕ ਲੰਬੀ ਸਾਰੀ ਚਿੱਠੀ ਦਿਖਾਈ ਜਿਹੜੀ ਉਸ ਬੀਬੀ ਨੇ ਲਿਖੀ ਸੀ ਜਿਹੜੀ ਹੁਣ ਨਹੀਂ ਰਹੀ ਸੀ। ਉਸ ਨੇ ਲਿਖਿਆ ਸੀ ਕਿ ਉਹ ਹੁਣ ਇਸ ਸੰਸਾਰ ਵਿਚ ਨਹੀਂ ਸੀ ਰਹਿਣਾ ਚਾਹੁੰਦੀ। ਉਸ ਨੇ ਉਸ ਵਿਚ ਕਾਰਣ ਲਿਖੇ ਸਨ ਕਿ ਉਹ ਇਸ ਧਰਤੀ ਤੇ ਰਹਿਣਾ ਹੀ ਨਹੀਂ ਸੀ ਚਾਹੁੰਦੀ ਤੇ ਉਹ ਛੇਤੀ ਹੀ ਮਰਨਾ ਚਾਹੁੰਦੀ ਸੀ।

ਹੁਣ ਮੈਨੂੰ ਸਾਰੀ ਗੱਲ ਸਮਝ ਆ ਗਈ, ਕਈ ਮਹੀਨਿਆ ਦੀ ਗੱਲ ਹੈ ਇਕ ਬੀਬੀ ਜਿਹੜੀ ਪੂਰਬ ਤੋਂ ਆਈ ਸੀ ਤੇ ਸਵਾਮੀ ਜੀ ਨਾਲ ਕੰਮ ਰਹੀ ਸੀ ਉਸ ਨੇ ਨਵੀਂ ਗੱਡੀ ਖਰੀਦੀ ਸੀ। ਇਕ ਦਿਨ ਜਦੋਂ ਉਹ ਗੱਡੀ ਚਲਾਉਣ ਲੱਗੀ ਸਵਾਮੀ ਜੀ ਆਪਣੇ ਕਮਰੇ ਵਿਚੋਂ ਦੌੜੇ ਆਏ ਤੇ ਜਿਥੇ ਗੱਡੀਆਂ ਖੜ੍ਹੀਆਂ ਕਰਦੇ ਸਨ ਉਥੇ ਖੜ੍ਹੇ ਹੋ ਕੇ ਜ਼ੋਰ ਜ਼ੋਰ ਦੀ ਉਸ ਨੂੰ ਆਵਾਜ਼ ਮਾਰਨ ਲੱਗੇ ਤੇ ਕਹਿਣ ਲੱਗੇ ਤੂੰ ਇਸ ਕਾਰ ਵਿਚੋਂ ਛੇਤੀ ਨਾਲ ਬਾਹਰ ਆ, ਬਾਹਰ ਨਿਕਲ। ਉਹ ਬਹੁਤ ਹੈਰਾਨ ਹੋਈ ਉਹ ਗੱਡੀ ਵਿਚੋਂ ਬਾਹਰ ਤਾਂ ਨਿਕਲ ਆਈ ਪਰ ਉਹ ਕਾਫੀ ਪਰੇਸ਼ਾਨ ਸੀ। ਸਵਾਮੀ ਜੀ ਕਹਿਣ ਲੱਗੇ, ਇਹ ਕਾਰ ਵੇਚ ਦਿਓ, ਛੇਤੀ ਹੀ ਵੇਚ ਦਿਓ। ਉਹ ਕਹਿਣ ਲੱਗੀ ਮੈਂ ਤਾਂ ਬੜੇ ਹੀ ਚਾਅ ਨਾਲ ਸ਼ੌਕ ਨਾਲ ਇਹ ਗੱਡੀ ਖਰੀਦੀ ਹੈ ਮੈਂ ਤਾਂ ਵੇਚ ਨਹੀਂ ਸਕਦੀ। ਸਵਾਮੀ ਜੀ ਨੇ ਬੜਾ ਹੀ ਜ਼ੋਰ ਪਾ ਕੇ ਕਿਹਾ ਕਿ ਇਸ ਗੱਲ ਨੂੰ ਸੁਣਨਾ ਤੇ ਮੰਨਣਾ ਹੀ ਉਸ ਲਈ ਠੀਕ ਰਹੇਗਾ। ਅੰਤ ਸਵਾਮੀ ਜੀ ਕਹਿਣ ਲੱਗੇ ਇਕ ਗੁਰੂ ਦੇ ਰਿਸ਼ਤੇ ਨਾਲ ਮੈਂ ਤੈਨੂੰ ਹੁਕਮ ਦਿੰਦਾ ਹਾਂ ਕਿ ਤੂੰ ਕਦੇ ਵੀ ਇਹ ਕਾਰ ਨਹੀਂ ਵਰਤੇਂਗੀ।

ਬੀਬੀ ਬੜੇ ਗੁੱਸੇ ਵਾਲੀ ਸੀ। ਬੜੇ ਗੁੱਸੇ ਵਿਚ ਆ ਕੇ ਉਹ ਜ਼ੋਰ ਦੀ ਚੀਖੀ ਤੇ ਕਹਿਣ ਲੱਗੀ, ਤੁਸੀਂ ਮੈਨੂੰ ਇਸ ਤਰ੍ਹਾਂ ਕਿਵੇਂ ਕਹਿ ਸਕਦੇ ਹੋ? ਸਵਾਮੀ ਜੀ ਉਥੋਂ ਮੁੜੇ ਤੇ ਅੰਦਰ ਆ ਗਏ, ਉਹ ਉਥੇ ਖੜ੍ਹੀ ਕੁੜ੍ਹਦੀ ਰਹੀ।

ਉਹ ਬੀਬੀ ਉਸ ਕਾਰ ਵਿਚ ਬੈਠ ਕੇ ਘਰ ਤਾਂ ਚਲੀ ਗਈ ਪਰ ਫੇਰ ਸੋਚਣ ਲੱਗੀ ਕਿ ਸਵਾਮੀ ਜੀ ਤਾਂ ਸਦਾ ਸਭ ਦਾ ਭਲਾ ਹੀ ਸੋਚਦੇ ਹਨ। ਅਗਲੇ ਹਫਤੇ ਉਹ ਸਵਾਮੀ ਜੀ ਨੂੰ ਪੁੱਛਣ ਗਈ ਕਿ ਕੀ ਉਹ ਇਹ ਕਾਰ ਇਕ ਇਥੇ ਹੀ ਰਹਿੰਦੀ ਬੀਬੀ ਨੂੰ ਵੇਚ ਸਕਦੀ ਹੈ, ਉਹ ਬੀਬੀ ਮੰਗ ਰਹੀ ਹੈ ਤੇ ਉਸ ਨੇ ਜਦੋਂ ਇਸ ਉਤੇ ਲਿਖਿਆ ਦੇਖਿਆ ਕਿ ਇਹ ਕਾਰ ਵਿਕਾਊ ਹੈ। ਸਵਾਮੀ ਜੀ ਨੇ ਆਗਿਆ ਦੇ ਦਿਤੀ ਤੇ ਜਿਹੜੀ ਬੀਬੀ ਹੁਣ ਉਸ ਕਾਰ ਵਿਚ ਚੜ੍ਹਾਈ ਕਰ ਗਈ ਸੀ ਉਹ ਬੀਬੀ ਉਹ ਹੀ ਸੀ ਉਸ ਨੇ ਹੀ ਉਹ ਗੱਡੀ ਖਰੀਦੀ ਸੀ।

ਸਵਾਮੀ ਜੀ ਨੂੰ ਮੌਤ ਦੇ ਬਾਰੇ ਚੰਗੀ ਤਰ੍ਹਾਂ ਪਤਾ ਸੀ। ਪਿਛਲੇ ਕਈ ਸਾਲਾਂ ਵਿਚ ਮੈਨੂੰ ਕਿੰਨੇ ਬੰਦੇ ਮਿਲੇ ਜਿਨ੍ਹਾਂ ਨੂੰ ਸਵਾਮੀ ਜੀ ਨੇ ਆਯੂ ਬਖਸ਼ੀ ਸੀ। ਇਕ ਸ਼ਿਸ਼ ਮੈਨੂੰ ਮਿਲਿਆ ਤੇ ਉਸ ਨੇ ਦੱਸਿਆ ਕਿ ਉਸ ਦਾ ਹਾਰਟ ਆਪਰੇਸ਼ਨ ਹੋਣਾ ਸੀ ਪਰ ਡਾਕਟਰ ਕੋਈ ਬਹੁਤ ਉਮੀਦ ਨਹੀਂ ਰਖਦੇ ਸੀ ਕਿ ਆਪਰੇਸ਼ਨ ਠੀਕ ਹੋ ਜਾਵੇਗਾ। ਕਾਰਣ ਇਹ ਸੀ ਕਿ ਜਿਹੜਾ ਦਿਲ ਦਾ ਪੱਠਾ ਸੀ ਉਹ ਐਨਾ ਕਮਜ਼ੋਰ ਸੀ ਤੇ ਘੱਸ ਚੁੱਕਾ ਸੀ ਕਿ ਉਹ ਪਕੜ ਵਿਚ ਹੀ ਆਉਣਾ ਔਖਾ ਸੀ। ਡਾਕਟਰ ਕਾਫੀ ਇਸ ਗੱਲੋਂ ਨਿਰਾਸ਼ ਸੀ ਕਿ ਕੁਝ ਨਹੀਂ ਹੋ ਸਕਦਾ। ਉਹ ਹਸਪਤਾਲ ਵਿਚ ਪਿਆ ਆਪਣੇ ਪਰਿਵਾਰ ਬਾਰੇ ਕਿਵੇਂ ਸੋਚਦਾ ਹੋਵੇਗਾ। ਸਵਾਮੀ ਜੀ ਉਸ ਦੇ ਪੈਰਾਂ ਵਾਲੇ ਪਾਸੇ ਆਏ, ਬਿਨਾਂ ਕੁਝ ਕਿਹਾਂ ਹੀ ਸਵਾਮੀ ਜੀ ਨੇ ਆਪਣਾ ਹੱਥ ਉਸ ਦੀ ਛਾਤੀ ਤੇ ਰੱਖਿਆ ਤੇ ਐਨੀ ਜ਼ੋਰ ਦੀ ਖਿਚਿਆ ਕਿ ਉਸਦੀਆਂ ਚੀਖਾਂ ਹੀ ਨਿਕਲ ਗਈਆਂ। ਸਵਾਮੀ ਜੀ ਮੁਸਕਰਾਏ, ਮੁੜੇ ਤੇ ਖਿੜਕੀ ਵਲ ਤੁਰ ਗਏ ਤੇ ਫੇਰ ਨਹੀਂ ਨਿਕਲੇ। ਹਸਪਤਾਲ ਦੇ ਬੰਦੇ ਬੜੇ ਹੀ ਹੈਰਾਨ ਹੋਏ ਜਦੋਂ ਉਨ੍ਹਾਂ ਨੇ ਦੇਖਿਆ ਬੰਦਾ ਬਿਲਕੁਲ ਠੀਕ ਸੀ।

ਇਕ ਹੋਰ ਵਿਦਿਆਰਥੀ ਸੀ। ਉਸ ਦਾ ਬੱਚਾ ਬਹੁਤ ਹੀ ਬਿਮਾਰ ਸੀ ਤੇ ਬਹੁਤ ਹੀ ਕਮਜ਼ੋਰ ਸੀ। ਉਹ ਬੱਚੇ ਨੂੰ ਬਹੁਤ ਵਾਰੀ ਹਸਪਤਾਲ ਲੈ ਕੇ ਜਾਂਦੇ ਅੰਤ ਉਨ੍ਹਾਂ ਨੇ ਸਵਾਮੀ ਜੀ ਨੂੰ ਪੁਛਿਆ। ਸਵਾਮੀ ਜੀ ਕਹਿਣ ਲੱਗੇ ਉਸ ਦਾ ਐਕਸਰੇ ਲਵੋ ਉਸ ਦੇ ਦਿਲ ਵਿਚ ਛੇਕ ਹੈ। ਜਦੋਂ ਐਕਸਰੇ ਲਿਆ ਗਿਆ ਬੱਚੇ ਦੇ ਦਿਲ ਵਿਚ ਸੱਚਮੁੱਚ ਹੀ ਛੇਕ ਸੀ ਪਰ ਡਾਕਟਰ ਕਹਿਣ ਲੱਗੇ, ਅਜੇ ਬੱਚਾ ਬਹੁਤ ਛੋਟਾ ਹੈ, ਅਜੇ ਅਸੀਂ ਅਪਰੇਸ਼ਨ ਨਹੀਂ ਕਰ ਸਕਦੇ। ਜਦੋਂ ਬੱਚਾ ਵੱਡਾ ਹੋਇਆ ਤੇ ਦੇਖਿਆ ਉਹ ਛੇਕ ਖਤਮ ਹੋ ਚੁੱਕਾ ਸੀ ਜਿਸ ਲਈ ਡਾਕਟਰ ਵੀ ਬੜੇ ਹੈਰਾਨ ਸੀ।

ਕਈ ਵਾਰੀ ਸਵਾਮੀ ਜੀ ਚੇਤਾਵਨੀ ਦੇ ਦਿੰਦੇ ਸੀ ਜਿਸ ਨਾਲ ਮਾੜੀ ਘੜੀ ਟਲ ਜਾਂਦੀ ਸੀ ਖਤਰਾ ਟਲ ਜਾਂਦਾ ਸੀ। ਇਕ ਵਾਰੀ ਮੈਂ ਸੁਣਿਆ ਜਦੋਂ ਸਵਾਮੀ ਜੀ ਨੇ ਇਕ ਸ਼ਿਸ਼ ਨੂੰ ਰਾਤ ਨੂੰ ਟੈਲੀਫੋਨ ਕੀਤਾ ਤੇ ਉਸ ਨੂੰ ਉਸ ਬਾਰੇ ਸਾਰਾ ਕੁਝ ਪੁਛਿਆ, ਉਸ ਦੇ ਕੰਮ ਬਾਰੇ ਪੁੱਛਿਆ। ਸਵਾਮੀ ਜੀ ਨੇ ਉਸ ਨੂੰ ਕਿਹਾ ਉਹ ਆਪਣੀਆਂ

ਛੁੱਟੀਆਂ ਸੋਹਣੀ ਤਰ੍ਹਾਂ ਮਾਣੇ ਤੇ ਨਾਲ ਹੀ ਇਹ ਖਾਸ ਤੌਰ ਤੇ ਕਿਹਾ ਕਿ ਇਸ ਦਿਨ ਇਸ ਤਰੀਕ ਨੂੰ ਉਹ ਘਰੋਂ ਨਾ ਜਾਏ, ਸਫਰ ਨਾ ਕਰੇ। ਉਸ ਨੇ ਆਪਣੀਆਂ ਛੁੱਟੀਆਂ ਆਪਣੀ ਮੰਗੇਤਰ ਨਾਲ ਕੱਟੀਆਂ ਤੇ ਵਾਪਸ ਆਉਣਾ ਵੀ ਲੇਟ ਕੀਤਾ ਪਰ ਉਹ ਉਸੇ ਦਿਨ ਹੀ ਤੁਰ ਪਿਆ ਜਿਸ ਦਿਨ ਲਈ ਸਵਾਮੀ ਜੀ ਨੇ ਉਸ ਨੂੰ ਮਨ੍ਹਾ ਕੀਤਾ ਸੀ। ਉਸ ਲਈ ਜਹਾਜ਼ ਤੇ ਆਉਣਾ ਔਖਾ ਤੇ ਉਸ ਨੇ ਆਪਣੇ ਆਪ ਨੂੰ ਇਹ ਕਹਿ ਕੇ ਮਨਾ ਲਿਆ ਸੀ ਕਿ ਉਹ ਧਿਆਨ ਨਾਲ ਗੱਡੀ ਚਲਾਏਗਾ ਤੇ ਨਾਲ ਕਿਸੇ ਨੂੰ ਲੈ ਜਾਏਗਾ। ਕੋਈ ਪੰਜ ਸੌ ਮੀਲ ਦਾ ਸਫਰ ਸੀ, ਉਸ ਨੂੰ ਨੀਂਦ ਆ ਗਈ, ਉਹ ਗੱਡੀ ਚਲਾ ਰਿਹਾ ਸੀ, ਅੱਖ ਲੱਗੀ ਤੇ ਗੱਡੀ ਪੱਟੜੀ ਤੇ ਜਾ ਚੜ੍ਹੀ, ਜ਼ੋਰ ਦੀ ਟੱਕਰ ਲੱਗੀ ਤੇ ਉਹ ਉਥੇ ਹੀ ਖਤਮ ਹੋ ਗਿਆ। ਉਸ ਦੇ ਸਾਥੀ ਨੂੰ ਬਹੁਤ ਸੱਟ ਲੱਗੀ ਪਰ ਉਹ ਬਚ ਗਿਆ।

ਮੈਨੂੰ ਉਸ ਦੇ ਮਰਨ ਦਾ ਬਹੁਤ ਹੀ ਦੁੱਖ ਹੋਇਆ ਤੇ ਮੈਨੂੰ ਸਾਰੀ ਘਟਨਾ ਐਨੀ ਵੱਧ ਦੁਖਦਾਈ ਲੱਗੀ ਕਿ ਮੈਂ ਹਫਤਿਆਂ ਬੱਧੀ ਸੋਚਦਾ ਰਿਹਾ। ਮੇਰੇ ਦੋਸਤ ਨੂੰ ਪਤਾ ਸੀ ਕਿ ਸਵਾਮੀ ਜੀ ਦੀ ਚੇਤਾਵਨੀ ਨੂੰ ਲਾਪਰਵਾਹੀ ਨਾਲ ਨਹੀਂ ਸੀ ਲੈਣਾ ਚਾਹੀਦਾ ਪਰ ਫੇਰ ਵੀ ਉਹ ਤੁਰ ਪਿਆ। ਮੈਨੂੰ ਬਹੁਤ ਦੁਖ ਲੱਗਾ। ਬੜੇ ਦਿਨਾਂ ਬਾਅਦ ਇਕ ਦਿਨ ਪਤਝੜ ਦੇ ਮੌਸਮ ਮੈਂ ਸਵੇਰੇ ਸੈਰ ਕਰਨ ਗਿਆ। ਮੈਨੂੰ ਸਵੇਰ ਦੀ ਠੰਢ ਸਦਾ ਹੀ ਚੰਗੀ ਲਗਦੀ ਹੈ। ਮੈਨੂੰ ਇਹ ਵਿਚਾਰ ਆਇਆ ਕਿ ਸਵਾਮੀ ਜੀ ਨਾਲ ਰਹਿਣ, ਉਨ੍ਹਾਂ ਦਾ ਸਾਥ ਕਰਨਾ ਬਿਲਕੁਲ ਐਸ ਤਰ੍ਹਾਂ ਹੀ ਹੈ ਜਿਵੇਂ ਇਕ ਬਹੁਤ ਵੱਡਾ ਦਾਨੀ ਹਾਤਮਤਾਈ ਰਾਜਾ ਹੋਵੇ, ਸੁਚੇਤ ਹੋਵੇ ਸਭ ਕੁਝ ਉਸ ਨੂੰ ਪਹਿਲਾਂ ਹੀ ਪਤਾ ਹੋਵੇ। ਬ੍ਰਹਮਗਿਆਨੀ ਹੋਵੇ ਤੇ ਉਹ ਆਪਣੀ ਪਰਜਾ ਵਿਚ ਬੇਧੜਕ ਫਿਰਦਾ ਹੋਵੇ। ਉਹ ਹਰ ਵੇਲੇ ਹੀ ਸਹਾਇਤਾ ਲਈ ਤਿਆਰ ਰਹਿੰਦੇ। ਪਰਜਾ ਨੂੰ ਪਿਆਰ ਕਰਦੇ, ਪਰਜਾ ਦਾ ਪਿਆਰ ਲੈਂਦੇ ਉਨ੍ਹਾਂ ਦੀਆਂ ਗੱਲਾਂ ਵੀ ਸਹਿੰਦੇ ਪਰ ਮਨ ਵਿਚ ਕਦੀ ਵੀ ਕਿਸੇ ਬਾਰੇ ਕੁਝ ਨਾ ਰੱਖਦੇ। ਕਦੀ ਵੀ ਕਿਸੇ ਤੇ ਕੋਈ ਜ਼ੋਰ ਨਾ ਪਾਉਂਦੇ। ਸਾਰਿਆਂ ਬਾਰੇ ਸਭ ਕੁਝ ਜਾਣਦੇ ਉਨ੍ਹਾਂ ਨੇ ਮੈਨੂੰ ਆਪ ਹੀ ਕਿਹਾ। ਮੈਨੂੰ ਬਿਲਕੁਲ ਪਰਵਾਹ ਨਹੀਂ ਲੋਕ ਮੇਰੇ ਲਈ ਕੀ ਕਰਦੇ ਹਨ। ਮੈਂ ਆਪਣਾ ਕੰਮ ਕਰਨਾ ਹੈ ਮੈਂ ਉਨ੍ਹਾਂ ਦੀ ਕਹਿਣੀ ਕਰਨੀ ਨਾਲ ਆਪਣੀ ਕਰਨੀ ਕਿਉਂ ਬਦਲਾਂ?

ਮੈਂ ਵਾਹਿਗੁਰੂ ਦਾ ਧੰਨਵਾਦੀ ਹਾਂ ਕਿ ਮੈਨੂੰ ਸਵਾਮੀ ਜੀ ਇਕ ਗੁਰੂ ਦੇ ਰੂਪ ਤੇ ਇਕ ਮਿਤਰ ਦੇ ਰੂਪ ਵਿਚ ਉਸ ਨੇ ਬਖਸ਼ੇ। ਇਹ ਵਾਹਿਗੁਰੂ ਦੀ ਮੈਨੂੰ ਸਭ ਤੋਂ ਵੱਡੀ ਦੇਣ ਹੈ।

(ਪੰਨਾ 51 ਦੀ ਬਾਕੀ)

ਅੰਦਰ ਹੈ ਤੁਹਾਡਾ ਧੁਰਾ। ਇਹ ਸਾਰੇ ਕਾਰਜ ਕੰਮ ਕਰਦੇ ਹਨ ਇਹ ਤਾਰਾਂ, ਇਹ ਕਮਾਨੀਆਂ ਉਸ ਧੁਰੇ ਕਰਕੇ ਹੀ ਕੰਮ ਕਰਦੀਆਂ ਹਨ, ਉਹ ਤੁਹਾਡਾ ਚੇਤਨ ਬਿੰਦੂ। ਸਾਰੀ ਸਕਤੀ ਇਥੋਂ ਹੀ ਆਉਂਦੀ ਹੈ, ਸਭ ਕੁਝ ਸੰਸਾਰ ਜਾਂ ਬਾਹਰ ਚੀਜ਼ਾਂ ਤਾਂ ਤੁਹਾਨੂੰ ਉਤਸ਼ਾਹਤ ਹੀ ਕਰਦੀਆਂ ਹਨ। ਹਰ ਇਕ ਨੂੰ ਆਪਣੇ ਮਨ ਨੂੰ ਸਮਝਣਾ ਚਾਹੀਦਾ ਹੈ। ਜਦੋਂ ਵੀ ਤੁਸੀਂ ਕੁਝ ਕਰੋ, ਬੁੱਧੀ ਤੋਂ ਪੁਛੋ, ਠੀਕ ਹੈ ਗਲਤ ਹੈ।

ਮੈਨੂੰ ਪਤਾ ਹੈ ਇਹ ਤੁਹਾਨੂੰ ਚੰਗਾ ਨਹੀਂ ਲੱਗੇਗਾ ਪਰ ਇਹ ਸੱਚ ਹੈ, ਤੁਸੀਂ ਆਪ ਹੀ ਆਪਣੇ ਗਿਆਨ ਦਾ ਦੀਵਾ ਜਲਾਉਣਾ ਹੈ, ਕੋਈ ਹੋਰ ਤੁਹਾਡੇ ਲਈ ਕੁਝ ਨਹੀਂ ਕਰ ਸਕਦਾ। ਈਸਾ ਜੀ ਤਾਂ ਕੇਵਲ ਬਾਹਰ ਲੋਕਾਂ ਨੂੰ ਹੀ ਗਿਆਨ ਦਿਤਾ ਸੀ, ਉਨ੍ਹਾਂ ਦੇ ਅੰਦਰ ਜੋਤ ਜਲਾਈ ਸੀ। ਦੂਸਰੇ ਅਜੇ ਤਿਆਰ ਹੀ ਨਹੀਂ ਸੀ। ਈਸਾ ਜੀ ਬਹੁਤ ਉਚੇ ਸੀ, ਉਹ ਕੁਝ ਵੀ ਕਰ ਸਕਦੇ ਸੀ ਪਰ ਉਹ ਸਾਰੇ ਈਸਾਈਆਂ ਨੂੰ ਗਿਆਨ ਨਹੀਂ ਦੇ ਸਕਦੇ ਸੀ। ਮੋਜ਼ਿਜ ਸਾਰੇ ਯਹੂਦੀਆਂ ਨੂੰ ਗਿਆਨ ਨਹੀਂ ਦੇ ਸਕੇ, ਕ੍ਰਿਸ਼ਨ ਜੀ ਸਾਰੇ ਹਿੰਦੂਆਂ ਨੂੰ ਗਿਆਨ ਨਹੀਂ ਦੇ ਸਕੇ। ਬੁੱਧ ਸਾਰੇ ਬੋਧੀਆਂ ਨੂੰ ਗਿਆਨ ਨਹੀਂ ਦੇ ਸਕੇ। ਮੁਹੰਮਦ ਸਾਰੇ ਮੁਸਲਮਾਨਾਂ ਨੂੰ ਗਿਆਨ ਨਹੀਂ ਦੇ ਸਕੇ। ਸਾਡੇ ਸਾਰਿਆਂ ਦੇ ਪੈਗੰਬਰ ਹਨ ਸਾਡੇ ਸਭ ਦੇ ਮਜ਼ਹਬ ਹਨ ਸਤਿ ਇਹ ਹੈ ਸਾਨੂੰ ਆਪਣੇ ਆਪ ਹੀ ਆਪਣਾ ਗਿਆਨ ਦਾ ਦੀਵਾ ਬਾਲਣਾ ਪੈਂਦਾ ਹੈ, ਆਪਾ ਚੀਨਣਾ ਪੈਂਦਾ ਹੈ। ਘਾਲਣਾ ਘਾਲਣੀ ਪੈਂਦੀ ਹੈ।

ਸਭ ਤੋਂ ਪਹਿਲਾਂ ਆਪਾ ਚੀਨਣਾ ਪੈਂਦਾ ਹੈ, ਆਪੇ ਨੂੰ ਸੋਧੋ, ਛੱਡੋ ਨਾ, ਹੋਰ ਕੁਝ ਵੀ ਛੱਡੋ, ਆਪਾ ਚੀਨਣਾ ਨਾ ਛੱਡੋ, ਆਪਣੇ ਆਪ ਨੂੰ ਕਹਿੰਦੇ ਰਹੋ, ਮੈਂ ਆਪਾ ਸੋਧਣਾ ਹੈ। ਮੈਂ ਆਪਾ ਸੋਧ ਸਕਦਾ ਹਾਂ, ਮੈਂ ਆਪਾ ਸੋਧਾਂਗਾਂ, ਮੈਂ ਜ਼ਰੂਰ ਅਵੱਸ਼ ਆਪਾ ਚੀਨਾਂਗਾ।

ਜਦੋਂ ਵੀ ਤੁਹਾਡੇ ਮਨ ਵਿਚ ਕੁਝ ਆਵੇ ਬੁੱਧੀ ਨੂੰ ਪੁਛੋ, ਤੁਹਾਡਾ ਸਲਾਹਕਾਰ ਮਾਰਗ ਦਰਸ਼ਕ ਬੁੱਧੀ ਹੈ। ਉਸ ਨੂੰ ਪੁਛੋ, ਮੈਂ ਕਰਾਂ? ਜਦੋਂ ਤੁਸੀਂ ਇਹ ਪੁਛਦੇ ਹੋ ਭਾਵ ਤੁਸੀਂ ਬੁੱਧੀ ਦੀ ਸਲਾਹ ਲੈ ਰਹੇ ਹੋ, ਤੁਸੀਂ ਗਲਤੀ ਵੀ ਕਰ ਸਕਦੇ ਹੋ, ਇਕ ਵਾਰੀ ਪੁਛੋ, ਦੋ ਵਾਰੀ, ਤਿੰਨ ਵਾਰੀ ਬਾਰ-ਬਾਰ ਪੁੱਛਣ ਤੇ ਬੁੱਧੀ ਤੁਹਾਨੂੰ ਠੀਕ ਹੀ ਦੱਸੇਗੀ, ਹੌਲੀ ਹੌਲੀ ਤੁਹਾਡਾ ਅਹੰਕਾਰ ਵੀ ਕਾਬੂ ਆ ਜਾਵੇਗਾ। ਸਤਿ ਜਾਣ ਜਾਵੇਗਾ ਜਦੋਂ ਅਹੰਕਾਰ ਨੂੰ ਸਤਿ ਦਾ ਪਤਾ ਲਗ ਜਾਵੇਗਾ, ਅਹੰਕਾਰ ਦਾ ਬੰਨਾ ਟੁੱਟ ਜਾਵੇਗਾ, ਅਹੰਕਾਰ ਇਕ ਵਸੀਲਾ ਬਣ ਜਾਏਗਾ ਜੋ ਤੁਹਾਡਾ ਸ਼ਤਰੂ ਹੈ, ਅਹੰਕਾਰ ਹਉਮੈ ਹੈ, ਉਹ ਹੀ ਤੁਹਾਡਾ ਮਿਤਰ ਬਣ ਜਾਏਗਾ, ਉਹ ਹੀ ਇਕ ਅਨੰਦਮਈ ਅਨੁਭਵ ਹੈ।

ਚੜ੍ਹਦੀ ਕਲਾ

ਰਘਬੀਰ ਸਿੰਘ 'ਬੀਰ'

ਕਾਮਯਾਬੀ

ਜਦ ਆਦਮੀ ਨੂੰ ਆਪਣੀ ਅਸਲੀਅਤ ਦਾ ਪਤਾ ਲਗ ਜਾਵੇ ਕਿ ਉਹ ਵਾਹਿਗੁਰੂ ਦਾ ਪੁੱਤਰ ਹੈ ਅਤੇ ਵਾਹਿਗੁਰੂ ਦੇ ਸਭ ਖਜ਼ਾਨਿਆਂ, ਸਭ ਸ਼ਕਤੀਆਂ ਦਾ ਉਸੇ ਤਰ੍ਹਾਂ ਮਾਲਕ ਹੈ ਜਿਵੇਂ ਪਿਤਾ ਦੀਆਂ ਚੀਜ਼ਾਂ ਤੇ ਜਾਇਦਾਦ ਦਾ ਮਾਲਕ ਪੁੱਤਰ ਹੁੰਦਾ ਹੈ, ਤਾਂ ਉਸ ਆਦਮੀ ਦਾ ਸਾਰਾ ਦ੍ਰਿਸ਼ਟੀਕੋਣ 'ਦੈਵੀ' ਜਾਂ 'ਈਸ਼ਵਰੀ' ਹੋ ਜਾਂਦਾ ਹੈ।

ਉਸ ਵਾਸਤੇ ਹੁਣ ਇਹ ਗੱਲ ਜਾਨਣ ਵਾਲੀ ਰਹਿ ਜਾਂਦੀ ਹੈ ਕਿ ਉਹ ਪਿਤਾ ਦੀਆਂ ਸ਼ਕਤੀਆਂ ਤੇ ਖਜ਼ਾਨਿਆਂ ਨੂੰ ਕਿਵੇਂ ਵਰਤ ਸਕਦਾ ਹੈ। ਏਥੇ ਫੇਰ ਉਸ ਦਾ ਆਪਣਾ ਤੇ ਆਪਣੇ ਪਿਤਾ ਨਾਲ 'ਰਿਸ਼ਤਾ' ਹੀ ਸਹਾਇਤਾ ਕਰਦਾ ਹੈ। ਉਹ ਦੇਖਦਾ ਹੈ ਕਿ ਪਿਤਾ ਜਾਂ ਈਸ਼ਵਰ ਉਸ ਦੇ ਹਰ ਵਕਤ ਅੰਗ-ਸੰਗ ਰਹਿੰਦਾ ਹੈ ਅਤੇ ਉਸ ਦੀ ਹਰ ਵੇਲੇ ਸਹਾਇਤਾ ਫੁਰਨਿਆਂ ਜਾਂ ਖਿਆਲਾਂ ਦੀ ਸ਼ਕਲ ਵਿਚ ਕਰਦਾ ਹੈ। ਉਸ ਦੇ ਦਿਮਾਗ ਦੇ ਪਿਛੋਂ, ਕਿਸੇ ਅਨੰਤ ਸੋਮੇ ਤੋਂ ਉਸ ਨੂੰ 'ਖਿਆਲ' ਜਾਂ 'ਫੁਰਨਿਆਂ' ਦੀ ਸ਼ਕਲ ਵਿਚ ਰਹਿਨੁਮਾਈ ਹੁੰਦੀ ਹੈ।

ਇਹ ਰਹਿਨੁਮਾਈ ਜਾਂ ਸਹਾਇਤਾ ਉਸ ਨੂੰ ਹਰ ਵੇਲੇ ਨਹੀਂ ਹੁੰਦੀ, ਪਰ ਜਦ ਉਹ ਆਪਣੇ ਮਨ ਨੂੰ ਹੋਰ ਸਾਰੇ ਖਿਆਲਾਂ ਤੋਂ ਆਜ਼ਾਦ ਕਰਕੇ, ਆਪਣੇ ਅੰਦਰ ਰਹਿਣ ਵਾਲੇ ਆਪਣੇ ਪਿਤਾ ਪਰਮੇਸ਼ੂਰ ਨਾਲ ਇਕ ਸੁਰ ਕਰਦਾ ਹੈ ਤਾਂ ਉਸ ਵੇਲੇ ਉਸ ਦੇ ਮਨ ਵਿਚ ਬੜੇ ਉਤਸ਼ਾਹ ਤੇ ਚੜ੍ਹਦੀਆਂ ਕਲਾਂ ਵਾਲੇ ਫੁਰਨੇ ਫੁਰਦੇ ਹਨ। ਹੁਣ ਉਸ ਨੂੰ ਇਸ ਭੇਦ ਦਾ ਪਤਾ ਲਗ ਜਾਂਦਾ ਹੈ ਕਿ ਵਾਹਿਗੁਰੂ ਮਨ ਦੀ ਇਕਾਗਰਤਾ ਵੇਲੇ ਉਤਸ਼ਾਹੀ ਤੇ ਚੜ੍ਹਦੀਆਂ ਕਲਾਂ ਵਾਲੇ ਫੁਰਨੇ ਜਾਂ ਖਿਆਲ ਤਰੰਗਾਂ ਭੇਜ ਕੇ ਅਗਵਾਈ ਜਾਂ ਸਹਾਇਤਾ ਕਰਦਾ ਹੈ।

ਦੂਸਰੀ ਗੱਲ ਜੋ ਉਸ ਨੂੰ ਪਤਾ ਲਗਦੀ ਹੈ, ਉਹ ਇਹ ਹੈ ਕਿ ਜੋ ਫੁਰਨੇ ਉਸ ਨੂੰ ਰੱਬ ਵਲੋਂ ਆਪਣੇ ਮਨ ਦੀ ਇਕਾਗਰਤਾ ਵੇਲੇ ਆਉਂਦੇ ਹਨ, ਅਗਰ ਉਹ ਉਨ੍ਹਾਂ ਤੇ ਵਿਸ਼ਵਾਸ਼ ਕਰੇ ਤੇ ਦ੍ਰਿੜ੍ਹ ਰਹੇ ਤਾਂ ਉਹ ਫੁਰਨੇ ਜਗਤ ਵਿਚ ਕਿਸੇ ਵੇਲੇ ਹੂ-ਬ-ਹੂ ਸੱਚ ਅਤੇ ਮਾਮੂਲੀ ਬਣ ਕੇ ਨਜ਼ਰ ਆਉਣ ਲਗ ਪੈਂਦੇ ਹਨ। ਹੁਣ ਉਹ ਆਦਮੀ ਮਨ ਨੂੰ ਇਕ ਮਾਮੂਲੀ ਚੀਜ਼ ਨਹੀਂ ਸਮਝਦਾ, ਸਗੋਂ ਆਪਣੇ ਤੇ ਆਪਣੇ ਪਿਤਾ ਕਰਤਾਰ ਦੇ ਦਰਮਿਆਨ ਗੱਲਬਾਤ ਕਰਨ ਦਾ ਵਸੀਲਾ ਸਮਝਦਾ ਹੈ ਅਤੇ ਆਪਣੇ ਮਨ ਨੂੰ ਹਰ ਵੇਲੇ ਸ਼ੀਸ਼ੇ ਦੀ ਤਰ੍ਹਾਂ ਸਾਫ, ਸੁਥਰਾ ਤੇ ਵਿਹਲੇ ਨਿਕੰਮੇ ਖਿਆਲਾਂ ਤੋਂ ਆਜ਼ਾਦ ਰਖਦਾ ਹੈ। ਉਸ ਨੂੰ ਪਤਾ ਲਗ ਜਾਂਦਾ ਹੈ ਕਿ ਮੇਰਾ ਪਿਤਾ ਮੇਰੇ ਨਾਲ ਗੱਲਾਂ ਮੇਰੇ ਮਨ ਵਿਚ ਸ਼ੁਭ, ਨੇਕ ਤੇ ਉਤਸ਼ਾਹ ਭਰੀਆਂ ਖਿਆਲ ਤਰੰਗਾਂ ਰਾਹੀਂ ਕਰਦਾ ਹੈ ਅਤੇ ਜੋ ਸਲਾਹਾਂ ਮਸ਼ਵਰੇ ਮੈਨੂੰ ਮੇਰੇ ਫੁਰਨਿਆਂ ਰਾਹੀਂ ਵਾਹਿਗੁਰੂ ਵਲੋਂ ਆਉਂਦੇ ਹਨ, ਜੇ ਮੈਂ ਉਨ੍ਹਾਂ ਉਤੇ ਦ੍ਰਿੜ੍ਹ ਵਿਸ਼ਵਾਸ਼ ਰੱਖਾਂ ਤਾਂ ਉਹ ਦੁਨੀਆਂ ਵਿਚ ਇਕ ਦਿਨ ਸੱਚ ਹੋ ਕੇ ਭਾਸਣਗੇ।

ਐਸੇ ਗੁਰਮੁਖ ਨੂੰ ਹੁਣ ਇਹ ਵੀ ਪਤਾ ਲਗ ਜਾਂਦਾ ਹੈ ਕਿ ਜੋ ਮਾੜੇ, ਨੀਚ, ਢਹਿੰਦੀਆਂ ਕਲਾਂ ਵਾਲੇ, ਨਿਰਾਸਤਾ ਭਰੇ ਖਿਆਲ ਜਾਂ ਫੁਰਨੇ ਉਸ ਦੇ ਮਨ ਵਿਚ ਉਠਦੇ ਸਨ, ਉਹ ਉਸ ਦੀ ਸਦੀਆਂ ਤੇ ਜਨਮ ਜਨਮਾਂਤਰਾਂ ਦੀ ਆਪਣੀ ਅਸਲੀਅਤ, ਆਪਣੇ ਰੁਤਬੇ ਅਤੇ ਆਪਣੇ ਤੇ ਆਪਣੇ ਪਿਤਾ ਦੇ ਅਰਸ਼ੀ ਰਿਸ਼ਤੇ ਦੀ ਨਾਵਾਕਫ਼ੀਅਤ ਕਰਕੇ ਸੀ। ਸਭ ਮਾੜੇ ਫੁਰਨੇ ਉਸ ਦੀ ਨੀਵੀਂ ਖਸਲਤ (Lower Nature) ਜਾਂ ਆਪਣੀ ਉਚਤਾ ਦੀ ਨਾਵਾਕਫ਼ੀ ਕਰਕੇ ਸੀ, ਇਸ ਲਈ ਉਹ ਹੁਣ ਮਾੜੇ ਤੇ ਨੀਚ ਖਿਆਲਾਂ ਨੂੰ ਆਪਣੇ ਮਨ ਵਿਚ ਵੜਨ ਨਹੀਂ ਦੇਂਦਾ ਅਤੇ ਉਨ੍ਹਾਂ ਦੀ ਥਾਂ ਵਾਹਿਗੁਰੂ ਦੇ ਦੇਸ਼ ਤੋਂ ਭੇਜੇ ਹੋਏ, ਵਾਹਿਗੁਰੂ ਨਾਲ ਇਕ ਸੁਰ ਹੋਣ ਵੇਲੇ ਆਏ ਸ਼ੁਭ ਖਿਆਲਾਂ ਜਾਂ ਫੁਰਨਿਆਂ ਨੂੰ ਅੱਠੋ ਪਹਿਰ ਮਨ ਵਿਚ ਦ੍ਰਿੜ੍ਹ ਕਰਦਾ ਹੈ। ਨਿਵਾਸ ਕਰਨ ਵਾਲੇ ਖਿਆਲ ਦ੍ਰਿੜ੍ਹਤਾ ਦਾ ਦਰਜਾ ਅਖਤਿਆਰ ਕਰਦੇ ਹਨ ਅਤੇ ਦ੍ਰਿੜ੍ਹਤਾ ਦਾ ਦਰਜਾ ਅਖਤਿਆਰ ਕਰਨ ਵਾਲੇ ਖਿਆਲ ਜਗਤ ਵਿਚ ਸੱਚ ਹੋ ਕੇ ਭਾਸਦੇ ਜਾਂ ਜ਼ਹੂਰ ਵਿਚ ਆਉਂਦੇ ਹਨ। ਐਸੇ ਗੁਰਮੁਖ ਨੂੰ ਹੁਣ ਆਪਣੀ ਕਿਸਮਤ ਆਪ ਘੜਨ ਦਾ ਵਲ, ਯਕੀਨ ਤੇ ਹੌਂਸਲਾ ਆ ਜਾਂਦਾ ਹੈ। ਉਹ ਹੁਣ ਆਲੇ-ਦੁਆਲੇ ਦੇ ਹਾਲਾਤ ਦਾ ਗ਼ੁਲਾਮ ਨਹੀਂ ਰਹਿੰਦਾ ਸਗੋਂ ਆਪਣੇ ਦ੍ਰਿੜ੍ਹ ਤੇ ਨੇਕ ਖਿਆਲਾਂ ਨਾਲ ਆਲੇ-ਦੁਆਲੇ ਦੇ ਹਾਲਾਤ ਨੂੰ ਮਰਜ਼ੀ ਅਨੁਸਾਰ ਨਿਵਾਂਦਾ ਤੇ ਢਾਲਦਾ ਹੈ।

ਜਿਉਂ-ਜਿਉਂ ਗੁਰਮੁਖ ਦਾ ਆਪਣੇ ਕਰਤਾਰ ਨਾਲ ਰਿਸ਼ਤਾ ਪੱਕਾ ਹੁੰਦਾ ਜਾਵੇ ਅਤੇ ਉਸ ਕਰਤਾਰ ਦੇ ਸੁਭਾਅ ਤੋਂ ਵਾਕਿਫ਼ ਹੁੰਦਾ ਜਾਵੇ, ਉਸ ਨੂੰ ਪਤਾ ਲਗਦਾ ਜਾਂਦਾ ਹੈ ਕਿ ਉਸ ਦਾ ਕਰਤਾਰ ਉਸ ਦੀ ਕੇਵਲ ਆਤਮਕ ਜਾਂ ਧਾਰਮਕ ਰਹਿਨੁਮਾਈ ਹੀ ਕਰਨ ਵਾਸਤੇ ਤਿਆਰ ਨਹੀਂ, ਸਗੋਂ ਉਸ ਦੇ ਘਰੋਗੀ, ਆਰਥਕ, ਭਾਈਚਾਰਕ ਅਤੇ ਕੌਮਾਂਤਰੀ ਸਭ ਕੰਮਾਂ ਵਿਚ ਵੀ ਉਸ ਦੇ ਪਰਮ ਮਿੱਤਰ ਦੀ ਹੈਸੀਅਤ ਵਿਚ ਉਸ ਦੀ ਅਗਵਾਈ ਤੇ ਸਹਾਇਤਾ ਕਰਕੇ ਖੁਸ਼ ਹੁੰਦਾ ਹੈ। ਗੁਰਮੁਖ ਨੂੰ ਇਹ ਮਲੂਮ ਕਰਕੇ ਬੜੀ ਪ੍ਰਸੰਨਤਾ ਹੁੰਦੀ ਹੈ ਕਿ ਉਸ ਦਾ ਕਰਤਾਰ ਉਸ ਦੇ ਜਗਤ ਵਿਚ ਹਰ ਪਾਸੇ ਕਾਮਯਾਬ ਦੇਖਣਾ ਚਾਹੁੰਦਾ ਹੈ। ਉਹ

ਚਾਹੁੰਦਾ ਹੈ ਕਿ ਉਸ ਦਾ ਪੁੱਤਰ ਸਦਾ ਰੋਗ, ਡਰ, ਫ਼ਿਕਰ, ਚਿੰਤਾ, ਨਿਰਾਸਤਾ, ਅਸਫ਼ਲਤਾ ਤੋਂ ਆਜ਼ਾਦ ਰਹੇ ਅਤੇ ਐਸਾ ਹੋਣ ਵਿਚ ਆਪਣੇ ਪੁੱਤਰ ਦੀ ਹਰ ਪ੍ਰਕਾਰ ਸਹਾਇਤਾ ਕਰਨੀ ਚਾਹੁੰਦਾ ਹੈ। ਪੁੱਤਰ ਦੀ ਹਰ ਉਚੀ ਤੇ ਚੰਗੀ ਖੇਡ ਵਿਚ ਉਸ ਦਾ ਹਮਰਾਜ਼, ਦਰਦੀ ਤੇ ਭਾਈਵਾਲ ਬਣਨਾ ਚਾਹੁੰਦਾ ਹੈ। ਐਸੇ ਗੁਰਮੁਖ ਨੂੰ ਹੁਣ ਚਾਅ ਪੈਦਾ ਹੁੰਦਾ ਹੈ ਕਿ ਉਹ ਜਿਥੇ ਆਪਣੇ ਮਨ ਮਗਰ ਲਗ ਕੇ ਅਸ਼ਾਂਤ ਤੇ ਦੁਖੀ ਰਿਹਾ ਹੈ ਉਥੇ ਹੁਣ ਅੰਦਰੋਂ ਆ ਰਹੀ ਗੁਰੂ ਦੀ ਪ੍ਰੇਰਨਾ ਮਗਰ ਲੱਗ ਕੇ ਲੋਕ ਸੁਖੀ ਪਰਲੋਕ ਸੁਹੇਲਾ ਹੋ ਜਾਵੇ।

ਪਾਪ ਪੁੰਨ

ਕਰਮ ਆਪਣੇ ਆਪ ਵਿਚ ਨਾ ਪਾਪ ਹੁੰਦੇ ਹਨ ਨਾ ਪੁੰਨ। ਇਨ੍ਹਾਂ ਨੂੰ ਜਿਸ ਨੀਅਤ ਨਾਲ ਕੀਤਾ ਜਾਵੇ ਉਹੋ ਬਣ ਜਾਂਦੇ ਹਨ। ਜੋ ਚੰਗੀ ਨੀਅਤ ਨਾਲ ਕੀਤਾ ਜਾਵੇ ਉਹ ਕਰਮ ਚੰਗਾ (ਪੁੰਨ) ਹੈ, ਜੋ ਮਾੜੀ ਨੀਅਤ ਨਾਲ ਕੀਤਾ ਜਾਵੇ ਤਾਂ ਉਹੋ ਕਰਮ ਮਾੜਾ (ਪਾਪ) ਹੈ।

ਮਿਸਾਲ ਦੇ ਤੌਰ ਤੇ ਕਿਸੇ ਆਦਮੀ ਨੂੰ ਛੁਰਾ ਮਾਰ ਕੇ ਇਸ ਨੀਅਤ ਨਾਲ ਜ਼ਖਮੀ ਕਰ ਦੇਣਾ ਕਿ ਉਸ ਨੂੰ ਪੀੜ ਹੋਵੇ, ਉਹ ਦੁਖੀ ਹੋਵੇ ਅਤੇ ਕਈ ਦਿਨ ਬਿਸਤਰੇ ਤੇ ਬਿਮਾਰ ਰਹੇ ਜਾਂ ਤੜਫ-ਤੜਫ ਕੇ ਮਰ ਜਾਵੇ, ਮਹਾਂ ਪਾਪ ਹੈ। ਪਰ ਕਿਸੇ ਦੇ ਬਦਨ ਨੂੰ ਤੇਜ਼ ਛੁਰੇ ਨਾਲ ਇਸ ਨੀਅਤ ਨਾਲ ਜ਼ਖਮੀ ਕਰਨਾ ਕਿ ਜਿਸਮ ਵਿਚੋਂ ਗੰਦਾ ਖੂਨ, ਪਾਕ ਅਤੇ ਅਲਾਇਸ਼, ਜ਼ਹਿਰ ਬਣਨ ਦੀ ਬਜਾਏ ਖਾਰਜ ਹੋ ਜਾਵੇ, ਪਾਪ ਨਹੀਂ। ਹਸਪਤਾਲਾਂ ਵਿਚ ਸਰਜਨ ਰੋਜ਼ ਸੈਂਕੜੇ ਮਰੀਜ਼ਾਂ ਦਾ ਓਪਰੇਸ਼ਨ ਕਰਦੇ ਹਨ, ਉਨ੍ਹਾਂ ਨੂੰ ਪਹਿਲੇ ਬੇਹੋਸ਼ ਕਰ ਦੇਂਦੇ ਹਨ ਫੇਰ ਉਨ੍ਹਾਂ ਦੇ ਨਿਰਦੋਸ਼ ਜਿਸਮ ਉਤੇ ਤੇਜ਼ ਚਾਕੂ ਜਾਂ ਛੁਰੀਆਂ ਚਲਾਂਦੇ, ਮਾਸ ਨੂੰ ਚੀਰਦੇ, ਫਾੜਦੇ ਹਨ। ਪਰ ਡਾਕਟਰਾਂ ਦਾ ਐਸਾ ਕਰਨਾ ਪਾਪ ਨਹੀਂ ਹੁੰਦਾ ਸਗੋਂ ਸੇਵਾ ਜਾਂ ਪੁੰਨ ਸਮਝਿਆ ਜਾਂਦਾ ਹੈ। ਡਾਕਟਰਾਂ ਪਾਸੋਂ ਪੁਰਸ਼ ਓਪਰੇਸ਼ਨ ਕਰਾਣ ਆਏ ਮਰ ਵੀ ਜਾਂਦੇ ਹਨ, ਪਰ ਫੇਰ ਵੀ ਉਨ੍ਹਾਂ ਨੂੰ ਕੋਈ ਡੰਨ ਨਹੀਂ ਦਿਤਾ ਜਾਂਦਾ। ਭਾਵੇਂ ਖੂਨੀ ਦੇ ਛੁਰੇ ਮਾਰਨ ਅਤੇ ਡਾਕਟਰ ਦੇ ਛੁਰੇ ਮਾਰਨ ਦੇ ਕਰਮ ਜ਼ਾਹਿਰਾ ਤੌਰ ਤੇ ਇਕੋ ਜਿਹੇ ਨਿਰਦਈ ਤੇ ਮਾੜੇ ਜਾਪਦੇ ਹਨ, ਪਰ ਇਕ ਨੂੰ ਫਾਂਸੀ ਤੇ ਲਟਕਾਇਆ ਜਾਂਦਾ ਹੈ ਅਤੇ ਦੂਸਰੇ ਨੂੰ ਹਜ਼ਾਰਾਂ ਰੁਪਏ ਮਾਹਵਾਰ ਤਨਖਾਹ ਦਿਤੀ ਜਾਂਦੀ ਹੈ। ਕਿਉਂ? ਕਿਉਂਕਿ ਇਨ੍ਹਾਂ ਦੋਹਾਂ ਪੁਰਸ਼ਾਂ ਦੀ ਨੀਯਤ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਹੈ। ਇਕ ਜਾਨ ਲੈਣ ਦੇ ਖਿਆਲ ਨਾਲ ਛੁਰਾ ਮਾਰ ਕੇ ਜ਼ਖਮੀ ਕਰਦਾ ਹੈ, ਦੂਸਰਾ ਜਾਨ ਬਚਾਉਣ ਦੇ ਖਿਆਲ ਨਾਲ ਛੁਰਾ ਮਾਰ ਕੇ ਜ਼ਖਮੀ ਕਰਦਾ ਹੈ। ਏਸੇ ਕਰਕੇ ਪਹਿਲਾ ਅਤਿ ਨੀਚ ਅਤੇ ਦੂਸਰਾ ਅਤਿ ਉਤਮ ਕਰਮ ਹੈ।

ਝੂਠ ਬੋਲਣਾ ਦੁਨੀਆਂ ਦੇ ਇਖ਼ਲਾਕ ਵਿਚ ਬੜਾ ਮਾੜਾ ਕਰਮ ਅਤੇ ਪਾਪ ਗਿਣਿਆ ਗਿਆ ਹੈ ਪਰ ਰਾਣਾ ਸਾਂਗਾ ਨੂੰ ਜਦ ਦੁਸ਼ਮਣ ਕਤਲ ਕਰਨ ਆਏ ਤਾਂ ਉਸ ਦੀ ਦਾਈ ਨੇ ਡਾਹਢਾ ਝੂਠ ਬੋਲਿਆ ਅਤੇ ਰਾਣਾ ਸਾਂਗਾ ਨੂੰ ਆਪਣਾ ਪੁੱਤਰ ਦੱਸਿਆ ਅਤੇ ਉਸੇ ਉਮਰ ਦੇ ਆਪਣੇ ਪੁੱਤਰ ਨੂੰ ਰਾਣਾ ਸਾਂਗਾ ਦੱਸਿਆ। ਨਤੀਜਾ ਇਹ ਨਿਕਲਿਆ ਕਿ ਉਸ ਦਾਈ ਦਾ ਬੱਚਾ, ਰਾਣਾ ਸਾਂਗਾ ਸਮਝ ਕੇ ਕਤਲ ਕੀਤਾ ਗਿਆ ਅਤੇ ਰਾਣਾ ਸਾਂਗਾ ਉਸ ਦਾਈ ਦਾ ਪੁੱਤਰ ਸਮਝ ਕੇ ਬਚ ਗਿਆ। ਇਹ ਕਿਉਂ ਹੋਇਆ? ਕਿਉਂਕਿ ਉਸ ਦਾਈ ਨੇ ਝੂਠ ਬੋਲਿਆ। ਕੀ ਇਹ ਝੂਠ ਵੀ ਪਾਪ ਸੀ? ਹਰਗਿਜ਼ ਨਹੀਂ। ਇਹ ਝੂਠ ਸੀ, ਜਿਸ ਤੋਂ ਹਜ਼ਾਰਾਂ ਸੱਚ ਨਿਛਾਵਰ ਕੀਤੇ ਜਾ ਸਕਦੇ ਹਨ। ਜੇ ਨਿਰਾ ਝੂਠ ਬੋਲਣਾ ਹੀ ਪਾਪ ਹੁੰਦਾ ਤਾਂ ਇਸ ਦਾਈ ਨੂੰ ਝੂਠ ਬੋਲ ਕੇ ਪੁੱਤਰ ਕਤਲ ਕਰਵਾ ਦੇਣ ਦੀ ਸਜ਼ਾ ਮਿਲਦੀ ਪਰ ਐਸਾ ਨਹੀਂ ਹੋਇਆ। ਇਸ ਦਾਈ ਨੂੰ ਰਿਆਸਤ ਮੇਵਾੜ ਦੀਆਂ ਰਾਣੀਆਂ ਤੋਂ ਵੱਧ ਰੁਤਬਾ ਪ੍ਰਾਪਤ ਹੋਇਆ। ਦਾਈ ਦੇ ਝੂਠ ਬੋਲਣ ਦੇ ਪਿਛੇ ਨੀਯਤ ਵਿਚ ਸ਼ੁਭ ਇੱਛਾ, ਤਿਆਗ ਅਤੇ ਨੇਕੀ ਸੀ ਜਿਸ ਕਰਕੇ ਉਸ ਦਾ ਝੂਠ ਮਹਾਂ ਉਤਮ ਕਰਮ ਗਿਣਿਆ ਗਿਆ। ਇਸ ਦੇ ਉਲਟ ਅਗਰ ਇਕ ਆਦਮੀ ਜ਼ਾਹਿਰਾ ਤੌਰ ਤੇ ਬੜਾ ਪਵਿੱਤਰ ਜੀਵਨ ਬਤੀਤ ਕਰਦਾ ਹੈ, ਪੰਜਾਂ ਬਾਣੀਆਂ ਦੇ ਪਾਠ ਦਾ ਨਿਤਨੇਮੀ ਹੈ, ਗੁਰੂ ਸ਼ਬਦ ਅੱਖਾਂ ਮੀਟ ਮੀਟ ਕੇ ਪੜ੍ਹਦਾ ਹੈ, ਗੁਰਦਵਾਰੇ ਵਿਚ ਬੜੀ ਸੇਵਾ ਕਰਦਾ ਹੈ, ਪਰ ਉਸ ਦੇ ਦਿਲ ਵਿਚ ਇਹ ਸਭ ਕੁਝ ਕਰਨ ਦਾ ਭਾਵ ਕੇਵਲ ਲੋਕਾਂ ਤੋਂ ਆਪਣੀ ਵਾਹ ਵਾਹ ਕਰਾਣਾ, ਅਨਜਾਣਾਂ ਨੂੰ ਛਲਣਾ ਅਤੇ ਆਪਣੀ ਪਾਰਸਾਈ ਦੀ ਆੜ ਵਿਚ ਮੰਦੀਆਂ ਵਾਸ਼ਨਾਵਾਂ ਨੂੰ ਪੂਰਾ ਕਰਨਾ ਹੋਵੇ, ਤਾਂ ਉਸ ਦੇ ਪਵਿੱਤਰ ਕਰਮ ਹੀ ਪਾਪ ਬਣ ਜਾਂਦੇ ਹਨ।

ਭੇਖ ਦਿਖਾਇਓ ਜਗਤ ਕੋ ਲੋਗਨ ਕੋ ਬਸਕੀਨ।
ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮਹਿ ਲੀਨ।

ਪਾਪ ਪੁੰਨ ਦੇ ਸਮਝਣ ਲਈ ਜਿਉਂ ਜਿਉਂ ਡੂੰਘੀ ਵਿਚਾਰ ਕਰੀਏ, ਇਸ ਸਿੱਟੇ ਤੇ ਪੁੱਜੀਦਾ ਹੈ ਕਿ ਪਾਪ ਪੁੰਨ ਅਸਲ ਵਿਚ ਕਰਮਾਂ ਵਿਚ ਨਹੀਂ ਵਸਦੇ ਬਲਕਿ ਨੀਯਤ ਵਿਚ ਵਸਦੇ ਹਨ। ਮਾੜੀ ਤੇ ਮਲੀਨ ਨੀਯਤ ਨਾਲ ਕੀਤੇ ਕਰਮ ਚਾਹੇ ਜ਼ਾਹਿਰਾ ਤੌਰ ਤੇ ਚੰਗੇ ਦਿਸਣ, ਦਰਅਸਲ ਪਾਪ ਹੁੰਦੇ ਹਨ ਅਤੇ ਚੰਗੀ ਨੀਯਤ ਅਤੇ ਸ਼ੁਭ ਇੱਛਾ ਨਾਲ ਕੀਤੇ ਕਰਮ ਚਾਹੇ ਉਤੋਂ ਮਾੜੇ ਲੱਗਣ, ਅਸਲ ਵਿਚ ਪੁੰਨ ਹੁੰਦੇ ਹਨ। ਸ੍ਰੀ ਰਾਮਚੰਦਰ ਜੀ ਅੱਗੇ ਭੀਲਣੀ ਨੇ ਆਪਣੇ ਜੂਠੇ ਬੇਰ ਲਿਆ ਕੇ ਰੱਖੇ ਤਾਂ ਲੱਛਮਣ ਦੀ ਅੱਖ ਨੂੰ ਉਨ੍ਹਾਂ ਦੀ ਜ਼ਾਹਿਰਾ ਸ਼ਕਲ ਹੀ ਦਿੱਸੀ ਅਤੇ ਉਸ ਨੇ ਰਾਮਚੰਦਰ ਜੀ ਨੂੰ ਬੇਰ ਖਾਣ ਤੋਂ ਵਰਜਿਆ, ਪਰ ਰਾਮਚੰਦਰ ਜੀ ਨੂੰ ਉਨ੍ਹਾਂ ਜੂਠੇ ਬੇਰਾਂ ਦੇ ਪਿਛੇ ਭੀਲਣੀ ਦੀ ਨੇਕਨੀਤੀ, ਪ੍ਰੇਮ ਤੇ ਸ਼ੁਭ ਇੱਛਾ ਨਜ਼ਰ ਆਈ, ਇਸ ਕਰਕੇ ਸ੍ਰੀ ਰਾਮ ਜੀ

ਨੇ ਆਪ ਵੀ ਉਹ ਬੇਰ ਸਵਾਦ ਨਾਲ ਖਾਧੇ ਤੇ ਲੱਛਮਣ ਨੂੰ ਵੀ ਭਰਮ ਛੱਡ ਕੇ ਐਸਾ ਕਰਨ ਵਾਸਤੇ ਆਖਿਆ। ਇਸੀ ਤਰ੍ਹਾਂ ਬਿਦਰ ਜੀ ਦੇ ਘਰ ਜਦ ਸ੍ਰੀ ਕ੍ਰਿਸ਼ਨ ਆਏ ਤਾਂ ਉਸ ਦੀ ਇਸਤ੍ਰੀ ਖੁਸ਼ੀ ਦੀ ਤੀਬਰਤਾ ਵਿਚ ਕੇਲੇ ਦੀਆਂ ਫਲੀਆਂ ਭੁੰਜੇ ਸੁਟਦੀ ਗਈ ਅਤੇ ਛਿੱਲੜ ਕ੍ਰਿਸ਼ਨ ਜੀ ਨੂੰ ਦੇਂਦੀ ਗਈ ਅਤੇ ਆਪ ਖਾਂਦੇ ਗਏ, ਕਿਉਂਕਿ ਉਨ੍ਹਾਂ ਛਿੱਲੜਾਂ ਦੇ ਦੇਣ ਵਾਲੇ ਹੱਥਾਂ ਦੇ ਪਿਛੇ ਬਿਦਰ ਦੀ ਇਸਤ੍ਰੀ ਦੇ ਮਨ ਦੀ ਸ਼ੁਭ ਅਤੇ ਸਤਿਕਾਰ ਭਰੀ ਇੱਛਾ ਸੀ, ਇਸ ਲਈ ਮਹਾਂਪੁਰਖ ਨੇ ਉਸ ਦੇ ਜ਼ਾਹਿਰਾ ਕਰਮ ਵੱਲ ਨਾ ਤੱਕਿਆ, ਸਗੋਂ ਉਸ ਦੇ ਪਿਛੇ, ਉਸ ਕਰਮ ਨੂੰ ਉਪਜਾਣ ਵਾਲੀ ਸ਼ੁਭ, ਪਵਿੱਤਰ ਤੇ ਨੇਕ ਇਛਿਆ ਨੂੰ ਦੇਖਿਆ।

ਇਸ ਲੇਖ ਦੇ ਲਿਖਣ ਤੋਂ ਸਾਡਾ ਭਾਵ ਉਨ੍ਹਾਂ ਮਿਤਰਾਂ ਦੀ ਅੱਖ ਖੋਲ੍ਹਣੀ ਹੈ, ਜਿਹੜੇ ਕੇਵਲ ਕਰਮ ਨੂੰ ਹੀ ਸਭ ਕੁਝ ਸਮਝਦੇ ਹਨ। ਕਰਮ ਆਪਣੇ ਆਪ ਵਿਚ ਕੋਈ ਚੀਜ਼ ਨਹੀਂ ਹੁੰਦੇ। ਇਨ੍ਹਾਂ ਨੂੰ ਚੰਗਾ ਜਾਂ ਮੰਦਾ ਬਨਾਣ ਵਾਲੀ ਸਿਰਫ ਇਨਸਾਨ ਦੀ ਨੀਯਤ ਹੁੰਦੀ ਹੈ। ਨੇਕ ਨੀਤੀ ਤੇ ਸ਼ੁਭ ਇੱਛਾ ਨਾਲ ਕੀਤੇ ਸਭ ਕਰਮ ਚੰਗੇ ਹਨ ਅਤੇ ਬੁਰੀ ਨੀਯਤ ਤੇ ਖੁਦਗਰਜ਼ੀ ਨਾਲ ਕੀਤੇ ਕਰਮ ਚਾਹੇ ਅਨਜਾਣ ਲੋਕਾਂ ਦੀ ਨਜ਼ਰ ਨੂੰ ਧੋਖਾ ਦੇ ਸਕਣ, ਦਰਅਸਲ ਹਨ ਮਾੜੇ।

ਸਾਥੋਂ ਜੇ ਕੋਈ ਪਾਪ ਪੁੰਨ ਦੀ ਤਾਰੀਫ਼ (Definition) ਪੁਛੇ ਤਾਂ ਅਸੀਂ ਏਹੋ ਆਖਾਂਗੇ ਕਿ ਆਪਣੀ ਆਤਮਾ ਦੀ ਆਵਾਜ਼ ਦੇ ਬਰਖਿਲਾਫ਼ ਜੋ ਕਰਮ ਵੀ ਕੀਤੇ ਜਾਣ, ਨਖਿੱਧ ਮਾੜੇ ਅਤੇ ਪਾਪ ਹਨ। ਆਪਣੀ ਆਤਮਾ ਦੀ ਆਵਾਜ਼ ਦੇ ਅਨੁਸਾਰ ਜੋ ਕਰਮ ਕੀਤੇ ਜਾਣ, ਉਹ ਚੰਗੇ ਅਤੇ ਪੁੰਨ ਹਨ। ਦੂਸਰੇ ਅੱਖਰਾਂ ਵਿਚ ਆਪਣੇ 'ਆਪੇ' ਨਾਲ ਧੋਖਾ ਕਰਨਾ ਪਾਪ ਹੈ ਅਤੇ 'ਆਪੇ' ਨਾਲ ਇਨਸਾਫ ਕਰਨਾ, ਉਸ ਦੀ ਪ੍ਰੇਰਨਾ ਅਨੁਸਾਰ ਪੂਰੀ ਈਮਾਨਦਾਰੀ ਨਾਲ ਕੰਮ ਕਰਨਾ ਪੁੰਨ ਹੈ।

ਅਕਾਸ਼ਬਾਣੀ

ਅਕਾਲ ਪੁਰਖ ਦੀ ਸੂਖਸ਼ਮ ਮੰਡਲਾਂ ਤੋਂ ਇਨਸਾਨ ਦੀ ਅਸਥੂਲ ਮੰਡਲਾਂ ਵਿਚ ਅਸਥੂਲ ਤਰੀਕੇ ਨਾਲ ਰਹਿਨੁਮਾਈ ਜਾਂ ਸੰਦੇਸ਼ ਨੂੰ ਧਾਰਮਕ ਬੋਲੀ ਵਿਚ ਅਕਾਸ਼ ਬਾਣੀ ਆਖਦੇ ਹਨ। ਉਂਜ ਤਾਂ ਇਨਸਾਨ ਦੀ ਸਦਾ ਰਹਿਨੁਮਾਈ ਅਕਾਲ ਪੁਰਖ ਵਲੋਂ ਹੀ ਹੁੰਦੀ ਰਹਿੰਦੀ ਹੈ, ਪਰ ਕਿਸੇ ਖਾਸ ਵੇਲੇ ਰੱਬ ਹਲੂਣਾ ਦੇ ਕੇ ਆਪਣੇ ਬੰਦਿਆਂ ਨੂੰ ਆਪਣਾ ਖਾਸ ਪੈਗ਼ਾਮ ਵੀ ਦੇ ਜਾਂਦਾ ਹੈ। ਮੈਂ ਆਪਣੀ ਸੰਸਾਰ ਯਾਤਰਾ ਵਿਚ ਕਈ ਵਾਰੀ ਇਸ ਕਿਸਮ ਦੀਆਂ ਘਟਨਾਵਾਂ ਹੁੰਦੀਆਂ ਵੇਖੀਆਂ ਹਨ। ਨਾਮਧਾਰੀ ਗੁਰਸਿੱਖਾਂ ਵਿਚ ਰੱਬ ਵਲੋਂ ਬੰਦਿਆਂ ਵਲ ਅਸਥੂਲ ਮੰਡਲਾਂ ਥਾਣੀਂ ਆਇ॥ ਇਸ ਕਿਸਮ ਦੀ ਰਹਿਨੁਮਾਈ ਨੂੰ 'ਗੋਬਿੰਦ ਬੋਲਿਆ' ਆਖਦੇ ਹਨ। ਜਦ ਮੈਨੂੰ ਪਹਿਲੇ ਇਸ ਆਤਮਕ ਘਟਨਾ ਦਾ ਪਤਾ ਲੱਗਾ ਤਾਂ ਬੜੀ ਹੈਰਾਨੀ ਹੋਈ ਪਰ ਹੁਣ ਇਹ ਇਕ ਸੁਭਾਵਕ ਘਟਨਾ ਪ੍ਰਤੀਤ ਹੁੰਦੀ ਹੈ। ਮੇਰੀ ਪਹਿਲੀ ਹੈਰਾਨੀ ਦਾ ਅਸਲੀ ਕਾਰਨ ਇਹ ਸੀ ਕਿ ਉਸ ਵੇਲੇ ਰੱਬ ਦੀ ਹਸਤੀ ਵਿਚ ਉਤੋਂ ਉਤੋਂ ਮੇਰੇ ਜ਼ਬਾਨੀ ਕੀਤੇ ਦਾਵਿਆਂ ਦੀ ਤਹਿ ਵਿਚ ਉਹ ਨਿਸ਼ਚਾ ਨਹੀਂ ਸੀ ਜਿਹੜਾ ਕਿ ਇਕ ਸੱਚੇ ਗੁਰਸਿੱਖ ਨੂੰ ਹੋਣਾ ਚਾਹੀਦਾ ਹੈ।

ਮੇਰਾ ਹੁਣ ਯਕੀਨ ਹੈ ਕਿ ਜਦ ਮੈਨੂੰ ਕਿਸੇ ਗੱਲ ਦੀ ਸਮਝ ਨਾ ਆਵੇ ਅਤੇ ਮੈਂ ਉਸ ਦੋਚਿਤੀ ਦੀ ਹਾਲਤ ਵਿਚ ਵਾਹਿਗੁਰੂ ਅੱਗੇ ਨਿਰਮਾਣ ਹੋ ਕੇ ਅਕਾਲੀ ਹੁਕਮ ਜਾਂ ਸਲਾਹ ਜਾਂ ਰਹਿਨੁਮਾਈ ਵਾਸਤੇ ਪ੍ਰਾਰਥਨਾ ਕਰਾਂ ਤਾਂ ਅਕਾਲਪੁਰਖ ਮੇਰੀ ਕਿਸੇ ਤਰੀਕੇ ਵਿਚ ਅਸਥੂਲ ਮੰਡਲਾਂ (Material chanels) ਥਾਣੀ ਅਗਵਾਈ ਕਰਦੇ ਹਨ ਅਤੇ ਜੇਕਰ ਮੇਰਾ ਨਿਸ਼ਚਾ ਉਸ ਅਗਵਾਈ ਉਤੇ ਪੱਕਾ ਤੇ ਅਡੋਲ ਹੋਵੇ ਤਾਂ ਉਹ ਰਹਿਨੁਮਾਈ ਸੋਲ੍ਹਾਂ ਆਨੇ ਸੱਚ ਨਿਕਲਦੀ ਹੈ। ਮੈਂ ਇਸ ਕਿਸਮ ਦੇ ਬਹੁਤ ਸਾਰੇ ਵਾਕਿਅਤ ਬਿਆਨ ਕਰ ਸਕਦਾ ਹਾਂ ਜਦ ਕਿਸੇ ਮੁਸ਼ਕਲ, ਮੁਸੀਬਤ, ਦੋਚਿਤੀ ਦੀ ਹਾਲਤ ਵਿਚ ਮੈਨੂੰ ਰੱਬ ਵਲੋਂ ਪ੍ਰਤੱਖ ਰਹਿਨੁਮਾਈ ਮਿਲੀ ਹੋਵੇ, ਪਰ ਅੱਜ ਮੈਂ 'ਆਤਮ-ਸਾਇੰਸ' ਦੇ ਪਾਠਕਾਂ ਦੇ ਚਰਨਾਂ ਵਿਚ ਦੋ ਵਾਕਿਆਤ ਬਿਆਨ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਦਾ ਅੱਜ ਕਲ੍ਹ ਦੇ ਸਮੇਂ ਨਾਲ ਸਿੱਧਾ ਸਬੰਧ ਹੈ।

ਕਲਕੱਤੇ ਵਿਚ ਅਸੀਂ ਇਕ ਛੋਟਾ ਜਿਹਾ 'ਆਤਮ-ਸਾਇੰਸ' ਸਤਿਸੰਗ ਕਾਇਮ ਕੀਤਾ ਹੋਇਆ ਹੈ। ਇਸ ਦੀਆਂ ਹਫ਼ਤਾਵਾਰੀ ਮੀਟਿੰਗਾਂ ਬਾਕਾਇਦਾ ਕਈ ਸਾਲ ਤੋਂ ਹੋ ਰਹੀਆਂ ਹਨ। ਪਹਿਲੇ ਪਹਿਲ, ਸ਼ੁਰੂ ਵਿਚ ਇਸ 'ਆਤਮ-ਸਾਇੰਸ' ਸਤਿਸੰਗ ਦੀ ਇਕ ਇਕੱਤਰਤਾ ਸਰਦਾਰ ਮਧੂਸੂਦਨ ਸਿੰਘ ਜੀ ਦੇ ਮਕਾਨ ਤੇ ਹੋਈ। ਇਸ ਇਕੱਤਰਤਾ ਵਿਚ ਵਾਹਿਗੁਰੂ ਦੀ ਰਖਸ਼ਕ ਸ਼ਕਤੀ ਸਬੰਧੀ ਵਿਚਾਰਾਂ ਹੋਈਆਂ। ਇਹ ਉਹ ਸਮਾਂ ਸੀ ਕਿ ਜਦ ਜਾਪਾਨੀ ਫੌਜਾਂ ਸਿੰਘਾਪੁਰ ਫਤਹਿ ਕਰਨ ਮਗਰੋਂ, ਬਰਮਾ ਵਿਚ ਦਬਾਦਬ ਵੱਧ ਰਹੀਆਂ ਸਨ ਅਤੇ ਰੰਗੂਨ ਉਤੇ ਪਹਿਲੇ ਹਵਾਈ ਹਮਲਿਆਂ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਮਨੁੱਖਾਂ ਦੇ ਨੁਕਸਾਨ ਦੀਆਂ ਖ਼ਬਰਾਂ ਆ ਚੁੱਕੀਆਂ ਸਨ। ਕਲਕੱਤਾ ਸਰਕਾਰੀ ਤੌਰ ਤੇ ਖਤਰੇ ਦੇ ਦਾਇਰੇ ਵਿਚ ਸ਼ੁਮਾਰ ਕੀਤਾ ਗਿਆ ਸੀ ਤੇ ਗਵਰਨਮੈਂਟ ਨੇ ਐਲਾਨ ਕੀਤਾ ਸੀ ਕਿ ਜੋ ਛੱਡ ਸਕਦੇ ਹਨ ਉਹ ਫੌਰਨ ਕਲਕੱਤੇ ਨੂੰ ਖਾਲੀ ਕਰ ਦੇਣ। ਲੱਖਾਂ ਦੀ ਤਾਦਾਦ ਵਿਚ ਲੋਕੀਂ ਕਲਕੱਤੇ ਤੋਂ ਬਾਹਰ ਨੱਸ ਰਹੇ ਸਨ ਅਤੇ ਇੰਜ ਜਾਪਦਾ ਸੀ ਕਿ ਹੁਣ ਜਾਪਾਨੀ ਹਮਲਾ ਹੋਇਆ ਕਿ ਹੋਇਆ।

ਐਸੇ ਹਾਲਾਤ ਅੰਦਰ ਸਾਡੇ ਆਤਮ ਸਾਇੰਸ ਦੇ ਸਤਿਸੰਗ ਵਿਚ ਜੋ ਰੱਬ ਦੀ ਰਖਸ਼ਕ ਸ਼ਕਤੀ ਸਬੰਧੀ ਵਿਚਾਰ ਹੋਈ ਉਸ ਦਾ ਸਾਰ ਇਸ ਪ੍ਰਕਾਰ ਸੀ -

'ਵਾਹਿਗੁਰੂ ਸਰਬ-ਵਿਆਪਕ' (Omnipresent) ਹੈ, ਇਸ ਲਈ ਕਲਕੱਤੇ ਵਿਚ ਵੀ ਉਸੇ ਤਰ੍ਹਾਂ ਮੌਜੂਦ ਹੈ, ਜਿਸ ਤਰ੍ਹਾਂ ਕਿ ਕਲਕੱਤਾ ਛੱਡ ਕੇ ਜਾਣ ਵਾਲੇ ਅਸਥਾਨਾਂ ਵਿਚ। ਵਾਹਿਗੁਰੂ ਸਰਬਸ਼ਕਤੀਮਾਨ (Omnipotent) ਹੈ, ਇਸ ਲਈ ਉਹ ਕਲਕੱਤੇ ਵਿਚ ਵੀ ਸਿਦਕ ਭਰੋਸੇ ਵਾਲੇ ਜੀਵਾਂ ਦੀ ਉਸੇ ਤਰ੍ਹਾਂ ਰੱਛਿਆ ਕਰਨ ਦੇ ਸਮਰੱਥ ਹੈ, ਜਿਵੇਂ ਕਲਕੱਤੇ ਤੋਂ ਬਾਹਰ ਹੋਰ ਅਸਥਾਨਾਂ ਵਿਚ। ਨਿਰਮਾਣ ਹੋ ਕੇ ਆਪਣੀ ਸ਼ਰਨ ਆਏ ਬੰਦਿਆਂ ਦੇ ਐਬ ਜਾਂ ਕਮਜ਼ੋਰੀਆਂ ਨੂੰ ਵਾਹਿਗੁਰੂ ਨਹੀਂ ਵਿਚਾਰਦਾ, ਸਗੋਂ ਬਿਰਦ ਦੀ ਲਾਜ ਰਖਦਾ ਹੈ।

ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ
ਅਉਗਣੁ ਕੋ ਨਾ ਚਿਤਾਰੈ॥ ਪੰਨਾ - 784
ਜੋ ਸਰਣਿ ਆਵੈ ਤਿਸੁ ਕੰਠਿ ਲਾਵੈ
ਇਹੁ ਬਿਰਦੁ ਸੁਆਮੀ ਸੰਦਾ॥ ਪੰਨਾ - 544

ਇਸ ਲਈ ਰੱਬ ਦੀ ਰਖਸ਼ਕ ਸ਼ਕਤੀ ਤੋਂ ਪੂਰਨ ਲਾਭ ਉਠਾਣ ਲਈ ਇਨਸਾਨ ਨੂੰ ਮਨ ਦੀ ਨਿਰਮਾਣ ਅਤੇ ਅਧੀਨ ਅਵਸਥਾ ਵਿਚ ਸਰਬਸ਼ਕਤੀਮਾਨ ਤੇ ਸਰਬ-ਵਿਆਪਕ ਅਕਾਲ ਪੁਰਖ ਦੀ ਸ਼ਰਨ ਜਾਣਾ ਚਾਹੀਦਾ ਹੈ ਅਤੇ ਨਾ ਇਹ ਭਰਮ ਕਰਨਾ ਚਾਹੀਦਾ ਹੈ ਕਿ ਮੈਂ ਤਾਂ ਬੜਾ ਮਾੜਾ ਹਾਂ, ਮੈਂ ਪਵਿੱਤਰ ਰੱਬ ਦੀ ਸ਼ਰਨ ਵਿਚ ਕਿਸ ਮੂੰਹ ਨਾਲ ਜਾਵਾਂ? ਅਤੇ ਨਾ ਹੀ ਇਹ ਸ਼ੱਕ ਕਰਨਾ ਚਾਹੀਦਾ ਹੈ ਕਿ ਖਵਰੇ ਅਕਾਲ ਪੁਰਖ ਮੇਰੀ ਰਖਸ਼ਾ ਕਰੇ ਕਿ ਨਾ ਕਰੇ? ਜਦ ਜੀਵ ਮਨ ਦੀ ਇਸ ਦ੍ਰਿੜ੍ਹ ਅਵਸਥਾ ਵਿਚ ਨਿਰਮਾਣ ਹੋ ਕੇ ਰੱਬ ਦੀ ਸ਼ਰਨ ਪਹੁੰਚੇ ਤਾਂ ਰੱਬੀ ਕਾਨੂੰਨ ਖੁਦ-ਬਖੁਦ ਹਰਕਤ ਵਿਚ ਆਉਣੇ ਸ਼ੁਰੂ ਹੋ ਜਾਂਦੇ ਹਨ ਅਤੇ ਰੱਬ ਆਪਣੇ ਬੰਦੇ ਦੀ ਤੁਰਤ ਰਖਸ਼ਾ ਕਰਦਾ ਹੈ।

ਇਸ ਵਿਚਾਰ ਮਗਰੋਂ ਸਾਰੇ ਸਤਿਸੰਗੀਆਂ ਨੇ ਬੜੀ ਅਧੀਨਗੀ ਨਾਲ ਅਰਦਾਸ ਕੀਤੀ। ਅਰਦਾਸ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂਵਾਕ ਲਿਆ ਗਿਆ - ਮੇਰਾ ਯਕੀਨ ਹੈ ਕਿ ਉਸ ਮਹਾਂਵਾਕ ਦੁਆਰਾ ਅਕਾਲ ਪੁਰਖ ਨੇ ਉਸ ਵੇਲੇ ਸਾਡੀ ਅਸਥੂਲ ਮੰਡਲਾਂ ਰਾਹੀਂ ਪਰਪੱਕ ਰਹਿਨੁਮਾਈ ਕੀਤੀ ਅਤੇ ਉਸ ਤੋਂ ਪਿਛੋਂ ਹੋਈਆਂ ਘਟਨਾਵਾਂ ਮੇਰੇ ਇਸ ਯਕੀਨ ਦੀ ਪ੍ਰੋੜ੍ਹਤਾ ਕਰਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਉਸ ਸਮੇਂ ਆਇਆ ਅਕਾਲੀ ਹੁਕਮ ਇਸ ਪ੍ਰਕਾਰ ਸੀ -

ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥
ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥
ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ॥
ਆਦਿ ਅੰਤ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤ॥ ਰਹਾਉ॥
ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ॥
ਹਰਿ ਸਿਮਰਿ ਸਿਮਰਿ ਆਨਦ ਕਰ ਨਾਨਕ
ਪ੍ਰਭਿ ਪੂਰਨ ਪੈਜ ਰਖਾਈ॥ ਪੰਨਾ - 682

ਜਦ ੧੯੪੨ ਦੇ ਦਸੰਬਰ ਵਿਚ ਸੱਚੀਮੁਚੀ ਕਲਕੱਤੇ ਤੇ ਜਾਪਾਨੀ ਹਵਾਈ ਹਮਲੇ ਹੋਣੇ ਸ਼ੁਰੂ ਹੋਏ ਅਤੇ ਲੱਖਾਂ ਦੀ ਗਿਣਤੀ ਵਿਚ ਫੇਰ ਲੋਕੀਂ ਕਲਕੱਤਾ ਛੱਡ ਕੇ ਚਲੇ ਗਏ ਤਾਂ ਕੁਦਰਤੀ ਤੌਰ ਉਤੇ 'ਆਤਮ-ਸਾਇੰਸ' ਸਤਿਸੰਗ ਦੇ ਕਈ ਮੈਂਬਰਾਂ ਦੇ ਦਿਲਾਂ ਵਿਚ ਫੇਰ ਦੋਚਿਤੀ ਸੀ, ਜਿਸਨੂੰ ਫੇਰ ਕਰਤਾਰ ਨੇ ਆਪਣੀ ਅਪਾਰ ਕਿਰਪਾ ਦੁਆਰਾ ਅਸਥੂਲ ਮੰਡਲਾਂ ਰਾਹੀਂ ਸੰਦੇਸ਼ ਭੇਜ ਕੇ ਦੂਰ ਕੀਤਾ। ਇਹ ਘਟਨਾ ਇਸ ਪ੍ਰਕਾਰ ਹੈ -

ਮੇਰੇ ਮਕਾਨ ਦੇ ਉਤਲੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸਵੇਰ ਤੋਂ ਰਾਤ ਤੱਕ ਹੋਇਆ ਰਹਿੰਦਾ ਹੈ। ਰਾਤ ਸੌਣ ਵੇਲੇ ਦੇ ਕਰੀਬ ਘਰ ਦਾ ਕੋਈ ਮੈਂਬਰ ਮਹਾਰਾਜ ਦਾ ਜਾ ਕੇ ਸੁਖ ਆਸਨ ਕਰ ਆਉਂਦਾ ਸੀ। ੨੪-੧੨-੪੨ ਦੀ ਰਾਤ ਨੂੰ ਨੌਂ ਵਜੇ ਹਵਾਈ ਹਮਲੇ ਦਾ ਸਾਇਰਨ (Siren) ਵੱਜਿਆ। ਕੁਝ ਦਿਨਾਂ ਤੋਂ ਕਲਕੱਤੇ ਵਿਚ ਇਹ ਅਫਵਾਹ ਬੜੇ ਜ਼ੋਰਾਂ ਵਿਚ ਚੱਕਰ ਲਗਾ ਰਹੀ ਸੀ ਕਿ ਕਿਉਂਕਿ ੨੫ ਦਸੰਬਰ ਨੂੰ ਵੱਡਾ ਦਿਨ ਹੈ, ਇਸ ਲਈ ੨੪ ਦੀ ਰਾਤ ਨੂੰ ਸਖਤ ਹਵਾਈ ਹਮਲਾ ਹੋਵੇਗਾ। ਇਸ ਲਈ ੨੪ ਰਾਤ ਨੂੰ ਜਦ ਸਾਇਰਨ ਵੱਜਿਆ ਤਾਂ ਕੁਝ ਚਿਰ ਲਈ ਕੁਦਰਤੀ ਤੌਰ ਤੇ ਸਭ ਨੇ ਡਰ ਅਨੁਭਵ ਕੀਤਾ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਅਜੇ ਸੁਖ ਆਸਨ ਨਹੀਂ ਸਨ ਕਰਾਏ ਗਏ, ਇਸ ਲਈ ਘਰ ਦੀ ਇਕ ਬੀਬੀ ਨੂੰ, ਉਸ ਸਮੇਂ ਜਦ ਕਿ ਸ਼ਹਿਰ ਦੇ ਆਮ ਲੋਕਾਂ ਵਿਚ ਹਫੜਾ-ਦਫੜੀ ਪਈ ਹੋਈ ਸੀ, ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਖ ਆਸਨ ਦੀ ਸੇਵਾ ਯਾਦ ਆਈ ਅਤੇ ਫੌਰਨ ਹੇਠਲੀ ਛੱਤ ਵਿਚ ਸ਼ੈਲਟਰ (Shelter) ਵਿਚ ਜਾਣ ਦੀ ਬਜਾਏ, ਉਹ ਘਰ ਦੀ ਉਤਲੀ ਛੱਤ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਦੌੜੀ। ਗੁਰੂ ਗ੍ਰੰਥ ਸਾਹਿਬ ਜੀ ਵਿਚੋਂ, ਉਸ ਵੇਲੇ ਜਦ ਕਿ ਸ਼ਹਿਰ ਵਿਚ ਬੰਬ ਡਿੱਗ ਰਹੇ ਸੀ ਅਤੇ ਬੰਬਾਂ ਦੇ ਨਜ਼ਦੀਕ ਦੇ ਘਰਾਂ ਨੂੰ ਭੂਚਾਲ ਦੀ ਤਰ੍ਹਾਂ ਹਿਲਾ ਰਹੇ ਸਨ, ਫੇਰ ਅਕਾਲਪੁਰਖ ਨੇ ਆਪਣੀ ਸ਼ਰਨ ਆਉਣ ਵਾਲੇ ਪ੍ਰਾਣੀਆਂ ਦੀ ਅਸਥੂਲ ਮੰਡਲਾਂ ਥਾਣੀ ਇਸ ਪ੍ਰਕਾਰ ਸਹਾਇਤਾ ਕੀਤੀ ਤੇ ਧੀਰਜ ਬਝਵਾਇਆ। ਉਸ ਸਮੇਂ ਆਇਆ ਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂਵਾਕ ਇਹ ਸੀ-

ਸੋਰਠਿ ਮਹਲਾ ੫
ਦੁਰਤੁ ਗਵਾਇਆ ਹਰਿ ਪ੍ਰਭਿ ਆਪੇ ਸਭੁ ਸੰਸਾਰੁ ਉਬਾਰਿਆ॥
ਪਾਰਬ੍ਰਹਮਿ ਪ੍ਰਭਿ ਕਿਰਪਾ ਧਾਰੀ ਅਪਣਾ ਬਿਰਦੁ ਸਮਾਰਿਆ॥੧॥
ਹੋਈ ਰਾਜੇ ਰਾਮ ਕੀ ਰਖਵਾਲੀ॥
ਸੂਖ ਸਹਿਜ ਆਨਦ ਗੁਣ ਗਾਵਹੁ ਮਨੁ ਤਨੁ ਦੇਹ ਸੁਖਾਲੀ॥ ਰਹਾਉ॥
ਪਤਿਤ ਉਧਾਰਣੁ ਸਤਿਗੁਰੁ ਮੇਰਾ ਮੋਹਿ ਤਿਸ ਕਾ ਭਰਵਾਸਾ॥
ਬਖਸਿ ਲਏ ਸਭਿ ਸਚੈ ਸਾਹਿਬਿ ਸੁਣਿ ਨਾਨਕ ਕੀ ਅਰਦਾਸਾ॥
ਪੰਨਾ - 621

ਆਦਮੀ ਦੇ ਮਨ ਵਿਚ ਫੁਰਨੇ (Thoughts) ਉਤਪੰਨ ਹੋਣ ਦੇ ਤਰੀਕੇ (Process) ਨੂੰ ਜਦ ਅਭਿਆਸ

(ਬਾਕੀ ਪੰਨਾ 63 ਤੇ)

ਬਾਬਾ ਨੌਧ ਸਿੰਘ

ਭਾਈ ਸਾਹਿਬ ਭਾਈ ਵੀਰ ਸਿੰਘ

(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ - 56)

ਤੀਸਰੀ ਰਾਤ

ਮਾਈ ਕੁਛ ਚਿਰ ਅਨੰਦਪੁਰ ਰਹਿ ਕੇ ਆਪਣੇ ਘਰ ਫਿਰ ਆ ਗਈ, ਚਿੱਤ ਸਦਮਾ ਸਹਾਰਕੇ ਕੁਛ ਸਤੋਗੁਣ ਵਿਚ ਪੱਕਾ ਹੋ ਗਿਆ ਮਲੂਮ ਹੋਣ ਲੱਗਾ। ਮਾਈ ਰੋਣਾ ਨਹੀਂ ਸੀ ਚਾਹੁੰਦੀ ਤੇ ਹੁਣ ਘੱਟ ਹੀ ਕਦੇ ਅਥਰੂ ਆਉਂਦੇ ਸਨ। ਹਾਂ, ਅੱਜ ਕੱਲ ਭੀ ਕਈ ਲੋਕ ਨਹੀਂ ਰੋਂਦੇ, ਪਰ ਜਾਂ ਤਾਂ ਘੋਰ ਤਮੋਗੁਣ ਵਿਚ ਜਾਂ ਮਾਨ ਦੀ ਖਾਤਰ ਕਿ ਜੇ ਰੋਏ ਤਾਂ ਲੋਕੀ ਕੀ ਕਹਿਣਗੇ, ਪਰ ਮਾਈ ਦਾ ਯਤਨ ਇਹ ਸੀ ਕਿ ਮੇਰੇ ਆਤਮਾ ਵਿਚ ਸਿਦਕ ਆਵੇ, ਰਜ਼ਾ ਦੀ ਮੰਜ਼ਲ ਲੱਭੇ, ਵਾਹਿਗੁਰੂ, ਜਿਸ ਦਾ ਨਾਉਂ ਲੈਂਦੇ ਤੇ ਮਾਨ ਕਰਦੇ ਹਾਂ, ਸੱਚੀ ਮੁੱਚੀ ਜਾਗਤੀ ਜੋਤ ਹੋ ਦਿੱਸੇ, ਐਉਂ ਰੋਣ ਨਾ ਆਵੇ। ਇਸ ਤਰ੍ਹਾਂ ਕੁਛ ਸਮਾਂ ਨਾਮ ਅਭਿਆਸ ਵਿਚ ਸੁਖੀ ਲੰਘ ਗਿਆ। ਪਹਿਰ ਰਾਤ ਦੇ ਤੜਕੇ ਉਠਣਾ, ਇਸ਼ਨਾਨ ਕਰਕੇ ਸੁਰਤ ਜੋੜ ਕੇ ਬੈਠ ਜਾਣਾ, ਸੋਝਲੇ ਹੋਏ ਧਰਮਸਾਲਾ ਜਾਣਾ, ਫੇਰ ਆਕੇ ਬਾਣੀ ਦਾ ਪਾਠ ਕਰਨਾ, ਫੇਰ ਪ੍ਰਸ਼ਾਦ ਸਜਾ ਕੇ ਕਿਸੇ ਗੁਰਮੁਖ ਯਾ ਲੋੜਵੰਦ ਨੂੰ ਛਕਾਕੇ ਆਪ ਛਕਣਾ, ਫੇਰ ਕੁਛ ਕੰਮ ਲੈ ਬੈਠਣਾ, ਗੁਆਢਣਾਂ ਨੇ ਆ ਜੁੜਨਾ, ਸਤਿਸੰਗ ਹੁੰਦਾ ਰਹਿਣਾ, ਲੌਢੇ ਪਹਿਰ ਪ੍ਰਸ਼ਾਦ ਛਕ ਕੇ ਧਰਮਸਾਲਾ ਜਾਕੇ ਸੋਦਰ ਦੀ ਚੌਕੀ ਸੁਣਨੀ, ਰਹਿਰਾਸ ਪੜ੍ਹਨੀ ਯਾ ਸੁਣਨੀ, ਰਾਤੀਂ ਸੋਹਿਲਾ ਪੜ੍ਹਕੇ ਸੁਰਤ ਵਾਹਿਗੁਰੂ ਵਿਚ ਜੋੜ ਕੇ ਸੌਂ ਜਾਣਾ।

ਇਸ ਤਰ੍ਹਾਂ ਦਿਨ ਸਹਿਲੇ ਬੀਤਣ ਲੱਗੇ। ਪਤੀ ਤੇ ਪੁੱਤ੍ਰੀ ਦੀ ਯਾਦ ਮਿਟ ਨਹੀਂ ਗਈ, ਯਾਦ ਹੈ, ਪਰ ਕੇਵਲ ਦੋ ਗੱਲਾਂ ਦੀ ਉਪਦੇਸ਼ਕ ਬਣ ਕੇ ਹਿਰਦੇ ਮੰਡਲ ਤੇ ਵਿਚਰਦੀ ਹੈ। ਇਕ ਇਹ ਕਿ ਮੌਤ ਸੱਚ ਹੈ, ਦੂਜੇ ਇਹ ਕਿ ਮੌਤ ਲਈ ਐਦਾਂ ਤਿਆਰ ਹੋਣਾ ਚਾਹੀਏ ਜਿੱਦਾਂ ਤਿਆਰ ਹੋਕੇ ਪਤੀ ਤੇ ਪਿਆਰੀ ਪੁੱਤ੍ਰੀ ਗਏ ਹਨ। ਜਦ ਕਦੇ ਉਹਨਾਂ ਦੇ ਵਿਯੋਗ ਦਾ ਵੈਰਾਗ ਉਠੇ ਤਦ ਝੱਟ ਸੁਰਤ ਨੂੰ ਨਾਮ ਸਿਮਰਨ ਵਿਚ ਖਿੱਚ ਕੇ ਸ਼ੋਕ ਦੀ ਖੱਡ ਟੱਪਕੇ ਲਿਵ ਦੀ ਚੋਟੀ ਤੇ ਜਾ ਚੜ੍ਹੇ।

ਪਰ ਸਮੇਂ ਨੂੰ ਦਾਨੇ ਕੁਛ ਅਚਰਜ ਕੌਤਕਹਾਰ ਕਹਿੰਦੇ ਹਨ। ਦੁਨੀਆਂਦਾਰ ਇਸਨੂੰ ਧ੍ਰੋਹੀ, ਦੁਖ ਦਾਤਾ ਅਰ ਨਿਰਦਈ ਕਹਿੰਦੇ ਹਨ, ਪਰ ਕਾਦਰ ਦੇ ਚਰਨਾਂ ਦੀ ਧੂਹ ਵਾਲੇ ਇਸਨੂੰ ਆਪਣਾ ਉਸਤਾਦ ਕਰਕੇ ਆਖਦੇ ਹਨ। ਇਸਦੇ ਪਲਟੇ, ਬਦਲਾਉ ਕਲੇਸ਼ ਤੇ ਦੁਖ ਜਗਿਆਸੂ ਦੀ ਸੁਰਤ ਨੂੰ ਪੱਕਿਆਂ ਕਰਦੇ ਹਨ। ਘੁਮਿਆਰ ਦੀ ਥਾਪੀ ਜੋ ਸਲੂਕ ਭਾਂਡੇ ਨਾਲ ਕਰਦੀ ਹੈ, ਅਹਿਰਣ ਤੇ ਵਦਾਣ ਜੋ ਸਲੂਕ ਲੋਹੇ ਨਾਲ ਕਰਦੇ ਹਨ, ਸੋਈ ਸਲੂਕ ਸਮੇਂ ਦੇ ਖਖੇੜ ਬਖੇੜ ਪ੍ਰੇਮੀ ਦੀ ਸੁਰਤ ਨਾਲ ਕਰਦੇ ਹਨ। ਪਰ ਇਹ ਸਲੂਕ ਕੋਈ ਪੱਟ ਦੀ ਸੇਜਾ ਨਹੀਂ, ਕੋਈ ਰੂੰ ਦਾ ਗਦੇਲਾ ਨਹੀਂ, ਸਗੋਂ ਜਿਸ ਤਰ੍ਹਾਂ ਕੱਚੀਆਂ ਇੱਟਾਂ ਨੂੰ ਪੱਕਿਆਂ ਕਰਨ ਲਈ ਆਵੇ ਦਾ ਤਾਉ ਹੁੰਦਾ ਹੈ, ਉੱਕਰ ਹੀ ਇਹ ਤਾਉ ਦੁਖਦਾਈ ਭਾਸਦਾ ਹੈ, ਭਾਵੇਂ ਪੱਕਿਆਂ ਕਰਦਾ ਹੈ। ਇਹਨਾਂ ਦੁੱਖਾਂ ਨੂੰ ਓਹ ਐਉਂ ਆਪਣੇ ਗੁਰਵਾਕ ਅਨੁਸਾਰ ਸੁਖ ਸਮਝਦੇ ਹਨ-

ਦੁਖ ਦਾਰੂ ਸੁਖੁ ਰੋਗੁ ਭਇਆ॥

ਪੁਨਾ -

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥

ਮਾਈ ਦਾ ਨਾਮ ਦਾ ਦੀਵਾ ਲਟ ਲਟ ਬਲ ਰਿਹਾ ਹੈ, ਦੋ ਭਾਰੇ ਦੁਖਾਂ ਦਾ ਤੇਲ ਓਸ ਵਿਚ ਪੈ ਚੁਕਾ ਹੈ। ਨਾਮ ਦੀ ਲਾਟ ਚਾਨਣਾ ਦੇ ਰਹੀ ਹੈ। ਦੋ ਦੁਖਾਂ ਦਾ ਤੇਲ ਜਦ ਸੁੱਕਣ ਤੇ ਆਇਆ ਤਦ ਤੀਸਰਾ ਤੇਲ ਦਾ ਕੁੱਪਾ ਹੋਰ ਆ ਡੁੱਲਾ! ਦੁੱਖ ਦੇ ਤੇਲ ਨੇ ਸਦਾ ਨਹੀਂ ਪੈਣਾ। ਨਾਮ ਦੇ ਦੀਵੇ ਨੇ ਕਿਸੇ ਦਿਨ ਬਿਨ ਤੇਲ ਸਦਾ ਬਲਣ ਲਗ ਪੈਣਾ ਹੈ -

ਅਛਲ ਛਲਾਈ ਨਹ ਛਲੈ
ਨਹ ਘਾਉ ਕਟਾਰਾ ਕਰਿ ਸਕੈ॥
ਜਿਉ ਸਾਹਿਬੁ ਰਾਖੈ ਤਿਉ ਰਹੈ
ਇਸੁ ਲੋਭੀ ਕਾ ਜੀਉ ਟਲ ਪਲੈ॥
ਬਿਨੁ ਤੇਲ ਦੀਵਾ ਕਿਉ ਜਲੈ॥
ਪੋਥੀ ਪੁਰਾਣ ਕਮਾਈਐ॥
ਭਉ ਵਟੀ ਇਤੁ ਤਨਿ ਪਾਈਐ॥
ਸਚੁ ਬੁਝਣੁ ਆਣਿ ਜਲਾਈਐ॥
ਇਹੁ ਤੇਲੁ ਦੀਵਾ ਇਉ ਜਲੈ॥
ਕਰਿ ਚਾਨਣੁ ਸਾਹਿਬ ਤਉ ਮਿਲੈ॥
ਇਤੁ ਤਨਿ ਲਾਗੈ ਬਾਣੀਆ॥
ਸੁਖੁ ਹੋਵੈ ਸੇਵ ਕਮਾਣੀਆ॥
ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥
ਕਹੁ ਨਾਨਕ ਬਾਹ ਲੁਡਾਈਐ॥

ਪਰ ਮਾਈ ਦੇ ਨਾਮ ਦਾ ਦੀਵਾ ਅਜੇ ਕੁਛ ਚਿਰ ਦੁਖ ਦੇ ਤੇਲ ਨਾਲ ਬਲਣਾ ਹੈ। ਸੋ ਭਾਣਾ ਇਕ ਦਿਨ ਇਹ

ਵਰਤਿਆ ਕਿ ਵਿਹੜੇ ਵਿਚ ਬੈਠੀ ਵਾਰਤਾਲਾਪ ਕਰ ਰਹੀ ਮਾਈ ਇਕ ਆਏ ਅਚਾਨਕ ਪਰਾਹੁਣੇ ਤੋਂ ਇਹ ਸੋ ਸੁਣਦੀ ਹੈ –

"ਮਾਈ! ਅਨੰਦੁਪਰ ਹੈ ਨਹੀਂ। ਸਿੱਖ ਸਭ ਕਤਲ ਹੋ ਗਏ। ਉਹ ਰਾਜ ਭਾਗ, ਉਹ ਸਤਿਸੰਗ ਦਾ ਖੇੜਾ ਹੈ ਨਹੀਂ। ਆਨੰਦਪੁਰ ਦਾ ਕਿੰਨਾ ਹਿੱਸਾ ਇਕ ਰਾਖ ਦਾ ਢੇਰ ਹੈ। ਸਾਹਿਬਜਾਦੇ ਤੇ ਮਾਤਾ ਤੋਰ ਦਿੱਤੀਆਂ ਗਈਆਂ, ਅਰ ਗੁਰੂ ਜੀ ਜਾਣੇ ਕਿੱਥੇ ਚਲੇ ਗਏ? ਮਾਈ? ਐਸ਼ੂਰਜ ਦੀ ਥਾਂ ਤੇ ਤੇਰੇ ਨੌਨਿਹਾਲਾਂ, ਤੇਰੇ ਵਾਲੀਆਂ, ਤੇਰੀਆਂ ਆਸਾਂ, ਉਮੈਦਾਂ ਦੇ ਉਪਬਨ ਤੇ ਉਦਾਸੀ ਛਾ ਗਈ ਹੈ।"

ਇਹ ਖਬਰ ਸੁਣਕੇ ਵੇਖੋ ਮਾਤਾ ਦਾ ਉਜਿਆਰਾ ਦਿਲ, ਜਿਸ ਵਿਚ ਗੁਬਾਰੀ ਨਹੀਂ ਸੀ, ਧੂੰਆਂਧਾਰ ਹੋ ਗਿਆ। ਹਾਇ! ਧਰਮ ਦੀਆਂ ਔਖੀਆਂ ਘਾਟੀਆਂ। ਐਨਾ ਸਾਧਨ, ਐਨਾ ਸਤਿਸੰਗ, ਐਨੇ ਜੱਫਰ ਜਾਲੇ, ਪਰ ਦੁਖ ਸੁਣਕੇ ਦਿਲ ਦੁੱਖੀ ਹੋ ਗਿਆ। ਕੁਛ ਆਸ ਹੋ ਆਈ ਸੀ ਕਿ ਮਨ ਰਜ਼ਾ ਤੇ ਖੜੋ ਗਿਆ ਹੈ, ਪਰ ਦੁਖ ਸੁਣਕੇ ਹੀ ਢਹਿ ਪਿਆ। ਅੱਖਾਂ ਅੱਗੇ ਹਨੇਰਾ ਛਾ ਗਿਆ, ਪਿਆਰੇ ਗੁਰੂ, ਪਿਆਰੇ ਜਵਾਈ, ਕਿਸ ਅਪਦਾ ਵਿਚ ਆ ਗਏ? ਲਾਲ ਦੁਲਾਰੇ ਕਿੱਧਰ ਜਾ ਲੁਕੇ? ਓਹ ਆਨੰਦਪੁਰ ਗਹਿਮਾਂ ਗਹਿਮ ਵਾਲਾ ਮੇਰੇ ਪਿਆਰਿਆਂ ਦਾ ਸੁਖ ਸਦਨ, ਓਹ ਆਰਾਮ ਦਾ ਮੰਡਲ ਜਿਥੇ ਓਹ ਸੁਖ ਪਾਉਂਦੇ ਸਨ, ਹੁਣ ਰਾਖ ਦਾ ਢੇਰ ਹੋ ਰਿਹਾ ਹੈ। ਅਰ ਤੁਰਕਾਨੀ ਸੈਨਾ ਓਥੇ ਊਧਮ ਮਚਾ ਰਹੀ ਹੈ! ਹੈਂ..... ਹਾ ਓਹ ਕਿੱਥੇ ਚਲੇ ਗਏ! ਜਿਨ੍ਹਾਂ ਦੁਲਾਰਿਆਂ ਤੇ ਪਿਆਰਿਆਂ ਵਿਚ ਮੇਰੀਆਂ ਮੋਹ ਤੇ ਪ੍ਰੇਮ ਦੀਆਂ ਦੁਇ ਤਣਾਵਾਂ ਗੱਡ ਰਹੀਆਂ ਸਨ।

ਪਹਿਲੀ ਸੱਟ ਨੇ ਇਹ ਹਾਲ ਕੀਤਾ ਕਿ ਸਿਰ ਨੂੰ ਚੱਕਰ ਆਉਂਦੇ ਤੇ ਹੈਰਾਨ ਕਰਦੇ ਹਨ। ਮਨ ਵਿਚੋਂ ਹਉਮੈਂ, ਜੋ ਹੁਣ ਬੇਸੁਧੀ ਜੇਹੀ ਵਿਚ ਰਹਿੰਦੀ ਸੀ, ਢਹਿੰਦੀਆਂ ਕਲਾਂ ਦੇ ਪੱਖ ਵਿਚ ਜਾਗੀ। ਫੁਰਨਾ ਫੁਰਿਆ, 'ਹਾਇ! ਮੈਂ ਦੁਖਿਆਰੀ! ਮੇਰਾ ਦੁੱਖਾਂ ਤੋਂ ਛੁੱਟ ਬਿਧਾਤਾ ਨੇ ਕੁਛ ਲੇਖ ਨਾ ਲਿਖਿਆ'।

ਅਨੰਦਪੁਰ ਦੀ ਇਹ ਮਾੜੀ ਸੋ ਸਾਰੇ ਉਡ ਗਈ ਹੈ। ਆਂਢੀ ਗੁਆਂਢੀ ਤੇ ਸਤਿਸੰਗੀ ਘਮਾ ਘਮ ਆ ਰਹੇ ਹਨ। ਕਲੇਸ਼ ਬੀ ਮਾਮੂਲੀ ਨਹੀਂ। ਗੁਰੂ ਖੇਦ ਸਹੇ ਤੇ ਸੰਗਤ ਦਾ ਕੋਈ ਜੀ ਝੱਲ ਸੱਕੇ, ਅਨਹੋਣੀ ਖੇਡ ਹੈ। ਸੰਝ ਤਕ ਆਵਾਜਾਈ ਰਹੀ, ਦੁਖ ਦੀ ਪੋਥੀ ਦਾ ਪਾਠ ਹੁੰਦਾ ਰਿਹਾ। ਘਰ ਘਰ ਸ਼ੋਕ ਸੀ ਪਰ ਜਿਸ ਘਰ ਦਾ ਗੁਰੂ ਜੀ ਨਾਲ ਸਾਕਾਦਾਰੀ ਦਾ ਸੰਬੰਧ ਸੀ, ਉਹ ਘਰ ਸ਼ੋਕ ਦਾ ਵੱਡਾ ਟਿਕਾਣਾ ਬਣ ਰਿਹਾ ਸੀ। ਰਾਤ ਪੈ ਗਈ, ਲੋਕੀਂ ਬੁਲਾ ਬੁਲਾਕੇ ਚਲੇ ਗਏ। ਇਕੱਲੀ ਮਾਈ ਹੁਣ ਘਬਰਾ ਦੇ ਘੇਰੇ ਵਿਚ ਇਕੱਲ ਝੱਲ ਰਹੀ ਹੈ। ਦੁਖ ਦੇ ਹੜ੍ਹ ਨੇ ਨਾਮ ਦੇ ਅੰਦਰ ਚਲ ਰਹੇ ਚੱਕਰ ਨੂੰ ਰੋੜ੍ਹਿਆ ਤਾਂ ਨਹੀਂ, ਪਰ ਲਹਿਰਾਂ ਦੀ ਉਹ ਬੁਛਾੜ ਵੱਜੀ ਹੈ ਕਿ ਹੜ੍ਹ ਤੇ ਕੱਪਰਾਂ ਭਰੇ ਦਰਿਆ ਵਿਚ ਤੂੰਬੀ ਦੀ ਦਸ਼ਾ ਵਾਲੀ ਦਸ਼ਾ ਹੋ ਰਹੀ ਹੈ। ਕਿਸੇ ਵੇਲੇ ਸੁਰਤ ਵਿਚੋਂ ਨਾਮ ਦੀ ਲੈ ਉਭਾਸਰਦੀ ਮਲੂਮ ਹੁੰਦੀ ਹੈ, ਕਿਸੇ ਵੇਲੇ ਗੁੰਮਦੀ ਜਾਪਦੀ ਹੈ। ਚੁੱਲ੍ਹੇ ਅੱਗ ਨਹੀਂ ਪਈ, ਚੌਕੇ ਪਾਣੀ ਨਹੀਂ ਆਇਆ। ਸਰੀਰ ਮਾਨੋਂ ਹਿੱਲਿਆ ਹੀ ਨਹੀਂ, ਮੰਜੇ ਤੇ ਸੌਣ ਤੱਕ ਨਹੀਂ ਗਿਆ, ਜਿਥੇ ਬੈਠਾ ਉਥੇ ਬੈਠਾ ਹੀ ਸੁੰਨ ਹੋ ਰਿਹਾ ਹੈ। ਅੱਧੀ ਕੁ ਰਾਤ ਬੀਤ ਗਈ, ਨੀਂਦ ਆਈ ਹੰਝੂ ਭਰੀਆਂ ਅੱਖਾਂ ਵਿਚ ਵੜਦੀ ਹੈ, ਪਰ ਹੰਝੂਆਂ ਦਾ ਹੜ ਆਈ ਨੀਂਦ ਨੂੰ ਮਾਨੋਂ ਬਾਹਰ ਰੋੜ੍ਹ ਲਿਜਾਂਦਾ ਹੈ। ਊਂਘਾਂ ਆਉਂਦੀਆਂ ਤੇ ਖੁੱਲ੍ਹ ਖੁੱਲ੍ਹ ਜਾਂਦੀਆਂ ਹਨ, 'ਹਾਇ! ਮੈਂ ਦੁਖੀਆ ਕੀਹ ਕਰਾਂ? ਕੀਕੂੰ ਉਡ ਮਿਲਾ? ਮੈਂ ਕਿਉਂ ਆਨੰਦ ਪੁਰਿ ਤੋਂ ਆ ਗਈ? ਅੱਜ ਪਿਆਰਿਆਂ ਦੇ ਨਾਲ ਦੁਖਾਂ ਵਿਚ ਦੁਖੀ ਹੁੰਦੀ, ਮੌਤ ਦੀ ਘਾਟੀ ਟੱਪਕੇ ਦੁੱਖਾਂ ਨਾਲ ਨੇਹੁੰ ਤੋੜਦੀ। ਪਰ ਵੱਸ ਦੀ ਖੇਡ ਨਹੀਂ, ਮੇਰੇ ਕੀ ਵੱਸ? ਮੇਰੇ ਕਰਮਾਂ ਦੇ ਵੱਸ। ... ਮੇਰੇ ਤਾਂ ਭਲਾ ਕਰਮ ਹੋਏ, ਜਗਤ ਗੁਰੂ ਦੇ ਕਰਮ ਕਾਹਦੇ? ਉਹਨਾਂ ਦੇ ਸਿਰ ਖੇਦ ਕਿਉਂ ਪਏ ਹਨ? ਕਰਮ ਨਹੀਂ! ਇਹ ਮਾਲਿਕ ਦੀ ਮਰਜ਼ੀ ਹੈ, ਵਾਹਿਗੁਰੂ ਦਾ ਕੋਈ ਗੁੱਝਾ ਭੇਤ ਹੈ ਜਿਥੇ ਮੇਰੀ ਪਹੁੰਚ ਨਹੀਂ। ਗੁਰੂ ਸਮਰੱਥ ਹੈ, ਉਸ ਨੇ ਕਿਉਂ ਐਸਾ ਹੋਣ ਦਿੱਤਾ? ਕੋਈ ਪ੍ਰਯੋਜਨ ਹੈ, ਜਿਸਦੀ ਮੈਨੂੰ ਸਾਰ ਨਹੀਂ। ਫੇਰ ਮੈਂ ਕਿਉਂ ਦੁਖੀ ਹਾਂ? ਏਹ ਪਹਿਲੀ ਗਿਆਨ ਸੂਰਜ ਦੀ ਕਿਰਨ ਸੀ ਜੋ ਗਮ ਦੀ ਘਨਘੋਰ ਘਟਾ ਨੂੰ ਪਾੜ ਕੇ ਨਿਕਲੀ, ਪਰ ਚਿੰਤਾ ਦੀ ਬੱਦਲ ਚਾਲ ਨੇ ਉਹ ਫੇਰ ਲੋਪ ਕਰ ਲਈ।

'ਆਹ! ਲੱਗੀਆਂ ਦੀ ਪੀੜ ਨੂੰ ਕੌਣ ਜਾਣੇ?

"ਸੋ ਕਤ ਜਾਨੈ ਪੀਰ ਪਰਾਈ
ਜਾਕੈ ਅੰਤਰਿ ਦਰਦੁ ਨ ਪਾਈ॥"

'ਨਾਮ ਵਾਲੀ ਹੋ ਕੇ ਮਾਈ ਰੁੜ ਗਈ!' ਇਹ ਹੈਰਾਨੀ ਦਾ ਪ੍ਰਸ਼ਨ ਹੈ ਜੋ ਹਰ ਕੋਈ ਕਰ ਸਕਦਾ ਹੈ। ਪਰ ਕੱਪਰਾਂ ਦੀ ਮਾਰ ਖਾਕੇ ਬਚ ਰਹਿਣਾ ਤੇ ਡੁੱਬਣਾ ਨਾ, ਘੁੰਮਣ ਘੇਰਾਂ ਵਿਚ ਆਉਣਾ ਤੇ ਨਿਕਲ ਜਾਣਾ "ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ॥" ਇਹ ਦਸ਼ਾ ਪ੍ਰਾਪਤ ਹੋਣੀ ਕਠਨ ਹੈ। ਮਾਈ ਦੀ ਸੁਰਤ ਗਮ ਤੇ ਵੀਚਾਰ ਦੇ ਘੋਲ ਵਿਚੋਂ ਪਲਟਾ ਖਾ ਗਈ। ਨਾਮ ਦੀ ਗੁਪਤ ਧੁਨੀ, ਜੋ ਪੱਕ ਗਈ ਹੋਈ ਸੀ, ਉੱਚੀ ਆ ਕੇ ਤਰ ਪਈ ਹੈ। ਸਮਝ ਆਈ ਜੋ ਕੁਛ ਹੋਇਆ ਮੈਂ ਨਹੀਂ ਕੀਤਾ, ਜਿਨ੍ਹਾਂ ਦੇ ਸਿਰ ਵਰਤਿਆ ਓਹ ਸਮਰੱਥ ਇਸਨੂੰ ਟਾਲ ਸਕਦੇ ਸੇ, ਉਹਨਾਂ

ਝੱਲਿਆ ਹੈ, ਮੈਂ ਬਉਰੀ ਹੁਣ "ਹਾਇ ਕੀ ਹੋਇਆ, ਹਾਇ ਕਿਉਂ ਹੋਇਆ, ਹਾਇ ਕੀਹ ਹੋ ਰਿਹਾ ਹੈ, ਤੇ ਹਾਇ ਕੀਹ ਹੋਵੇਗਾ" ਦੇ ਵਹਿਮਾਂ ਵਿਚ ਨਾਮ ਤੋਂ ਭੁੱਲ ਰਹੀ ਹਾਂ। ਸਗਲ ਰੋਗ ਦਾ ਦਾਰੂ ਨਾਮ ਹੈ। ਮੈਂ ਰੋਗੀ ਹਾਂ। "ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥" ਮੈਂ ਹੁਣ ਕਿਉਂ ਨਾ 'ਨਾਮ ਅਉਖਧੁ ਜਿਹ ਰਿਦੇ ਹਿਤਾਵੈ॥ ਤਾਹਿ ਰੋਗੁ ਸੁਪਨੈ ਨਹੀ ਆਵੈ॥" ਇਹ ਦਾਰੂ ਖਾਵਾਂ, ਇਹ ਵਿਚਾਰ ਸਾਵਧਾਨ ਹੋ ਗਈ। ਅੰਦਰ ਬੇਮਲੂੰਮ ਚਲ ਰਹੇ ਨਾਮ ਦੀ ਤਾਰੂ ਸ਼ਕਤੀ ਨੇ ਇਸ ਵੀਚਾਰ ਨੂੰ ਬਿਜੈਮਾਨ ਕਰ ਦਿੱਤਾ। ਮਾਈ ਉੱਠੀ, ਉਠ ਕੇ ਮੂੰਹ-ਹੱਥ ਧੋਤਾ, ਇਕ ਟੋਟਾ ਮਿਸਰੀ ਦਾ ਚਿੱਥ ਕੇ ਦੋ ਘੁੱਟ ਪਾਣੀ ਪੀਤਾ। ਗਲ ਪੱਲਾ ਪਾ ਕੇ ਖੜੋ ਗਈ, ਅਰਦਾਸਾ ਸੋਧਿਆ -

"ਹੇ ਚੋਜੀ ਗੋਬਿੰਦਾ! ਹੇ ਚੋਜੀ ਮੇਰੇ ਪਿਆਰਿਆ। ਤੇਰੇ ਚੋਜਾਂ ਦਾ ਤੂੰ ਜਾਣੂੰ। ਮੈਂ ਅਨਜਾਣ ਮੂਰਖ ਹਰਖ ਸ਼ੋਕ ਵਿਚ ਰੁੜ੍ਹ ਰਹੀ ਹਾਂ ਅਰ ਇਸ ਰੋੜ੍ਹ ਵਿਚ ਬੇਮੁਖ ਹੋ ਕੇ ਆਪ ਤੋਂ ਵਿਛੜ ਰਹੀ ਹਾਂ।

ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ॥
ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ॥

ਹੇ ਦਾਤਾ! ਨਾਮ ਮੈਨੂੰ ਦਾਨ ਕਰੋ, ਸਿਦਕ ਦਿਓ, ਰਜ਼ਾ ਤੇ ਖੜਾ ਕਰੋ, ਭਾਣਾ ਮਿੱਠਾ ਲੁਆਓ। '***ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ॥ ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ॥*** ਹੇ ਬਖਸ਼ਿੰਦ! ਪਿਆਰਿਆ ਨੂੰ ਤੱਤੀ ਵਾਉ ਨਾ ਲੱਗੇ, ਆਪ ਰਾਖਾ ਹੋਵੀਂ, ਆਪ ਸਲਾਮਤੀ ਦੇਵੀਂ, ਓਧਰ ਰਾਖਾ ਹੋ, ਇਧਰ ਦਾਤਾ ਹੋ। ਬਖਸ਼! ਬਖਸ਼!! ਐਉਂ ਢੇਰ ਚਿਰ ਅਥਰੂ ਕਿਰਦੇ ਪ੍ਰਾਰਥਨਾ ਕਰਦੀ ਸਾਵਧਾਨ ਹੋ ਕੇ ਨਾਮ ਦੇ ਗੇੜ ਵਿਚ ਲੱਗ ਪਈ। ਹੁਣ ਤਿੰਨ ਰੰਗ ਹੋ ਗਏ, ਨਾਮ ਜਪਦੀ ਹੈ, ਤੇ ਜਪਦੀ ਜਪਦੀ ਸੌਂ ਜਾਂਦੀ ਹੈ, ਸੁੱਤੀ ਦੇ ਕਾਲਜੇ ਵਿਚ ਚੂੰਢੀ ਜਿਹੀ ਭਰੀਂਦੀ ਹੈ, ਤ੍ਰਬ੍ਹਕ ਕੇ ਉੱਠਦੀ ਹੈ ਤੇ ਕਹਿੰਦੀ ਹੈ, ਹਾਂ ਦੁਖ ਦਾਰੂ ਹੈ, ਪਿਆਰੇ ਨੇ ਮਿੱਠੇ ਨੇ, ਦਿੱਤਾ ਹੈ, ਭਾਵੇਂ ਕੌੜਾ ਹੈ, ਪਰ ਹੈ ਕਾਰੀ ਦਾਰੂ। ਹਾਇ! ਗੁਰੂ ਆਪ ਦੇਂਦਾ ਹੈ ਤੇ ਮੈਂ ਤ੍ਰਬ੍ਹਕਦੀ ਹਾਂ ਤੇ ਹੁਕਮ ਤਾਂ ਇਹ ਹੈ -

ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ॥

ਇਹ ਦਾਰੂ ਤਾਂ ਭਾਲਕੇ ਬੀ ਖਾਣਾ ਚਾਹੀਏ, ਵੱਟ ਕਸੀਸ ਤੇ ਲੱਗ ਮੇਰੇ ਮਨ! ਕਹੁ ਸ੍ਰੀ ਵਾਹਿਗੁਰੂ, ਬੱਸ, ਹੁਣ ਨਾਮ ਵਿਚ ਜਾਹੁ।

ਐਦਾਂ ਹੁਣ ਨਾਮ ਵਿਚ ਲਗਿਆਂ ਜਾਗਦਿਆ ਸੌਂਦਿਆਂ ਅੰਮ੍ਰਿਤ ਵੇਲਾ ਆ ਗਿਆ। ਉਂਞ ਤਾਂ ਸਾਰੀ ਰਾਤ ਹੀ ਚਿੰਤਾ ਤੇ ਵੀਚਾਰ ਦੇ ਜੁੱਧ ਵਿਚ ਮਨ ਨੂੰ ਲੰਘ ਗਈ ਸੀ, ਪਰ ਹੁਣ ਫੇਰ ਮਨ ਨੂੰ ਇਕ ਨਿੱਕਾ ਜਿਹਾ ਰੋੜ੍ਹਾ ਪਿਆ। ਜਨਮ, ਕੁੜਮਾਈ, ਵਿਆਹ, ਸੰਸਾਰ ਦੇ ਸੁਖ, ਔਲਾਦ, ਔਲਾਦ ਦੇ ਸੁਖ ਆਦਿ ਸਾਰੇ ਹੱਸਣੇ ਰੱਸਣੇ ਦਰਸ਼ਨ ਅੱਖਾਂ ਅੱਗੋਂ ਪਲਕਾਰਾ ਮਾਰਕੇ ਲੰਘੇ ਤੇ ਇਕੱਲ ਨੇ ਇਕ ਝਟਕਾ ਮਾਰਿਆ। ਐਸ ਵੇਲੇ ਬੂਹਾ ਖੜਕਿਆ। ਕੌਣ ਹੈ? ਸਾਰੇ ਸਤਿਸੰਗੀ। ਇਹ ਕਿਉਂ ਆਏ ਹਨ? ਧਰਮਸਾਲ ਵਿਚ ਇਹ ਵੀਚਾਰ ਹੋਈ ਕਿ ਅਜ ਸਤਿਸੰਗ ਮਾਈ ਦੇ ਘਰ ਲੱਗੇ, ਵਾਰ ਓਥੇ ਚੱਲਕੇ ਆਰੰਭੀਏ। ਇਸ ਲਈ ਕਿ ਅਅਜ ਦੀ ਸੱਟ ਬਹੁਤ ਕਰੜੀ ਹੈ, ਮਤੇ ਮਾਈ ਟੁਰਕੇ ਏਥੇ ਨਾ ਆ ਸਕੇ। ਦੁਖੀ ਤਾਂ ਸਾਰੇ ਹਾਂ ਪਰ 'ਰਜ਼ਾ' ਸਤਿਗੁਰ ਨੇ ਸਿਰ ਰੱਖਣੀ ਸਿਖਾਈ ਹੈ। ਸਾਰੇ ਰਲਕੇ ਰਜ਼ਾ ਦੀ ਸੰਧਯਾ ਪੜੀਏ। ਇਹ ਦਿੱਸਦਾ ਆਸਰਾ, ਹਾਂ ਦਿੱਸਦੇ ਭਲੀਂਦੇ ਸਤਿਸੰਗ ਦਾ ਆਸਰਾ ਪਾ ਕੇ ਮਾਈ ਦੀ ਪ੍ਰਪੱਕ ਹੋ ਰਹੀ ਸੁਰਤ ਤਕੜੀ ਹੋ ਗਈ ਤੇ ਇਹ ਆਸਰਾ ਪਾਕੇ ਹੰਭਲਾ ਮਾਰਕੇ ਉੱਠੀ। ਬੂਹਾ ਖੁਹਲਿਆ। ਆਦਰ ਨਾਲ ਬਿਠਾਇਆ, ਸਤਿਸੰਗ ਦਾ ਸ਼ੁਕਰ ਕੀਤਾ, ਹੱਥ ਜੋੜੇ, 'ਧੰਨ ਧੰਨ ਸਤਿਸੰਗ' ਕਈ ਵਾਰ ਆਖਿਆ। ਪਰ ਸਤਿਸੰਗੀ ਤਾਂ ਪਿਆਰ ਕਰਨ ਆਏ ਸੇ ਆਦਰ ਲੈਣ ਨਹੀਂ ਸੇ ਆਏ, ਮਾਈ ਦੀ ਧੰਨ ਮੰਨ ਕੇ ਸਭ ਨੇ ਦੀਵਾਨ ਸਜਾ ਦਿੱਤਾ ਤੇ ਵਾਰ ਲਾ ਦਿੱਤੀ। ਮਾਈ ਦੀ ਸੁਰਤ ਹੁਣ ਨਾਮ ਵਿਚ ਚੜ੍ਹੀ ਅਰ ਉੱਚੇ ਮੰਡਲਾਂ ਵਿਚ ਪਹੁੰਚ ਕੇ ਟਿਕ ਗਈ। ਬੀਤ ਗਈ ਅਰ ਐਉਂ ਬੀਤ ਗਈ ਤੀਸਰੀ ਔਖੀ ਰਾਤ।

ਡਾਕਦਾਰਨੀ - ਵਾਹ ਵਾਹ! ਧੰਨ ਸਤਿਸੰਗ ਹੈ। ਜੇ ਮੈਨੂੰ ਤੁਸਾਡੇ ਸੁਹਣੇ ਸਤਿਸੰਗ ਦਾ ਆਸਰਾ ਨਾ ਹੁੰਦਾ ਤਾਂ ਮੈਂ ਬੀ ਰੁੜ੍ਹ ਹੀ ਜਾਂਦੀ। ਸ਼ੁਕਰ ਹੈ। .... ਬੀਬੀ ਭੈਣ, ਧੰਨ ਹੈਸੀ ਮਾਈ ਸਭਰਾਈ। ਸਤਿਗੁਰ ਦੇ ਐਡੇ ਕਰੜੇ ਖੇਦ ਸੁਣਕੇ ਅਸੀਂ ਅੱਜ ਰੁੜ੍ਹ ਜਾਂਦੇ ਹਾਂ, ਧੰਨ ਸੀ ਉਹ ਮਾਈ ਜੋ ਏਡੀ ਨੇੜੇ ਦੀ ਸਾਕਾਦਾਰੀ ਵਾਲੀ ਹੋਕੇ ਗਮਾਂ ਦੇ ਸਮੁੰਦਰ ਵਿਚ ਲਹਰ - ਪਛਾੜ ਝਲ ਝਲਕੇ ਫੇਰ ਤਰ ਨਿਕਲਦੀ ਹੈ।

ਬੀਬੀ ਜੀ! ਮੈਂ ਮੂਰਖ ਨੇ ਇਕ ਗੱਲ ਪੁੱਛਣੀ ਹੈ, ਉਦਾਸ ਤਾਂ ਨਾਂ ਹੋਸੋ? ਕਿ ਏਡੇ ਸੁਹਣੇ ਉਪਦੇਸ਼ ਇਕ ਜਿੰਦੜੀ ਦੇ ਅੱਖਾਂ ਅੱਗੇ ਆ ਕੇ ਰਸਤਾ ਦਿਖਾ ਰਹੇ ਹਨ ਦੁਖੀਆਂ ਨੂੰ ਦੁੱਖਾਂ ਦੀ ਨੈਂ ਨੂੰ ਤਰ ਨਿਕਲਣ ਦੇ, ਪਰ ਮੇਰੇ ਇਸ ਮਨ ਨੂੰ ਫੇਰ ਸੰਸੇ ਫੁਰਦੇ ਹਨ।

ਸੁਭਾਗ - ਨਾ ਭੈਣ, ਸੰਸਾ ਤਾਂ ਹੋਇਆ ਇਹ ਸੰਸਾਰ। ਇਹੋ ਹੈ ਸਮੁੰਦਰ ਜੋ ਤਰਨਾ ਹੈ। ਇਹੋ ਹੈ ਪਰਦਾ ਸਾਡੇ ਤੇ ਸਾਈਂ ਵਿਚਕਾਰ। ਇਹ ਸਾਨੂੰ ਉਪਜਣਾ, ਗੁਰਬਾਣੀ ਨੇ ਇਸ ਨੂੰ ਕੱਟਣਾ, ਨਾਮ ਨੇ ਇਸ ਉਤੇ ਤਰ ਨਿਕਲਣ ਦੀ

ਦੇਣੀ ਤਾਰੂ ਸ਼ਕਤੀ। ਹੈਂ ਜੀ ਪੁਛੋ ਜੀ ਸਦਕੇ।

ਡਾਕਦਾਰਨੀ - ਇਹ ਦੁਖ ਆਏ ਮਾਈ ਨੂੰ, ਇਨ੍ਹਾਂ ਵਿਚ ਕਈ ਕਈ ਦਿਨ ਲੰਘਦੇ ਹੋਣਗੇ ਤੇ ਏਹ ਹਾਲ ਰਾਤ ਦਿਨ ਰਹਿੰਦੇ ਹੋਣਗੇ, ਪਰ ਨਿਕੀ ਇਕੋ ਇਕ ਰਾਤ ਉਖੇਰੀ ਦਿਖਾਈ ਹੈ। ਕੀ ਮਾਈ ਦਿਨੇ ਦੁਖੀ ਨਹੀਂ ਸੀ ਹੁੰਦੀ ਤੇ ਰਾਤ ਨੂੰ ਹੀ ਹੁੰਦੀ ਸੀ ਤੇ ਰਾਤ ਬੀ ਫੇਰ ਇਕੋ ਰਾਤ? ਕੀ ਅਗਲੀ ਰਾਤ ਨੂੰ ਮਾਈ ਪਾਰਗਿਰਾਮੀ ਹੋ ਜਾਂਦੀ ਸੀ?

ਸੁਭਾਗ ਮੁਸਕ੍ਰਾ ਪਈ ਤੇ ਫੇਰ ਵੀਚਾਰਵਾਨ ਹੋ ਕੇ ਕਹਿਣ ਲਗੀ ਭੈਣ ਜੀ, ਜਿਸ ਵੇਲੇ ਸੱਟ ਸਿਰ ਤੇ ਪੈਂਦੀ ਹੈ ਜਾਂ ਸੱਟ ਦੀ ਸੋ ਸੁਣਾਈ ਦਿੰਦੀ ਹੈ, ਉਸ ਵੇਲੇ ਸਦਮਾ ਕਹਿਰਾਂ ਦਾ ਹੁੰਦਾ ਹੈ। ਪਰ ਉਸ ਵੇਲੇ ਸਾਕ ਸੰਬੰਧ ਆ ਜੁੜਦੇ ਹਨ, ਉਨ੍ਹਾਂ ਦੇ ਪਿਆਰ ਤੇ ਸਾਡੇ ਦਰਦ ਵਿਚ ਦਰਦੀ ਹੋਣ ਕਰ ਕੇ ਦੁਖ ਦੂਰ ਤਾਂ ਨਹੀਂ ਹੁੰਦਾ, ਪਰ ਉਸ ਵੇਲੇ ਲਈ ਵੰਡੀਜ ਜਾਂਦਾ ਹੈ ਤੇ ਸਮਾਂ ਲੰਘ ਜਾਂਦਾ ਹੈ। ਰਾਤ ਜਦ ਸਾਰੇ ਚਲੇ ਜਾਂਦੇ ਹਨ ਤੇ ਘਰ ਵਿਚਲੇ ਬੀ ਸੌਂ ਜਾਂਦੇ ਹਨ ਤਾਂ ਜਿਸ ਨੂੰ ਸਿਰਦੀ ਸੱਟ ਪਈ ਹੈ ਉਸ ਨੂੰ ਇਕੱਲ ਹੋ ਜਾਂਦੀ ਹੈ। ਨੀਂਦ ਉਸਨੂੰ ਪੈਂਦੀ ਨਹੀਂ, ਪੈਂਦੀ ਹੈ ਤਾਂ ਉਟਕਦੀ ਹੈ। ਉਸ ਇਕੱਲ ਤੇ ਉਨੀਂਦੇ ਵਿਚ ਮਨ ਤੇ ਸਰੀਰ ਢਿੱਲੇ ਹੁੰਦੇ ਹਨ, ਚਿੰਤਾ ਦੇ ਵਾਰ ਤਕੜੇ ਪੈਂਦੇ ਹਨ ਤੇ ਮਨ ਦਾ ਰੁਖ ਢਹਿੰਦੀਆਂ ਕਲਾਂ ਵਲ ਨੂੰ ਜਾਂਦਾ ਹੈ। ਦੁਖ ਦੀ ਬਹੁੱਲਤਾ ਹੋਣ ਕਰਕੇ ਉਸ ਰਾਤ ਵਿਚ ਦਾ ਦੁਖ ਤੇ ਦੁਖ ਤੋਂ ਤਰ ਨਿਕਲਣ ਦਾ ਵਰਣਨ ਹੋਇਆ ਹੈ। ਹੋਰ ਅਗਲੇ ਦਿਨ ਤੇ ਅਗਲੀਆਂ ਰਾਤਾਂ ਵਿਚ ਚਿੰਤਾਂ ਦੇ ਰੋੜ੍ਹੇ ਪੈਣੇ ਅਨਹੋਣੇ ਤਾਂ ਨਹੀਂ ਹਨ। ਆਪਣੇ ਵਲ ਤੱਕ ਲਓ ਤਾਂ ਪਹਿਲੀ ਰਾਤ ਬਾਬਾ ਜੀ ਨੇ, ਜਦ ਸਾਰੇ ਚਲੇ ਗਏ ਸਨ, ਤਾਂ ਆਪਦੇ ਸਾਰੇ ਪਰਵਾਰ ਨੂੰ ਕੀਕੂੰ ਸੰਭਾਲੀ ਰਖਿਆ ਸੀ। ਇਹ ਤਾਂ ਨਹੀਂ ਸਾਨੇ ਕੀਤਾ ਕਿ ਅਗਲੇ ਦਿਨ ਫੇਰ ਟੁਰ ਜਾਣ। ਕਿੰਨੇ ਦਿਨ ਰਹੇ ਤੇ ਸਹਾਰਾ ਦੇਂਦੇ ਰਹੇ ਸਨ। ਹੁਣ ਬੀ ਮੈਨੂੰ ਤਾਹੀਓ ਛੋੜ ਗਏ ਹਨ ਕਿ ਸਾਰੇ ਸਤਿਸੰਗੀਆਂ ਦੇ ਚਲੇ ਜਾਣ ਮਗਰੋਂ ਤੁਸਾਨੂੰ ਮਤੇ ਟੋਟ ਪਏ ਤੇ ਉਸ ਵੇਲੇ ਮੈਂ ਕੋਲ ਹੋਵਾਂਗੀ ਤਾਂ ਸਹਾਰਾ ਦਿਆਂਗੀ। ਇਸ ਦਾ ਇਹ ਬੀ ਅਰਥ ਨਹੀਂ ਕਿ ਸਤਿਸੰਗੀਆਂ ਨੂੰ ਸਾਈਂ ਨਾਮ ਤੋਂ ਅਚੇਤ ਲੋਕਾਂ ਨਾਲੋਂ ਵਧੀਕ ਸਹਾਰੇ ਦੀ ਲੋੜ ਪੈਂਦੀ ਹੈ। ਸਤਿਸੰਗੀ ਤਾਂ ਇਸ ਕਰ ਕੇ ਇਸ ਵੇਲੇ ਪਿਆਰ ਕਰਦੇ ਹਨ ਕਿ ਇਨ੍ਹਾਂ ਦੇ ਅੰਦਰ ਨਾਮ ਦਾ ਜਤਨ ਹੈ, ਜੋ ਅਜੇ ਪ੍ਰਪੱਕ ਨਹੀਂ ਹੋਇਆ, ਕਿਤੇ ਐਸਾ ਨਾ ਹੋਵੇ ਕਿ ਚਿੰਤਾ ਦੇ ਰੋੜ੍ਹ ਵਿਚ ਉਹ ਤਰਲਾ ਹਥੋਂ ਨਿਕਲ ਜਾਏ। ਹੋਰ ਨਾਮ ਤੋਂ ਅਚੇਤ ਲੋਕਾਂ ਨਾਲੋਂ ਨਾਮ ਦੇ ਅਭਿਆਸੀ ਵਧੇਰੇ ਤਕੜੇ ਹੁੰਦੇ ਹਨ ਤੇ ਦੁਖਾਂ ਨੂੰ ਵਧੇਰੇ ਜੇਰੇ ਨਾਲ ਝੱਲਦੇ ਹਨ। ਲੋੜ ਹੁੰਦੀ ਹੈ ਤਾਂ ਉਨ੍ਹਾਂ ਦੇ ਅੰਦਰਲੇ ਨਾਮ ਧਨ ਨੂੰ ਬਚਾਉਣ ਦੀ। ਅਚੇਤ ਲੋਕ ਹਠ ਦੇ ਆਸਰੇ, ਜਾਂ ਦਿਲ ਭੁਲਾਵਿਆਂ ਨਾਲ, ਜਾਂ ਸਮੇਂ ਦੇ ਬੀਤਣ ਨਾਲ ਵਿਛੋੜਿਆਂ ਨੂੰ ਭੁੱਲਦੇ ਹਨ। ਨਾਮ ਦੇ ਤਰਲੇ ਵਾਲੇ ਛੇਤੀ ਦੁਖ ਦੀ ਪਛਾੜ ਤੋਂ ਉੱਚੇ ਉਠਦੇ ਹਨ ਤੇ ਆਪਣੀ ਖੇਪ ਬਚਾਉਂਦੇ ਹਨ ਅਤੇ ਸਾਈਂ ਦੀ ਰਜ਼ਾ ਵਿਚ ਮਰਜੀ ਮੇਲ ਕੇ ਅੰਤਰ ਆਤਮੇ ਸੁਖ ਤੇ ਟਿਕਾਉ ਦੇ ਘਰ ਆ ਜਾਂਦੇ ਹਨ।

ਡਾਕਦਾਰਨੀ - ਠੀਕ ਹੈ।

ਸੁਭਾਗ - ਲਓ ਹੁਣ ਬਾਕੀ ਰਾਤਾਂ ਕਲ ਪੜ੍ਹਾਂਗੇ।

ਡਾਕਦਾਰਨੀ - ਸਤਿਬਚਨ। ਤੁਸਾਨੂੰ ਮੇਰੇ ਪਾਸ ਰਹਿ ਕੇ ਮੈਨੂੰ 'ਸਾਈਂ ਦੀ ਰਜ਼ਾ ਵਿਚ ਮਰਜ਼ੀ ਮੇਲਕੇ ਟੁਰਨ' ਤੇ 'ਨਾਮ ਦੇ ਜਤਨ ਵਿਚ ਢਿੱਲੇ ਨਾ ਪੈਣ ਦੇਣ' ਲਈ ਜੋ ਮਿਹਨਤ ਪੈ ਰਹੀ ਹੈ, ਮੈਂ ਉਸਦੀਆਂ ਦੇਣੀਆਂ ਨਹੀਂ ਦੇ ਸਕਦੀ। ਸਾਈਂ ਤੁਹਾਡੀ ਵਾਹਿਗੁਰੂ ਨਾਲ ਰਹਿ ਬਣ ਆਵੇ।

ਅਗਲੇ ਦਿਨ ਫਿਰ ਦੁਇ ਰਲ ਬੈਠੀਆਂ ਤੇ ਸੁਭਾਗ ਨੇ ਅਗੋਂ ਪੋਥੀ ਵਾਚੀ।

ਇਨਕਮ ਟੈਕਸ (Income Tax) ਦੇ ਰਹੇ ਪ੍ਰੇਮੀਆਂ ਲਈ ਖੁਸ਼ਖਬਰੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਨੂੰ ਦਾਨ ਦੇਣ ਵਾਲੇ ਪ੍ਰੇਮੀ ਹੁਣ ਦਿਤੀ ਰਕਮ ਦੀ 50% ਰਾਸ਼ੀ ਤੇ ਇਨਕਮ ਟੈਕਸ ਛੋਟ ਲੈ ਸਕਦੇ ਹਨ। ਕਮਿਸ਼ਨਰ ਇਨਕਮ ਟੈਕਸ ਵਲੋਂ ਜਾਰੀ ਪੱਤਰ ਨੰ. CIT/CHD-II/80G/2001-2002/3050 ਮਿਤੀ 22.2.2002/ 6.3.2002 ਅਨੁਸਾਰ ਇਹ ਛੋਟ I.T. Act, 1961 (43 of 1961) ਦੀ ਧਾਰਾ 80G ਅਧੀਨ 1.4.2001 ਤੋਂ 31.3.2004 ਤੱਕ ਲਾਗੂ ਰਹੇਗੀ। ਛੋਟ ਲੈਣ ਲਈ ਇਨਕਮ ਟੈਕਸ ਰੀਟਰਨ ਭਰਨ ਸਮੇਂ ਮਿਸ਼ਨ ਵਲੋਂ ਪ੍ਰਾਪਤ ਰਸੀਦ ਨਾਲ ਲਾਵੋ ਜੀ।

(ਪੰਨਾ 58 ਦੀ ਬਾਕੀ)

ਵਿਚ ਬੈਠ ਕੇ ਗਹੁ ਨਾਲ ਦੇਖਿਆ ਜਾਏ ਤਾਂ ਪਤਾ ਲਗੇਗਾ ਕਿ ਆਦਮੀ ਦੇ ਦਿਮਾਗ਼ ਵਿਚ ਹਮੇਸ਼ਾਂ ਕਿਸੇ ਨਾ-ਮਾਲੂਮ ਸੋਮੇ ਤੋਂ ਖਿਆਲ ਉਠਦੇ ਰਹਿੰਦੇ ਹਨ, ਜਿਨ੍ਹਾਂ ਦੀ ਰੋਸ਼ਨੀ ਜਾਂ ਪ੍ਰੇਰਨਾ ਅਨੁਸਾਰ ਆਦਮੀ ਆਪਣੇ ਕੰਮ ਕਾਰਜ ਕਰਦਾ ਹੈ। ਇਹ ਖਿਆਲ ਹਰ ਇਕ ਆਦਮੀ ਦੀ ਆਤਮਕ ਅਵਸਥਾ ਦੇ ਹਿਸਾਬ ਨਾਲ ਆਉਂਦੇ ਹਨ ਪਰ ਇਨ੍ਹਾਂ ਦੇ ਆਉਣ ਦਾ ਸੋਮਾ ਇਕੋ ਹੀ ਹੈ। ਇਸ ਸੋਮੇ ਨੂੰ ਆਤਮਕ ਬੋਲੀ ਵਿਚ 'ਬ੍ਰਹਮ' ਆਖਦੇ ਹਨ। ਇਸ ਕਰਕੇ ਕੁਲ ਦੁਨੀਆਂ ਦੇ ਜੀਵਾਂ ਦੀ ਰਹਿਨੁਮਾਈ 'ਬ੍ਰਹਮ' ਤੋਂ ਹਰ ਇਕ ਜੀਵ ਦੀ ਅਵਸਥਾ ਅਨੁਸਾਰ ਹੁੰਦੀ ਰਹਿੰਦੀ ਹੈ -

ਜੇ ਹਰਿ ਲੋੜੈ ਸੋ ਕਰੇ ਸੋਈ ਜੀਅ ਕਰੰਨਿ॥ਪੰਨਾ - 134

ਭਾਵੇਂ ਇਹ ਰਹਿਨੁਮਾਈ ਆਮ ਤੌਰ ਤੇ ਜੀਵਾਂ ਦੇ ਅੰਦਰੋਂ ਉਤਪੰਨ ਹੁੰਦੀ ਹੈ ਪਰ ਇਹ ਕਹਿਣਾ ਦਰੁਸਤ ਨਹੀਂ ਕਿ ਇਸ ਰਹਿਨੁਮਾਈ ਦਾ ਸਿਵਾਏ ਜੀਵਾਂ ਦੇ ਅੰਦਰੋਂ ਆਉਣ ਦੇ ਹੋਰ ਕੋਈ ਜ਼ਰੀਆ ਜਾਂ ਰਸਤਾ ਨਹੀਂ। ਜਦ ਜੀਵ ਆਪਣੇ ਅੰਦਰੋਂ ਇਸ ਰਹਿਨੁਮਾਈ ਨੂੰ ਚੰਗੀ ਤਰ੍ਹਾਂ ਅਨੁਭਵ ਨਾ ਕਰੇ ਜਾਂ ਇਸ ਦੇ ਚੰਗੀ ਤਰ੍ਹਾਂ ਅਰਥ ਨਾ ਸਮਝ ਸਕੇ ਤਾਂ ਕਈ ਵਾਰੀ ਇਹ ਰਹਿਨੁਮਾਈ ਬਾਹਰੋਂ ਕਿਸੇ ਅਸਥੂਲ ਜ਼ਰੀਏ ਰਾਹੀਂ ਵੀ ਹੋ ਸਕਦੀ ਹੈ। ਸੱਚ ਦੇ ਖੋਜੀਆਂ ਦੀਆਂ ਆਤਮਕ ਰਸਤੇ ਤੇ ਆਈਆਂ ਕਈ ਰੁਕਾਵਟਾਂ ਇਸ ਤਰੀਕੇ ਨਾਲ 'ਬ੍ਰਹਮ' ਵਲੋਂ ਦੂਰ ਹੁੰਦੀਆਂ ਰਹਿੰਦੀਆਂ ਹਨ।

ਜੋ ਸ਼ਖਸ਼ ਇਨਸਾਨ ਦੀਆਂ ਖਿਆਲ ਤਰੰਗਾਂ (Thought waves) ਦਾ ਸੋਮਾ 'ਬ੍ਰਹਮ' ਮੰਨਦਾ ਹੈ, ਉਸ ਲਈ ਇਹ ਗੱਲ ਸਮਝਣੀ ਮੁਸ਼ਕਲ ਨਹੀਂ ਕਿ 'ਬ੍ਰਹਮ' ਜੇ ਚਾਹੇ ਤਾਂ ਅੰਦਰ ਦੀ ਬਜਾਏ, ਬਾਹਰ ਦੇ ਅਨੇਕ ਤਰੀਕਿਆਂ ਰਾਹੀਂ ਇਨਸਾਨ ਦੀ ਅਗਵਾਈ ਕਰ ਸਕਦਾ ਹੈ। ਇਨਸਾਨ ਦੇ ਕਰਮ ਉਸ ਦੇ ਖਿਆਲਾਂ ਅਨੁਸਾਰ ਹੁੰਦੇ ਹਨ ਅਤੇ ਇਹ ਖਿਆਲ ਉਸ ਨੂੰ ਉਸ ਦੀ ਅਵਸਥਾ ਅਨੁਸਾਰ ਅਕਾਲ ਪੁਰਖ ਤੋਂ ਆਉਂਦੇ ਰਹਿੰਦੇ ਹਨ। ਕਦੀ ਅੰਦਰੋਂ ਅਤੇ ਕਦੀ ਬਾਹਰ ਦੇ ਵਸੀਲਿਆਂ ਤੋਂ ਰੱਬੀ ਰਹਿਨੁਮਾਈ ਨੂੰ ਮੈਂ 'ਅਕਾਸ਼ ਬਾਣੀ' ਆਖਦਾ ਹਾਂ -

ਜਿਤੁ ਮਾਰਗਿ ਤੁਮ ਪ੍ਰੇਰਹੁ ਸੁਆਮੀ॥
ਤਿਤੁ ਮਾਰਗਿ ਹਮ ਜਾਤੇ॥ *ਪੰਨਾ - 169*

(ਇਥੋਂ ਕੱਟ ਕੇ ਭੇਜੋ ਜੀ)

MEMBERSHIP FORM ✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

SUBSCRIPTION (ਦੇਸ਼)

ਸਾਲਾਨਾ	ਜੀਵਨ ਕਾਲ	ਫੀ ਕਾਪੀ
200/-	2000/-	20/-
220/-	2020/-	

SUBSCRIPTION ਵਿਦੇਸ਼

	Annual	Life
U.S.A.	50 US$	500 US$
U.K.	30 £	300 £
Aus.	80 $	800 $
Europ	50 Euro	500 Euro

ਨਾਮ/Name .....

ਪਤਾ/Address .....

.....

.....

.....Pin Code.....

Phone..... Email :.....

ਮੈਂ.....ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.....ਮਿਤੀ.....ਰਾਹੀਂ ਭੇਜ ਰਿਹਾ ਹਾਂ।

ATAM MARG MONTHLY MAGAZINE ਦਸਖਤ.....

Gurdwara Ratwara Sahib, P.o. Mullanpur Garibdas, Distt. Ropar (Pb.) Pin - 140901

Phone : 0160-2255002, Fax : 0160-2255009, Email : atammarg@glide.net.in, www.ratwarasahib.org

ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

ਐਤਵਾਰ – 03, 10, 17, 24, 31 ਅਕਤੂਬਰ।

ਸੰਗਰਾਂਦ - 15 ਅਕਤੂਬਰ, ਦਿਨ ਸ਼ੁਕਰਵਾਰ ।

ਪੂਰਨਮਾਸ਼ੀ - 28 ਅਕਤੂਬਰ, ਦਿਨ ਵੀਰਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਹਾਂਪੁਰਸ਼ਾਂ ਦੀ ਤੀਸਰੀ ਬਰਸੀ ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਮਿਤੀ 30, 31 ਅਕਤੂਬਰ ਅਤੇ 1, 2 ਨਵੰਬਰ 2004 ਨੂੰ ਬਹੁਤ ਪਿਆਰ ਨਾਲ ਮਨਾਈ ਜਾ ਰਹੀ ਹੈ।

ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਵਲੋਂ ਹਸਪਤਾਲ ਵਾਸਤੇ ਮਾਇਆ ਭੇਜੀ ਜਾਂਦੀ ਹੈ ਉਹ ਹੇਠ ਲਿਖੇ ਹਸਪਤਾਲ ਅਕਾਊਂਟ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ ਜੀ –

-:Postal Address :-
Vishav Gurmat Roohani Mission Charitable Trust, (Hospital A/C)
Gurdwara Ishar Parkash,
Ratwara Sahib
P.O. Mullanpur Garibdass
Via : Chandigarh.
Distt. Ropar (Pb)-140901

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

		ਪੰਜਾਬੀ	ਹਿੰਦੀ
1.	ਸੁਰਤਿ ਸਬਦਿ ਮਾਰਗ	50/	70/-
2.	ਕਿਵ ਕੂੜੈ ਤੁਟੈ ਪਾਲਿ	40/-	35/-
3.	ਬਾਤ ਅਗੰਮ ਕੀ - ਸੱਤ ਭਾਗਾਂ ਵਿਚ	155/-	235/-
4.	ਕਿਵ ਸਚਿਆਰਾ ਹੋਈਐ - ਭਾਗ ਪਹਿਲਾ	30/-	35/-
5.	ਕਿਵ ਸਚਿਆਰਾ ਹੋਈਐ - ਭਾਗ ਦੂਜਾ	60/-	65/-
6.	ਕਿਵ ਸਚਿਆਰਾ ਹੋਈਐ - ਭਾਗ ਤੀਜਾ	80/-	100/-
7.	ਹੋਵੈ ਅਨੰਦੁ ਘਣਾ	25/-	30/-
8.	ਚਉਥੈ ਪਹਰਿ ਸਬਾਹ ਕੈ	55/-	60/-
9.	ਸੁਰਤਿਆਂ ਉਪਜੈ ਚਾਉ	40/-	40/-
10.	ਬਾਬਾਣੀਆਂ ਕਹਾਣੀਆਂ	50/-	50/-
11.	ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ	10/-	10/-
12.	ਅੰਮ੍ਰਿਤ ਫੁਹਾਰ	10/-	10/-
13.	ਅਗੰਮ ਅਗੋਚਰ ਦਾ ਮਾਰਗ	60/-	70/-
14.	ਪੁਰਾਤਨ ਟੀਕਾ - ਜਪੁਜੀ ਸਾਹਿਬ	10/-	15/-
15.	ਅਮਰ ਜੋਤਾਂ	15/-	15/-
16.	ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ	5/-	5/-
17.	ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ	70/-	
18.	ਅਮਰ ਗਾਥਾ	100/-	100/-
19.	ਧਰਮ ਯੁਧ ਕੇ ਚਾਇ	50/-	
20.	ਪਵਿਤਰ ਪੈਂਡਾ	25/-	
21.	ਭਗਤ ਪ੍ਰਹਿਲਾਦ	10/-	10/-
22.	ਵੈਸਾਖੀ	10/-	
23.	ਰਾਜ ਯੋਗ	25/-	
24.	ਸਾਜਨ ਚਲੇ ਪਿਆਰਿਆ	10/-	10/-
25.	ਅਬਿਨਾਸੀ ਜੋਤ ਭਾਗ-1	90/-	
26.	ਅਬਿਨਾਸੀ ਜੋਤ ਭਾਗ-2	90/-	
27.	ਰੂਹਾਨੀ ਗੁਲਦਸਤਾ -1	60/-	
28.	ਰੂਹਾਨੀ ਗੁਲਦਸਤਾ - 2	60/-	
29.	ਸੰਤ ਤੁਮਾਰੇ ਤੁਮਰੇ ਪ੍ਰੀਤਮ	50/-	

English Version	Price
1. Baisakhi	Rs. 5/-
2. How Rend The Veil of Untruth	Rs. 70/-
C. Discourses on the Beyond-1	Rs 50/-
4. Discourses on the Beyond -2	Rs. 50/-
5. Discourses on the Beyond -3	Rs. 50/-
6. Discourses on the Beyond -4	Rs. 60/-
7. Discourses on the Beyond -5	Rs. 60/-
8. The way to the imperceptible	Rs. 80/-
9. The Lights Immortal	Rs. 20/-
10. Transcendental Bliss	Rs. 70/-
11. How to Know Thy Real Self-(Vol-1)	Rs. 80/-
12. How to Know Thy Real Self-(Vol-2)	Rs. 80/-
13. How to Know Thy Real Self-(Vol-3)	Rs. 110/-
14. The Dawn of Khalsa Ideals	Rs. 10/-
15. A Glimpse of His Holiness - Baba ji	Rs. 5/-